• ਸ਼ਨੀਵਾਰ, 15 ਅਗਸਤ, 2026 • 31 ਸਾਉਣ • ਨਾਨਕਸ਼ਾਹੀ 558 • ਬਿਕਰਮੀ 2083 • ਜਿਲਦ/VOL. : 75 • ਅੰਕ/NO. : 75

# ਨਵਾਂ ਜ਼ਮਾਨਾ

DAILY NAWAN ZAMANA • SATURDAY, 15 AUGUST, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

ਪੰਜਾਬ ਸਰਕਾਰ GOVT. OF PUNJAB

# 80ਵੇਂ

# ਆਜ਼ਾਦੀ ਦਿਹਾੜੇ

## ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

"ਅਸੀਂ ਪੰਜਾਬੀ ਦੇਸ਼ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਸਤੇ ਹਮੇਸ਼ਾ ਮੂਹਰਲੀ ਕਤਾਰ ਵਿੱਚ ਖੜ੍ਹੇ ਰਹੇ ਹਾਂ।

ਅਸੀਂ ਪੰਜਾਬੀ ਆਪਣੀ ਮਿਹਨਤ ਨਾਲ ਦੇਸ਼ ਦਾ ਢਿੱਡ ਭਰਦੇ ਆਏ ਹਾਂ ਅਤੇ ਅਨਾਜ ਭੰਡਾਰ ਵਿੱਚ ਲਗਭਗ 35 ਫ਼ੀਸਦੀ ਯੋਗਦਾਨ ਪਾਉਂਦੇ ਆ ਰਹੇ ਹਾਂ।

1947 ਤੋਂ ਹੀ ਪੰਜਾਬ ਨੇ ਫ਼ਖ਼ਰ ਨਾਲ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਸਣੇ ਦੇਸ਼ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਨਿਭਾਈ ਹੈ।

ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਣਾ ਮੇਰੇ ਲਈ ਸੱਚਮੁੱਚ ਮਾਣ ਅਤੇ ਸੁਭਾਗ ਦੀ ਗੱਲ ਹੈ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

• ਸ਼ਨੀਵਾਰ, 15 ਅਗਸਤ, 2026 • 31 ਸਾਉਣ • ਨਾਨਕਸ਼ਾਹੀ 558 • ਬਿਕਰਮੀ 2083 • ਜਿਲਦ/VOL. : 75 • ਅੰਕ/NO. : 75

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 15 AUGUST, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 ਸਫ਼ੇ : 14

## ਗਿਆਨੀ ਰਘਬੀਰ ਸਿੰਘ ਦੀ ਸਕਿਉਰਟੀ ਗੱਡੀ 'ਚ ਗੋਲੀ ਵੱਜੀ



**ਅੰਮ੍ਰਿਤਸਰ :** ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੇ ਸਕਿਉਰਟੀ ਵਾਹਨ 'ਤੇ ਗੋਲੀ ਵੱਜਣ ਦੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡਰਾਈਵਰ ਨੇ ਗੱਡੀ ਸਾਫ ਕਰਨ ਵੇਲੇ ਗੋਲੀ ਫਸੀ ਦੇਖੀ।

ਜਥੇਦਾਰ ਨੇ ਦੱਸਿਆ ਕਿ ਸੀ ਸੀ ਟੀ ਵੀ ਚੈੱਕ ਕਰਨ 'ਤੇ ਪਤਾ ਲੱਗਾ ਕਿ 12 ਤਾਰੀਖ ਦੀ ਰਾਤ 11.4 ਵਜੇ ਆਵਾਜ਼ ਸੁਣਾਈ ਦਿੰਦੀ ਹੈ ਅਤੇ ਉੱਥੇ ਮੌਜੂਦ ਸੰਤਰੀ ਇਸ ਨੂੰ ਦੇਖਦਾ ਹੈ। ਫੁਟੇਜ ਵਿੱਚ ਦੇਖਿਆ ਗਿਆ ਕਿ ਲਾਲ ਰੰਗ ਦੀ ਟੀ-ਸ਼ਰਟ ਵਾਲਾ ਨੌਜਵਾਨ ਚੌਕ ਵਿੱਚ ਆ ਕੇ ਫੋਨ 'ਤੇ ਗੱਲਬਾਤ ਕਰਦਾ ਹੈ ਅਤੇ ਗੇੜੇ ਦਿੰਦਾ ਹੈ।

ਗਿਆਨੀ ਰਘਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾ ਨੂੰ ਪਹਿਲਾਂ ਕੋਈ ਵੀ ਧਮਕੀ ਭਰਿਆ ਫੋਨ ਨਹੀਂ ਆਇਆ ਸੀ। ਉਨ੍ਹਾ ਕਿਹਾ ਕਿ 15 ਅਗਸਤ ਦੇ ਮੱਦੇਨਜ਼ਰ ਸੁਰੱਖਿਆ ਦੀ ਸਖਤੀ ਹੋਣ ਦੇ ਬਾਵਜੂਦ ਇਸ ਤਰ੍ਹਾਂ ਦੀ ਘਟਨਾ ਵਾਪਰਨਾ ਵੱਡਾ ਸਵਾਲੀਆ ਨਿਸ਼ਾਨ ਹੈ। ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ, ਜੋ ਗਿਆਨੀ ਰਘਬੀਰ ਸਿੰਘ ਦੇ ਘਰ ਜਾਂਚ ਵਾਸਤੇ ਪੁੱਜੇ ਸਨ, ਨੇ ਮੀਡੀਆ ਨੂੰ ਦੱਸਿਆ ਕਿ ਮੁਢਲੀ ਜਾਂਚ ਤੋਂ ਜਾਪਦਾ ਹੈ ਕਿ ਹਵਾ ਵਿੱਚ ਕੀਤਾ ਫਾਇਰ ਹੋ ਸਕਦਾ ਹੈ। ਗੋਲੀ ਉੱਪਰ ਤੋਂ ਹੇਠਾਂ ਵੱਲ ਨੂੰ ਆਈ ਅਤੇ ਬੋਨਟ 'ਤੇ ਵੱਜੀ। ਜੇ ਕਿਸੇ ਵੱਲੋਂ ਹਮਲੇ ਤਹਿਤ ਗੋਲੀ ਚਲਾਈ ਗਈ ਹੈ ਤਾਂ ਇਸ ਦਾ ਵੀ ਜਲਦ ਪਤਾ ਲਾਇਆ ਜਾਵੇਗਾ। ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵਿੱਚ ਦਿਖਾਈ ਦੇ ਰਹੇ ਸਕੂਟਰ ਸਵਾਰ ਸ਼ੱਕੀ ਵਿਅਕਤੀ ਦਾ ਵੀ ਪਤਾ ਲਾਇਆ ਜਾ ਰਿਹਾ ਹੈ।

### ਸੁਰੰਗ 'ਚ 7 ਮਜ਼ਦੂਰਾਂ ਦੀ ਮੌਤ

**ਦੇਹਰਾਦੂਨ :** ਵੀਰਵਾਰ ਸ਼ਾਮ 7 ਵਜੇ ਦੇ ਕਰੀਬ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਪਿੱਪਲਕੋਟੀ ਵਿੱਚ ਨਿਰਮਾਣ ਅਧੀਨ ਸੁਰੰਗ ਪਾਣੀ ਅਤੇ ਮਲਬੇ ਨਾਲ ਭਰ ਜਾਣ ਕਾਰਨ 7 ਲੋਕਾਂ ਦੀ ਮੌਤ ਹੋ ਗਈ। ਤਿੰਨ ਅਜੇ ਵੀ ਸੁਰੰਗ ਦੇ ਅੰਦਰ ਫਸੇ ਹੋਏ ਹਨ। ਸੁਰੰਗ ਵਿੱਚ ਕੁੱਲ 22 ਲੋਕ ਫਸ ਗਏ ਸਨ, ਜਿਨ੍ਹਾਂ ਵਿੱਚੋਂ 12 ਮਜ਼ਦੂਰਾਂ ਨੂੰ ਬਚਾ ਲਿਆ ਗਿਆ।

### ਅਰੁਣਾਚਲ 'ਚ ਚੀਨੀ ਐਕਸ਼ਨ 'ਤੇ ਸਰਕਾਰ ਜਵਾਬ ਦੇਵੇ : ਖੜਗੇ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਉਨ੍ਹਾਂ ਰਿਪੋਰਟਾਂ 'ਤੇ ਜਵਾਬ ਮੰਗਿਆ ਕਿ ਚੀਨ ਨੇ ਭਾਰਤੀ ਫੌਜੀਆਂ ਨੂੰ ਅਰੁਣਾਚਲ ਪ੍ਰਦੇਸ਼ ਦੇ ਕੁਝ ਖੇਤਰਾਂ ਵਿੱਚ ਗਸ਼ਤ ਕਰਨ ਤੋਂ ਰੋਕ ਦਿੱਤਾ ਹੈ। ਖੜਗੇ ਨੇ ਕਿਹਾ ਕਿ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਭਾਰਤੀ ਫੌਜਾਂ ਨੇ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਦੇ ਨਾਲ ਲੱਗਦੇ ਖੇਤਰਾਂ ਤੱਕ ਪਹੁੰਚ ਗੁਆ ਦਿੱਤੀ ਹੈ। ਖੜਗੇ ਨੇ 'ਐੱਕਸ' ਉੱਤੇ ਲਿਖਿਆ,"ਗਲਵਾਨ ਤੋਂ ਬਾਅਦ, ਹੁਣ ਅਰੁਣਾਚਲ ਪ੍ਰਦੇਸ਼ ? ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਚੀਨ ਅਰੁਣਾਚਲ ਪ੍ਰਦੇਸ਼ ਦੇ ਖੇਤਰਾਂ ਵਿੱਚ ਹੋਰ ਅੱਗੇ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਸਾਡੇ ਦੇਸ਼ ਦਾ ਇੱਕ ਅਟੁੱਟ ਹਿੱਸਾ ਹੈ। ਇਹ ਮੋਦੀ ਸਰਕਾਰ ਤੋਂ ਤੁਰੰਤ ਜਵਾਬ ਦੀ ਮੰਗ ਕਰਦਾ ਹੈ।" ਸਰਕਾਰ ਵੱਲੋਂ ਦਾਅਵਿਆਂ 'ਤੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ, ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਅਜਿਹੀ ਕਿਸੇ ਵੀ ਘਟਨਾ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।

### ਰਾਹੁਲ ਨੂੰ ਸੁਪਰੀਮ ਕੋਰਟ ਤੋਂ ਰਾਹਤ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਹਿੰਦੂਤਵ ਵਿਚਾਰਧਾਰਾ ਵਾਲੇ ਵਿਨਾਇਕ ਦਾਮੋਦਰ ਸਾਵਰਕਰ 'ਤੇ ਟਿੱਪਣੀ ਨਾਲ ਸੰਬੰਧਤ ਮਾਮਲੇ ਵਿੱਚ ਰਾਹੁਲ ਗਾਂਧੀ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾ ਵਿਰੁੱਧ ਦਾਇਰ ਅਪਰਾਧਿਕ ਸ਼ਿਕਾਇਤ ਤੇ ਯੂ ਪੀ ਦੀ ਇੱਕ ਹੇਠਲੀ ਅਦਾਲਤ ਵੱਲੋਂ ਜਾਰੀ ਸੰਮਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸ਼ੀਲ ਨਾਗੂ ਦੀ ਬੈਂਚ ਨੇ ਕਿਹਾ ਕਿ ਰਾਹੁਲ ਗਾਂਧੀ 'ਤੇ ਮੁਕੱਦਮਾ ਚਲਾਉਣ ਲਈ ਕਾਨੂੰਨ ਅਧੀਨ ਲੋੜੀਂਦੀ ਲਾਜ਼ਮੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਗਈ। ਯੂ ਪੀ ਸਰਕਾਰ ਵੱਲੋਂ ਦਾਇਰ ਹਲਫਨਾਮੇ ਦਾ ਨੋਟਿਸ ਲੈਂਦੇ ਹੋਏ, ਬੈਂਚ ਨੇ ਸਪੱਸ਼ਟ ਕੀਤਾ, "ਹਲਫਨਾਮੇ ਵਿੱਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਦਾ ਕੋਈ ਜ਼ਿਕਰ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਮੈਜਿਸਟ੍ਰੇਟ ਵੱਲੋਂ ਪਾਸ ਕੀਤੇ ਗਏ ਹੁਕਮਾਂ ਨੂੰ ਰੱਦ ਕੀਤਾ ਜਾਂਦਾ ਹੈ।" ਰਾਹੁਲ ਗਾਂਧੀ ਨੇ 17 ਨਵੰਬਰ, 2022 ਨੂੰ ਆਪਣੀ 'ਭਾਰਤ ਜੋੜੋ ਯਾਤਰਾ' ਦੌਰਾਨ ਕਿਹਾ ਸੀ ਕਿ ਸਾਵਰਕਰ ਅੰਗਰੇਜ਼ਾਂ ਦਾ ਸਹਿਯੋਗੀ ਸੀ ਤੇ ਉਸਨੂੰ ਅੰਗਰੇਜ਼ਾਂ ਤੋਂ ਪੈਨਸ਼ਨ ਮਿਲਦੀ ਸੀ।

### ਛੁੱਟੀ ਦਾ ਐਲਾਨ

ਸਮੂਹ ਪਾਠਕਾਂ ਨੂੰ ਆਜ਼ਾਦੀ ਦਿਵਸ ਦੇ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ। 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਛੁੱਟੀ ਹੋਣ ਕਾਰਨ 'ਨਵਾਂ ਜ਼ਮਾਨਾ' ਦੇ ਸਾਰੇ ਦਫਤਰ ਬੰਦ ਰਹਿਣਗੇ, ਜਿਸ ਕਰਕੇ 16 ਅਗਸਤ ਨੂੰ 'ਨਵਾਂ ਜ਼ਮਾਨਾ' ਮਾਰਕਿਟ ਵਿੱਚ ਨਹੀਂ ਆਵੇਗਾ।

-ਜਨਰਲ ਮੈਨੇਜਰ

## ਵਾਹਿਗੁਰੂ ਨੇ ਹਮੇਸ਼ਾ ਬਚਾਇਆ : ਸੁਖਬੀਰ



**ਨਾਂਦੇੜ (ਨ ਜ਼ ਸ)**

ਜਾਨਲੇਵਾ ਹਮਲੇ ਤੋਂ ਬਚਣ ਦੇ ਇੱਕ ਦਿਨ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ ਲਈ ਫਿਰਕੂ ਅਤੇ ਧਾਰਮਕ ਸਦਭਾਵਨਾ ਸਭ ਤੋਂ ਪਹਿਲੀ ਤਰਜੀਹ ਹੈ। ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਉਨ੍ਹਾ ਦੇ ਪਿਤਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਦੇ ਵੀ ਇਨ੍ਹਾਂ ਫਿਰਕੂ ਤਾਕਤਾਂ ਨਾਲ ਸਮਝੌਤਾ ਨਹੀਂ ਕੀਤਾ। ਉਹ ਹਮੇਸ਼ਾ ਲੋਕਾਂ ਲਈ ਖੜ੍ਹੇ ਰਹੇ।

ਸੁਖਬੀਰ ਨੇ ਕਿਹਾ, "ਫਿਰਕੂ ਤਾਕਤਾਂ ਨੇ ਇੱਕ ਸਾਲ ਪਹਿਲਾਂ ਵੀ ਮੇਰੇ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਨ੍ਹਾਂ ਨੇ ਹੁਣ ਫਿਰ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਮਿਸ਼ਨ ਪੰਜਾਬ ਵਿੱਚ ਸ਼ਾਂਤੀ ਭੰਗ ਕਰਨਾ ਹੈ, ਜਿਸ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਮੈਂ ਕਦੇ ਕਾਮਯਾਬ ਨਹੀਂ ਹੋਣ ਦੇਵਾਂਗਾ। ਮੇਰੇ ਪਿਤਾ ਨੇ ਵੀ ਅਜਿਹਾ ਕਦੇ ਨਹੀਂ ਹੋਣ ਦਿੱਤਾ ਸੀ। ਦੋਵੇਂ ਵਾਰ ਉਨ੍ਹਾਂ ਨੇ ਮੇਰੇ 'ਤੇ ਸਭ ਤੋਂ ਪਵਿੱਤਰ ਸਥਾਨਾਂ 'ਤੇ ਹਮਲਾ ਕੀਤਾ ਹੈ। ਪਹਿਲੀ ਵਾਰ ਹਰਿਮੰਦਰ ਸਾਹਿਬ ਵਿੱਚ ਅਤੇ ਦੂਜੀ ਵਾਰ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ।"

ਉਨ੍ਹਾ ਅੱਗੇ ਕਿਹਾ, "ਮੈਂ ਹਮੇਸ਼ਾ ਆਖਿਆ ਹੈ ਕਿ ਜਿਸ ਵਿਅਕਤੀ ਦੀ ਰੱਖਿਆ ਸਰਬਸ਼ਕਤੀਮਾਨ ਗੁਰੂ ਕਰਦਾ ਹੈ, ਉਸ ਦਾ ਕੁਝ ਨਹੀਂ ਵਿਗੜ ਸਕਦਾ। ਉਹ ਆਪਣੀ ਪੂਰੀ ਤਾਕਤ ਨਾਲ ਕੋਸ਼ਿਸ਼ ਕਰ ਲੈਣ, ਸਭ ਕੁਝ ਪ੍ਰਮਾਤਮਾ ਦੇ ਹੱਥ ਵਿੱਚ ਹੈ। ਦੇਸ਼ ਅਤੇ ਪੰਜਾਬ ਵਿੱਚ ਸ਼ਾਂਤੀ ਅਤੇ ਸਦਭਾਵਨਾ ਦੇ ਦੁਸ਼ਮਣਾਂ ਨੇ ਕਈ ਵਾਰ ਕੋਸ਼ਿਸ਼ ਕੀਤੀ ਹੈ, ਪਰ ਗੁਰੂ ਸਾਹਿਬ ਜੀ ਨੇ ਮੇਰੀ ਰੱਖਿਆ ਕੀਤੀ ਹੈ।"

### 'ਵਾਹਿਗੁਰੂ ਦਾ ਆਦੇਸ਼'



**ਨਾਂਦੇੜ :** ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲੇ ਨਿਹੰਗ ਜਸਪਾਲ ਸਿੰਘ ਨੇ ਪੁਲਸ ਨੂੰ ਦੱਸਿਆ ਹੈ ਕਿ ਹਮਲੇ ਦਾ ਆਦੇਸ਼ ਉਸਨੂੰ ਵਾਹਿਗੁਰੂ ਤੋਂ ਮਿਲਿਆ ਸੀ। ਜਸਪਾਲ ਸਿੰਘ ਤੋਂ ਨਾਂਦੇੜ ਪੁਲਸ ਹੈੱਡਕੁਆਰਟਰ ਵਿੱਚ ਪੁੱਛਗਿੱਛ ਤੋਂ ਬਾਅਦ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੂੰ ਹਮਲੇ ਦਾ ਕੋਈ ਠੋਸ ਕਾਰਨ ਨਹੀਂ ਮਿਲਿਆ ਹੈ। ਹੁਣ ਤੱਕ, ਇਸ ਕੇਸ ਵਿੱਚ ਮੁਲਜ਼ਮ ਨਾਲ ਜੁੜੇ ਕੋਈ ਅਪਰਾਧਕ ਲਿੰਕ ਨਹੀਂ ਮਿਲੇ ਹਨ।

### ਹਰਸਿਮਰਤ ਵੱਲੋਂ ਸ਼ਾਹ ਦਾ ਧੰਨਵਾਦ

**ਨਵੀਂ ਦਿੱਲੀ :** ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸੁਖਬੀਰ ਸਿੰਘ ਬਾਦਲ ਦਾ ਹਾਲ ਪੁੱਛਣ ਲਈ ਉਨ੍ਹਾ ਨੂੰ ਨਿੱਜੀ ਤੌਰ 'ਤੇ ਫੋਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਗ੍ਰਹਿ ਮੰਤਰੀ ਨੇ ਇਸ ਮਾਮਲੇ ਵਿੱਚ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਹੈ। ਵੀਰਵਾਰ ਪ੍ਰਧਾਨ ਮੰਤਰੀ ਮੋਦੀ ਨੇ ਵੀ ਹਰਸਿਮਰਤ ਕੌਰ ਨੂੰ ਫੋਨ ਕਰਕੇ ਸੁਖਬੀਰ ਬਾਦਲ ਦਾ ਹਾਲ ਪੁੱਛਿਆ ਸੀ।

## ਬੁੱਢੇ ਨਾਲੇ ਦੀ ਜਲਦ ਹੋਵੇਗੀ ਸਫ਼ਾਈ : ਮਾਨ




**ਲੁਧਿਆਣਾ (ਨਵਾਂ ਜ਼ਮਾਨਾ ਸਰਵਿਸ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁੱਕਰਵਾਰ ਹੈਬੋਵਾਲ ਵਿਖੇ 65 ਕਰੋੜ ਰੁਪਏ ਦੀ ਲਾਗਤ ਵਾਲੇ ਕੰਪ੍ਰੈਸਡ ਬਾਇਓ-ਗੈਸ (ਸੀ ਬੀ ਜੀ) ਪਲਾਂਟ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਨਾਲ ਬੁੱਢੇ ਨਾਲੇ ਵਿੱਚ ਕੂੜਾ-ਕਰਕਟ ਦਾਖਲ ਹੋਣ ਨੂੰ ਰੋਕਿਆ ਜਾਵੇਗਾ ਅਤੇ ਇਸ ਨਾਲ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ। ਇਸ ਦੇ ਨਾਲ ਹੀ ਇਹ ਪਲਾਂਟ ਸੀਵਰੇਜ ਦੇ ਜਾਮ ਹੋਣ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਬੁੱਢੇ ਨਾਲੇ ਵਿੱਚ ਪ੍ਰਦੂਸ਼ਣ ਘਟਾਉਣ ਵਿੱਚ ਵੀ ਮਦਦ ਕਰੇਗਾ। ਇਹ ਪ੍ਰੋਜੈਕਟ 2.5 ਏਕੜ ਵਿੱਚ ਬਣਾਇਆ ਜਾ ਰਿਹਾ ਹੈ ਅਤੇ ਸਤੰਬਰ 2027 ਤੱਕ ਇਸ ਦੇ ਕਾਰਜਸ਼ੀਲ ਹੋਣ ਦੀ ਸੰਭਾਵਨਾ ਹੈ। ਇਸ ਪਲਾਂਟ ਵਿੱਚ 'ਵੇਸਟ-ਟੂ-ਵੈਲਥ' ਮਿਸ਼ਨ ਤਹਿਤ ਡੇਅਰੀ ਕੰਪਲੈਕਸ ਤੋਂ ਰੋਜ਼ਾਨਾ ਪੈਦਾ ਹੋਣ ਵਾਲੇ 300 ਟਨ ਪਸ਼ੂਆਂ ਦੇ ਗੋਬਰ ਨੂੰ ਵਿਗਿਆਨਕ ਢੰਗ ਨਾਲ ਪ੍ਰੋਸੈਸ ਕੀਤਾ ਜਾਵੇਗਾ ਅਤੇ 435 ਡੇਅਰੀ ਮਾਲਕਾਂ ਨੂੰ ਸਿੱਧੇ ਤੌਰ 'ਤੇ ਲਾਭ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਲਾਂਟ ਰੋਜ਼ਾਨਾ ਲੱਗਭੱਗ ਪੰਜ ਟਨ ਸੀ ਬੀ ਜੀ ਅਤੇ ਜੈਵਿਕ ਬਾਇਓ-ਖਾਦ ਪੈਦਾ ਕਰੇਗਾ। ਉਨ੍ਹਾ ਕਿਹਾ ਕਿ ਸਾਫ਼-ਸੁਥਰੀ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਪ੍ਰਦੂਸ਼ਣ ਘਟਾਉਣ ਲਈ ਸੂਬੇ ਭਰ ਵਿੱਚ ਅਜਿਹੇ ਹੋਰ ਪਲਾਂਟ ਸਥਾਪਤ ਕੀਤੇ ਜਾਣਗੇ।

ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ, "ਮੈਂ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ। ਇਹ ਪਹਿਲਕਦਮੀ ਬੁੱਢੇ ਨਾਲੇ ਦੇ ਪੁਨਰ ਸੁਰਜੀਤੀ ਪ੍ਰੋਗਰਾਮ ਤਹਿਤ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗੀ।"

ਮਾਨ ਨੇ ਕਿਹਾ, "ਪਿਛਲੀਆਂ ਸਰਕਾਰਾਂ ਸਿਰਫ਼ ਅਜਿਹੇ ਪ੍ਰੋਜੈਕਟਾਂ ਦੀ ਯੋਜਨਾ ਬਣਾਉਂਦੀਆਂ ਰਹੀਆਂ, ਪਰ ਵਿਕਾਸ ਲਈ ਪੈਸੇ ਖਰਚਣ ਦੀ ਬਜਾਏ, ਉਨ੍ਹਾਂ ਨੇ ਇਸ ਪੈਸੇ ਨੂੰ ਆਪਣੀ ਜੇਬ ਵਿੱਚ ਪਾ ਲਿਆ ਜਿਸ ਨਾਲ ਸੂਬੇ ਦੇ ਵਿਕਾਸ ਨੂੰ ਠੱਲ੍ਹ ਪੈ ਗਈ। ਆਮ ਆਦਮੀ ਪਾਰਟੀ 2027 ਵਿੱਚ ਦੁਬਾਰਾ ਸਰਕਾਰ ਬਣਾਏਗੀ ਅਤੇ ਵਿਰੋਧੀ ਧਿਰ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਣਗੀਆਂ।"

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹਰਦੀਪ ਸਿੰਘ ਮੁੰਡੀਆਂ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਹੋਰ ਪਤਵੰਤੇ ਮੌਜੂਦ ਸਨ।

## ਵੋਟ ਕੱਟ ਪ੍ਰੋਗਰਾਮ ਹੋਵੇ ਬੰਦ : ਜਗਰੂਪ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਸੀ ਪੀ ਆਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੱਢੇ ਜਾ ਰਹੇ ਜਥਾ ਮਾਰਚ ਦੀ ਸ਼ੁੱਕਰਵਾਰ ਅਗਵਾਈ ਕਾਮਰੇਡ ਬੋਹੜ ਸਿੰਘ ਸੁਖਣਾ ਜ਼ਿਲ੍ਹਾ ਮੀਤ ਸਕੱਤਰ ਸੀ ਪੀ ਆਈ, ਕਾਮਰੇਡ ਗੁਰਮੇਲ ਸਿੰਘ ਦੋਦਾ ਜ਼ਿਲ੍ਹਾ ਕੈਸ਼ੀਅਰ ਸੀ ਪੀ ਆਈ, ਗਿਆਨੀ ਗੁਰਬਚਨ ਸਿੰਘ, ਕਾਮਰੇਡ ਬਲਵੀਰ ਸਿੰਘ ਕੋਠੇ ਦਸ਼ਮੇਸ਼ ਨਗਰ ਨੇ ਕੀਤੀ। ਪਿੰਡ ਚੋਟੀਆਂ, ਖਿੜਕੀਆਂ ਵਾਲਾ, ਭੁੱਲਰ, ਬਰਕੰਦੀ ਅਤੇ ਸੋਥਾ ਵਿਚ ਜਨ ਚੇਤਨਾ ਮੀਟਿੰਗ ਨੂੰ ਬੋਹੜ ਸਿੰਘ ਸੁਖਣਾ ਅਤੇ ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਇਕ ਸਤੰਬਰ ਨੂੰ ਦਿੱਲੀ 'ਚ 'ਬਦਲਾਓ ਜ਼ਰੂਰੀ ਹੈ' ਰੈਲੀ 'ਚ ਪੁੱਜਣ ਦਾ ਸੱਦਾ ਦਿੱਤਾ। ਨਰੇਗਾ ਬਹਾਲ ਕਰੋ ਰੈਲੀ ਮੁਕਤਸਰ ਵਿਖੇ 21 ਅਗਸਤ ਨੂੰ ਹੋ ਰਹੀ ਹੈ, ਉਥੇ ਗਿਆਰਾਂ ਵਜੇ ਖੰਡਾ ਪਾਰਕ ਪੁੱਜਣ ਦਾ ਸੱਦਾ ਦਿੱਤਾ। ਕਾਮਰੇਡ ਜਗਰੂਪ ਸਿੰਘ ਨੇ ਦਿੱਲੀ ਰੈਲੀ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਸੀ ਪੀ ਆਈ ਨੇ ਬਦਲਾਓ ਜ਼ਰੂਰੀ ਹੈ ਨਾਂਅ ਹੇਠ ਦੇਸ਼ ਭਰ ਦੇ ਕਿਰਤੀਆਂ ਨੂੰ ਸੱਦਾ ਦਿੱਤਾ ਹੈ ਕਿ ਆਓ ਬੀ ਜੇ ਪੀ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਬਦਲਾਓ ਜ਼ਰੂਰੀ ਹੈ ਕਾਮਯਾਬ ਕਰੀਏ। ਨਰੇਗਾ ਹੱਕ ਬਹਾਲੀ ਹੋਵੇ, ਵੋਟ ਕੱਟ ਪ੍ਰੋਗਰਾਮ ਬੰਦ ਹੋਵੇ। ਦੇਸ਼ ਵਿਰੋਧੀ, ਕਿਸਾਨ ਵਿਰੋਧੀ ਅਮਰੀਕੀ ਸਮਝੌਤਾ ਰੱਦ ਹੋਵੇ। ਮਹਿੰਗਾਈ ਤੇ ਨੋਟ ਪਸਾਰਾ ਰੁਕੇ। ਜ਼ਿਲ੍ਹਾ ਸਕੱਤਰ ਹਰਲਾਭ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਕੋਟਭਾਈ ਏਰੀਏ ਵਿਚ ਜਥਾ ਚੱਲੇਗਾ।

## ਐੱਸ ਜੀ ਪੀ ਸੀ ਨੂੰ ਨਿੱਜੀ ਚੈਨਲ ਖਿਲਾਫ ਫੌਰੀ ਰਾਹਤ ਨਹੀਂ ਮਿਲੀ

**ਨਵੀਂ ਦਿੱਲੀ :** ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਦੀ ਉਸ ਪਟੀਸ਼ਨ 'ਤੇ ਕਿਸੇ ਵੀ ਤਰ੍ਹਾਂ ਦੀ ਫੌਰੀ ਰਾਹਤ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ, ਜਿਸ ਵਿੱਚ ਇੱਕ ਨਿੱਜੀ ਚੈਨਲ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਕਰਨ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ।

ਜਸਟਿਸ ਅਨੁਪ ਜੇ ਭੰਭਾਨੀ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਐੱਸ ਜੀ ਪੀ ਸੀ ਨੇ ਦਲੀਲ ਦਿੱਤੀ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਹੋਣ ਵਾਲੇ ਗੁਰਬਾਣੀ ਪ੍ਰਸਾਰਨ ਦਾ ਕਾਪੀਰਾਈਟ ਉਸ ਕੋਲ ਹੈ, ਜਿਸ ਨੂੰ ਉਸਦੇ ਆਪਣੇ ਯੂਟਿਊਬ ਚੈਨਲ ਅਤੇ ਇੱਕ ਹੋਰ ਟੀ ਵੀ ਚੈਨਲ ਉੱਤੇ ਸਿੱਧਾ ਪ੍ਰਸਾਰਤ ਕੀਤਾ ਜਾਂਦਾ ਹੈ। ਗਲੈਕਟਿਕ ਟੈਲੀਵਿਜ਼ਨ ਨਾਮਕ ਨਿੱਜੀ ਚੈਨਲ ਉਸਦੇ ਪ੍ਰਸਾਰਨ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਅਤੇ ਕੁਝ ਸਕਿੰਟਾਂ ਦੀ ਦੇਰੀ ਨਾਲ ਗੁਰਬਾਣੀ ਦਾ ਪ੍ਰਸਾਰ ਕਰ ਰਿਹਾ ਹੈ। ਅਦਾਲਤ ਨੇ ਕਿਹਾ ਕਿ ਗੁਰਬਾਣੀ ਇੱਕ ਸਾਹਿਤਕ ਅਤੇ ਸੰਗੀਤਕ ਰਚਨਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸੰਗੀਤਕ ਰੂਪ ਵਿੱਚ ਗਾਇਆ ਜਾਂਦਾ

• ਬਾਕੀ ਸਫਾ 6 'ਤੇ

## ਭਗਤ-ਸਰਾਭਾ ਵਰਗੇ ਕ੍ਰਾਂਤੀਕਾਰੀਆਂ ਸਦਕਾ ਆਜ਼ਾਦੀ ਮਿਲੀ : ਮਾੜੀਮੇਘਾ



**ਭਿੱਖੀਵਿੰਡ (ਨ ਜ਼ ਸ)**

ਆਜ਼ਾਦੀ ਦਿਵਸ ਨਾਲ ਜੋੜ ਕੇ ਜਨ ਜਾਗਰਨ ਮੁਹਿੰਮ ਤਹਿਤ ਸੀ ਪੀ ਆਈ ਬਲਾਕ ਭਿੱਖੀਵਿੰਡ ਦੇ ਪਿੰਡ ਸਾਂਡਪੁਰਾ, ਦਿਆਲਪੁਰਾ, ਸੂਰਵਿੰਡ ਅਤੇ ਤਪਾ ਬਾਠ ਵਿਖੇ ਸੀ ਪੀ ਆਈ ਦੇ ਮੀਤ ਸਕੱਤਰ ਟਹਿਲ ਸਿੰਘ ਲੱਧੂ ਤੇ ਜਸਵੰਤ ਸਿੰਘ ਸੂਰਵਿੰਡ ਅਤੇ ਕਿਸਾਨ ਸਭਾ ਦੇ ਆਗੂ ਰਛਪਾਲ ਸਿੰਘ ਬਾਠ ਦੀ ਰਹਿਨੁਮਾਈ ਹੇਠ ਮੀਟਿੰਗਾਂ ਕੀਤੀਆਂ ਗਈਆਂ। ਸੰਬੋਧਨ ਦੌਰਾਨ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਪਿਰਥੀਪਾਲ ਸਿੰਘ ਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹਿੰਦੁਸਤਾਨ ਆਜ਼ਾਦ ਹੋਇਆ ਪਰ ਸਰਮਾਏਦਾਰ ਹਕੂਮਤਾਂ ਨੇ ਉਨ੍ਹਾਂ ਦੀ ਸੋਚ ਦਾ ਭਾਰਤ ਬਨਣ ਨਹੀਂ ਦਿੱਤਾ। ਉਨ੍ਹਾਂ ਦੇ ਵਿਚਾਰ ਇਹ ਸਨ ਕਿ ਆਜ਼ਾਦ ਭਾਰਤ ਵਿੱਚ ਹਰੇਕ ਵਿਅਕਤੀ ਨੂੰ ਰੁਜ਼ਗਾਰ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਮਿਲੇਗੀ। ਹਰੇਕ ਮਨੁੱਖ ਨੂੰ ਮੁਫ਼ਤ ਸਿਹਤ ਸਹੂਲਤ ਅਤੇ ਗ਼ਰੀਬਾਂ ਨੂੰ ਘਰ ਮਿਲਣਗੇ। ਆਗੂਆਂ ਨੇ ਕਿਹਾ ਕਿ ਇਹ ਜਥਾ ਮਾਰਚ ਪਹਿਲੀ

• ਬਾਕੀ ਸਫਾ 6 'ਤੇ









80ਵੇਂ ਸੁਤੰਤਰਤਾ ਦਿਵਸ ਦੀਆਂ ਲੱਖ-ਲੱਖ ਵਧਾਈਆ
ਗੁਰੂ ਰਾਮਦਾਸ ਮਾਲਵਾ ਕਾਲਜ਼
ਸਰਕਾਰੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਤੋਂ ਮਾਨਤਾ ਪ੍ਰਾਪਤ CD: 208/2015
ਸੀਮਿਤ ਸੀਟਾਂ
ਦਾਖਲਾ ਸ਼ੁਰੂ
ਸਰਕਾਰੀ ਮਾਨਤਾ ਪ੍ਰਾਪਤ ਮੈਡੀਕਲ ਕੋਰਸ
B.Sc. (MLS) ਯੋਗਤਾ:- 10+2 Medical ਕੋਰਸ ਦਾ ਸਮਾਂ: 4 ਸਾਲ
B.Sc. (OT) & (AT) ਯੋਗਤਾ:- 10+2 Med./Non Med. ਕੋਰਸ ਦਾ ਸਮਾਂ: 4 ਸਾਲ
B.Sc. (RADIOLOGY) ਯੋਗਤਾ:- 10+2 Medical ਕੋਰਸ ਦਾ ਸਮਾਂ: 4 ਸਾਲ
B.A. ਯੋਗਤਾ: 10+2 ਕਿਸੇ ਵੀ ਵਿਸ਼ੇ ਵਿੱਚ ਕੋਰਸ ਦਾ ਸਮਾਂ: 3 ਸਾਲ
B.Com ਯੋਗਤਾ: 10+2 ਕਿਸੇ ਵੀ ਵਿਸ਼ੇ ਵਿੱਚ ਕੋਰਸ ਦਾ ਸਮਾਂ: 4 ਸਾਲ
B.Sc. (Hons) Agriculture Business Management ਯੋਗਤਾ: 10+2 Med./Non Med. ਕੋਰਸ ਦਾ ਸਮਾਂ: 4 ਸਾਲ
Certificate Course in Computer Hardware & Networking ਯੋਗਤਾ:- ਦਸਵੀਂ ਕੋਰਸ ਦਾ ਸਮਾਂ: 1 ਸਾਲ
PGDCA ਯੋਗਤਾ: ਗ੍ਰੈਜੂਏਸ਼ਨ ਕਿਸੇ ਵੀ ਵਿਸ਼ੇ ਵਿੱਚ ਕੋਰਸ ਦਾ ਸਮਾਂ: 1 ਸਾਲ
CMLT ਯੋਗਤਾ:- ਦਸਵੀਂ ਕੋਰਸ ਦਾ ਸਮਾਂ: 1 ਸਾਲ
ਸਹੂਲਤਾਂ:
• ਵਾਈ-ਫਾਈ ਕੰਪਿਊਟਰ ਲੈਬਸ
• ਤਜ਼ਰਬੇਕਾਰ ਸਟਾਫ
• ਫੁਲੀ ਏ.ਸੀ. ਆਧੁਨਿਕ ਸਹੂਲਤਾਂ ਨਾਲ ਲੈਸ ਲੈਬਾਂ
• ਵਿਦਿਆਰਥੀਆ ਦੇ ਆਉਣ ਜਾਣ ਲਈ ਬੱਸ ਦੀ ਸੁਵਿਧਾ
• ਵਿਦਿਆਰਥੀਆ ਦੀ ਸਰਕਾਰੀ ਹਸਪਤਾਲ ਅਧੀਨ ਟ੍ਰੇਨਿੰਗ
100% ਨਤੀਜੇ
100% ਰੋਜ਼ਗਾਰ
ਮੁਕਤਸਰ-ਬਠਿੰਡਾ ਰੋਡ, ਪਿੰਡ ਬੁੱਟਰ ਸ਼ਰੀਹ (ਸ੍ਰੀ ਮੁਕਤਸਰ ਸਾਹਿਬ)-152026 (ਪੰਜਾਬ)
Call/SMS/Whatsapp 78374-03434, 78375-03434 sgrd208@gmail.com

GOVT. ENGINEERING & MANAGEMENT COLLEGE
MIMIT
Estd. 1998
Affiliated to IKG Punjab Technical University, Jalandhar & Approved By AICTE, New Delhi
COURSES OFFERED
B.TECH
AI&ML | CSE | ME | ECE | IT
MBA FINANCE MARKETING HR
M-TECH (CSE)
BBA, BCA & B.Com
B.Sc. (Non Medical)
B.VOC (Automobile Servicing)
ADMISSION OPEN
SCHOLARSHIP upto 100%
Contact the Institute for detailed Info.
HOSTEL FEE @ Rs.7300/- per year
Excellent Placements
Fully Wi-Fi Campus
NO FEE FOR SC/ST STUDENTS UNDER PMSS
INSTITUTE IS ELIGIBLE UNDER BIHAR CREDIT CARD SCHEME
SCHOLARSHIPS UPTO 100% FOR GENERAL CATEGORY STUDENTS
MALOUT INSTITUTE OF MANAGEMENT & INFORMATION TECHNOLOGY (MIMIT)
New Grain Market, Near Main Bus Stand, Malout, Distt. Muktsar (Punjab)
Helpline No. 98759-50050 | 98759-50060 | 01637-504312,13
e-mail: admissions@mimitmalout.ac.in Register online@ www.mimitmalout.ac.in

80ਵੇਂ
ਆਜ਼ਾਦੀ ਦਿਵਸ
ਦੀਆਂ ਲੱਖ-ਲੱਖ ਵਧਾਈਆਂ
ਮੁਕਤਸਰ ਮੈਡੀਸਿਟੀ ਹਸਪਤਾਲ
(ਨਵਾਂ ਡਾ. ਬਲਦੇਵ ਰਾਜ ਹਸਪਤਾਲ)
ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ
ਆਓ 80ਵੇਂ ਆਜ਼ਾਦੀ ਦਿਵਸ ਦੇ ਪਾਵਨ ਮੌਕੇ 'ਤੇ ਆਪਣੇ ਦੇਸ਼ ਦੇ ਸ਼ਹੀਦਾਂ ਅਤੇ ਵੀਰ ਸੈਨਿਕਾਂ ਨੂੰ ਨਮਨ ਕਰੀਏ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ।
ਅਮਰ ਜਵਾਨ
ECHS
ECHS ਸਕੀਮ ਅਧੀਨ
ਸਾਬਕਾ ਫ਼ੌਜੀਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਬਿਲਕੁੱਲ ਮੁਫ਼ਤ ਇਲਾਜ ਉਪਲਬਧ ਹੈ।
ਸੰਪਰਕ ਕਰੋ:
ਡਾ. ਸੁਧੀਰ ਰਾਜ
ਮੋਬਾਈਲ: 92167-82777
★★★ ਜੈ ਹਿੰਦ • ਵੰਦੇ ਮਾਤਰਮ ★★★

# ਪੰਜਾਬ ਨਾਲ ਕੀਤਾ ਹਰ ਵਾਅਦਾ ਨਿਭਾਇਆ : ਭਗਵੰਤ ਸਿੰਘ ਮਾਨ



ਅੱਜ, ਸਾਡੇ ਮਹਾਨ ਦੇਸ਼ ਨੇ ਆਜ਼ਾਦੀ ਦੇ 79 ਸਾਲ ਪੂਰੇ ਕਰ ਲਏ ਹਨ। ਇਸ ਅਰਸੇ ਦੌਰਾਨ ਭਾਰਤ ਅਮਨ-ਸ਼ਾਂਤੀ, ਸਦਭਾਵਨਾ, ਤਰੱਕੀ ਅਤੇ ਖੁਸ਼ਹਾਲੀ ਪ੍ਰਤੀ ਅਟੁੱਟ ਵਿਸ਼ਵਾਸ ਅਤੇ ਦ੍ਰਿੜ੍ਹ ਵਚਨਬੱਧਤਾ ਨਾਲ ਵਿਸ਼ਵ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਵਜੋਂ ਉੱਭਰਿਆ ਹੈ।ਮੈਂ ਸਭ ਦੀ ਚੰਗੀ ਸਿਹਤ, ਖੁਸ਼ਹਾਲੀ ਅਤੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਾ ਹਾਂ।ਇਸ ਇਤਿਹਾਸਕ ਦਿਨ 'ਤੇ ਮੈਂ ਭਾਰਤ ਦੇ ਕੌਮੀ ਆਜ਼ਾਦੀ ਸੰਘਰਸ਼ ਦੇ ਉਨ੍ਹਾਂ ਜਾਣੇ-ਅਣਜਾਣੇ ਆਜ਼ਾਦੀ ਘੁਲਾਟੀਆਂ, ਸ਼ਹੀਦਾਂ ਅਤੇ ਦੇਸ਼ ਭਗਤਾਂ ਅੱਗੇ ਸ਼ਰਧਾ ਤੇ ਸਤਿਕਾਰ ਨਾਲ ਸਿਰ ਝੁਕਾਉਂਦਾ ਹਾਂ।

ਪੰਜਾਬ ਦੇ ਮਹਾਨ ਸ਼ਹੀਦਾਂ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਡਾ. ਦੀਵਾਨ ਸਿੰਘ ਕਾਲੇਪਾਣੀ, ਬਾਬਾ ਰਾਮ ਸਿੰਘ ਅਤੇ ਹੋਰ ਅਨੇਕਾਂ ਸ਼ਹੀਦਾਂ ਨੇ ਆਜ਼ਾਦੀ ਹਾਸਲ ਕਰਨ ਲਈ ਆਪਣੇ ਖ਼ੂਨ ਦਾ ਇੱਕ-ਇੱਕ ਕਤਰਾ ਵਹਾ ਦਿੱਤਾ। ਭਾਰਤੀ ਆਜ਼ਾਦੀ ਸੰਘਰਸ਼ ਦੌਰਾਨ ਕੂਕਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਕਾਮਾਗਾਟਾਮਾਰੂ ਘਟਨਾ, ਕਿਸਾਨ ਅੰਦੋਲਨ ਤੋਂ ਇਲਾਵਾ ਜਲ੍ਹਿਆਂਵਾਲਾ ਬਾਗ ਦਾ ਸਾਕਾ, ਗੁਰਦੁਆਰਾ ਸੁਧਾਰ ਲਹਿਰ, ਜੈਤੋ ਦਾ ਮੋਰਚਾ ਅਤੇ ਪਰਜਾ ਮੰਡਲ ਅੰਦੋਲਨ ਵਰਗੀਆਂ ਇਤਿਹਾਸਕ ਲਹਿਰਾਂ ਦਾ ਵਡਮੁੱਲਾ ਯੋਗਦਾਨ ਹੈ। ਸਾਡੀ ਸਰਕਾਰ ਨੇ ਆਪਣੀ ਕਿਸਮ ਦੀ ਇਹ ਪਹਿਲੀ ਸਕੀਮ ਸ਼ੁਰੂ ਕੀਤੀ ਹੈ, ਜਿਸ ਤਹਿਤ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਲਾਭ ਲੈਣ ਦੀਆਂ ਹੱਕਦਾਰ ਹਨ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਅਤੇ ਆਮ ਵਰਗ ਦੀਆਂ ਔਰਤਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਹਨ।ਲੋਕਾਂ ਨੂੰ ਵਿਆਪਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕੀਤੀ ਹੈ ਜੋ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਸਕੀਮ ਹੈ, ਜਿਸ ਅਧੀਨ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸੂਬਾ ਸਰਕਾਰ ਨੇ ਲੋੜਵੰਦ ਪਰਵਾਰਾਂ ਲਈ ਪੌਸ਼ਟਿਕ ਆਹਾਰ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਮੇਰੀ ਰਸੋਈ' ਨਾਮੀ ਪ੍ਰਮੁੱਖ ਰਾਸ਼ਨ ਕਿੱਟ ਵੰਡ ਯੋਜਨਾ ਸ਼ੁਰੂ ਕੀਤੀ ਹੈ, ਜਿਸ ਤਹਿਤ ਲਗਭਗ 40.48 ਲੱਖ ਯੋਗ ਪਰਵਾਰਾਂ ਨੂੰ ਕਵਰ ਕੀਤਾ ਗਿਆ ਹੈ।

ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 650ਵਾਂ ਪ੍ਰਕਾਸ਼ ਪੁਰਬ ਵਿਆਪਕ ਪੱਧਰ 'ਤੇ ਪੂਰੇ ਸ਼ਰਧਾਪੂਰਵਕ ਢੰਗ ਨਾਲ ਮਨਾ ਰਹੀ ਹੈ। ਡੇਰਾ ਸੱਚਖੰਡ ਬੱਲਾਂ ਵਿਖੇ 10.4 ਏਕੜ ਰਕਬੇ ਵਿੱਚ 37 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 'ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ' ਦਾ ਨੀਂਹ ਪੱਥਰ ਰੱਖਿਆ ਜਾ ਚੁੱਕਾ ਹੈ।

ਸਾਡੀ ਸਰਕਾਰ ਨੇ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਸ੍ਰੀ ਅਨੰਦਪੁਰ ਸਾਹਿਬ ਦੇ ਨਾਲ-ਨਾਲ ਮਾਤਾ ਨੈਣਾ ਦੇਵੀ ਅਤੇ ਹੋਰ ਪਵਿੱਤਰ ਅਸਥਾਨਾਂ ਦੇ ਮੁਫ਼ਤ ਦਰਸ਼ਨ ਕਰਵਾਉਣ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਸ਼ੁਰੂ ਕੀਤੀ ਹੈ।

ਲੋਕਾਂ ਨੂੰ ਪਾਰਦਰਸ਼ੀ, ਕੁਸ਼ਲ ਅਤੇ ਭ੍ਰਿਸ਼ਟਾਚਾਰ-ਮੁਕਤ ਮਾਲੀਆ ਸੇਵਾਵਾਂ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਨੇ 'ਈਜ਼ੀ ਰਜਿਸਟਰੀ' ਅਤੇ 'ਈਜ਼ੀ ਜਮ੍ਹਾਬੰਦੀ' ਪੋਰਟਲ ਸ਼ੁਰੂ ਕੀਤੇ ਹਨ। ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 1090 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਹਨ, ਜਿਨ੍ਹਾਂ ਨੇ ਸੂਬੇ ਦੇ ਸਿਹਤ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੂਬਾ ਸਰਕਾਰ ਨੇ 2022 ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਦਿੱਤੀ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਸੂਬੇ ਦੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਜਿਨ੍ਹਾਂ ਦੇ ਬਿਜਲੀ ਬਿੱਲ 'ਜ਼ੀਰੋ' ਆ ਰਹੇ ਹਨ।

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ 'ਸਕੂਲਜ਼ ਆਫ਼ ਐਮੀਨੈਂਸ' 'ਚ ਬਦਲਣ ਲਈ ਵਚਨਬੱਧ ਹੈ, ਜੋ ਸਮਾਰਟ ਕਲਾਸਰੂਮਾਂ, ਆਧੁਨਿਕ ਲੈਬਾਂ ਅਤੇ ਖੇਡ ਮੈਦਾਨਾਂ ਨਾਲ ਲੈਸ ਹੋਣਗੇ।

ਪਿਛਲੇ ਚਾਰ ਸਾਲਾਂ ਵਿੱਚ ਸਰਕਾਰੀ ਸਕੂਲਾਂ ਦੇ 1,101 ਵਿਦਿਆਰਥੀਆਂ ਨੇ ਜੇ.ਈ.ਈ. ਪ੍ਰੀਖਿਆ ਪਾਸ ਕੀਤੀ ਹੈ, ਜਿਨ੍ਹਾਂ ਵਿੱਚੋਂ 361 ਨੇ ਸਾਲ 2026 ਵਿੱਚ ਇਹ ਪ੍ਰੀਖਿਆ ਪਾਸ ਕੀਤੀ; ਅਤੇ ਪਿਛਲੇ ਤਿੰਨ ਸਾਲਾਂ ਵਿੱਚ 2,165 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ, ਜਿਨ੍ਹਾਂ ਵਿੱਚ ਸਾਲ 2026 ਦੇ 881 ਵਿਦਿਆਰਥੀ ਸ਼ਾਮਲ ਹਨ। ਸੂਬਾ ਸਰਕਾਰ ਦੇ ਯਤਨਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਵਧੇ ਹਨ।

ਸੂਬਾ ਸਰਕਾਰ ਪੰਜਾਬ ਵਿੱਚ ਨਿਵੇਸ਼ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਸੁਹਿਰਦ ਯਤਨਾਂ ਸਦਕਾ ਸਾਡੀ ਸਰਕਾਰ 1.83 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਲਿਆਉਣ ਵਿੱਚ ਸਫ਼ਲ ਰਹੀ ਹੈ। ਸਰਕਾਰ ਦੇ ਅਣਥੱਕ ਯਤਨਾਂ ਸਦਕਾ ਟਾਟਾ ਸਟੀਲ ਨੇ ਜਮਸ਼ੇਦਪੁਰ ਤੋਂ ਬਾਅਦ ਆਪਣਾ ਦੂਜਾ ਸਭ ਤੋਂ ਵੱਡਾ ਪਲਾਂਟ, ਜਿਸਦੀ ਲਾਗਤ 3,200 ਕਰੋੜ ਰੁਪਏ ਹੈ, ਇੱਥੇ ਸਥਾਪਤ ਕੀਤਾ ਹੈ ਅਤੇ ਜਾਪਾਨੀ ਸਟੀਲ ਕੰਪਨੀ ਆਈਚੀ ਵੀ ਪੰਜਾਬ ਵਿੱਚ ਵੱਡਾ ਨਿਵੇਸ਼ ਕਰ ਰਹੀ ਹੈ।

ਯੋਗ ਉਮੀਦਵਾਰਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦੇਣ ਦੀ ਮੁਹਿੰਮ ਨੂੰ ਜਾਰੀ ਰੱਖਦਿਆਂ ਸਾਡੀ ਸਰਕਾਰ ਨੇ ਭਰਤੀ ਪ੍ਰਕਿਰਿਆ ਵਿੱਚ ਪੂਰੀ ਪਾਰਦਰਸ਼ਤਾ ਅਤੇ ਕੁਸ਼ਲਤਾ ਯਕੀਨੀ ਬਣਾਈ ਹੈ। ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ 69,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਸੜਕ ਹਾਦਸਿਆਂ ਦੇ ਪੀੜਤਾਂ ਦੀਆਂ ਜਾਨਾਂ ਬਚਾਉਣ ਅਤੇ ਆਮ ਲੋਕਾਂ ਨੂੰ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਜ਼ਖ਼ਮੀਆਂ ਦੀ ਮਦਦ ਲਈ ਅੱਗੇ ਆਉਣ ਲਈ ਉਤਸ਼ਾਹਿਤ ਕਰਨ ਵਾਸਤੇ ਸੂਬਾ ਸਰਕਾਰ ਨੇ 'ਫ਼ਰਿਸ਼ਤੇ ਸਕੀਮ' ਵੀ ਸ਼ੁਰੂ ਕੀਤੀ ਹੈ। ਸਰਕਾਰ ਅਜਿਹੇ ਨੇਕ ਕੰਮ ਦੀ ਸ਼ਲਾਘਾ ਅਤੇ ਸਨਮਾਨ ਵਜੋਂ ਪੀੜਤ ਦੀ ਮਦਦ ਕਰਨ ਵਾਲੇ ਵਿਅਕਤੀ ਨੂੰ 2,000 ਰੁਪਏ ਦੀ ਸਨਮਾਨ ਰਾਸ਼ੀ ਅਤੇ ਪ੍ਰਸ਼ੰਸਾ ਪੱਤਰ ਵੀ ਦਿੰਦੀ ਹੈ।

ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਹਥਿਆਰਬੰਦ ਸੈਨਾਵਾਂ, ਨੀਮ ਫ਼ੌਜੀ ਬਲਾਂ, ਪੁਲਿਸ ਅਤੇ ਅਗਨੀਵੀਰਾਂ ਦੇ ਜਵਾਨਾਂ ਦੇ ਮਹਾਨ ਯੋਗਦਾਨ ਨੂੰ ਸਲਾਮ ਕਰਦਿਆਂ, ਸੂਬਾ ਸਰਕਾਰ ਡਿਊਟੀ ਦੌਰਾਨ ਕੁਰਬਾਨ ਹੋਣ ਵਾਲੇ ਜਵਾਨਾਂ ਦੇ ਪਰਵਾਰਾਂ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ।

ਸੂਬਾ ਸਰਕਾਰ ਨੇ ਮੰਡੀਆਂ ਵਿੱਚ ਕਿਸਾਨਾਂ ਦੀ ਉਪਜ ਪਹੁੰਚਦੇ ਸਾਰ ਹੀ ਉਸ ਦੀ ਨਿਰਵਿਘਨ ਅਤੇ ਸੁਚੱਜੀ ਖ਼ਰੀਦ ਅਤੇ ਚੁਕਾਈ ਦੇ ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਅਨਾਜ ਮੰਡੀਆਂ ਵਿੱਚੋਂ ਕਿਸਾਨਾਂ ਦੀ ਫ਼ਸਲ ਦੀ ਚੁਕਾਈ ਸਮੇਂ ਸਿਰ ਅਤੇ ਨਿਰਵਿਘਨ ਢੰਗ ਨਾਲ ਕੀਤੀ ਜਾਂਦੀ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਸੂਬਾ ਸਰਕਾਰ ਨੇ 2023 ਵਿੱਚ ਨਵੀਂ ਖੇਡ ਨੀਤੀ ਨੋਟੀਫਾਈ ਕੀਤੀ ਸੀ। ਇਸ ਨਵੀਂ ਖੇਡ ਨੀਤੀ ਤਹਿਤ ਪਹਿਲੀ ਵਾਰ ਏਸ਼ੀਆਈ ਅਤੇ ਓਲੰਪਿਕ ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਸੂਬੇ ਦੇ ਖਿਡਾਰੀਆਂ ਨੂੰ ਵਿਆਪਕ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

ਇਸ ਪਵਿੱਤਰ ਮੌਕੇ ਆਓ, ਅਸੀਂ ਪੰਜਾਬ ਨੂੰ ਇੱਕ ਆਦਰਸ਼ ਸੂਬਾ ਬਣਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰੀਏ, ਜੋ ਗ਼ਰੀਬੀ, ਅਨਪੜ੍ਹਤਾ, ਭ੍ਰਿਸ਼ਟਾਚਾਰ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਮੁਕਤ ਹੋਵੇ।ਮੈਂ ਸਮੂਹ ਪੰਜਾਬੀਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਪੰਜਾਬ ਨੂੰ ਮੁੜ ਖ਼ੁਸ਼ਹਾਲ ਅਤੇ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਇਸ ਸਫ਼ਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੰਕਲਪ ਲੈਣ।

---ਜੈ ਹਿੰਦ---



# ਉਹ ਅੱਡ ਮੁਲਕ ਲਈ ਤਾਂ ਨਹੀਂ ਸੀ ਲੜੇ

**ਵਿਜੈ ਬੰਬੇਲੀ**

ਜੰਗਿ-ਏ-ਅਜ਼ਾਦੀ ਵਿਚ ਬਹੁਤ ਸਾਰੀਆਂ ਤਨਜ਼ੀਮਾਂ ਅਤੇ ਵਿਅਕਤੀਆ ਨੇ ਸੂਹਾ ਹਿੱਸਾ ਪਾਇਆ। ਕਿਸੀ ਨੇ ਬਹੁਤਾ, ਕਿਸੇ ਨੇ ਰਤਾ ਘੱਟ। ਪਾਇਆ ਸਾਰਿਆ ਨੇ। ਤਾਅ ਜਾਤਾਂ-ਧਰਮਾਂ ਦੇ ਲੋਕ ਸਨ, ਉਹ 'ਕੱਠੇ ਵੀ ਜੂਝੇ ਅਤੇ 'ਕੱਲੇ-ਕਹਿਰੇ ਵੀ। ਆਜ਼ਾਦੀ ਅਤੇ ਆਹਲਾ-ਵਤਨ ਤੋਂ ਬਿਨਾਂ ਉਹਨਾਂ ਦੀ ਕੋਈ ਵੱਖ ਮੰਗ, ਨਿਸ਼ਾਨਾ ਜਾਂ ਮਨਸ਼ਾ ਨਹੀਂ ਸੀ। ਆਪਣੀ ਜਾਤ-ਧਰਮ ਲਈ ਕੋਈ ਵੱਖਰਾ ਖਿੱਤਾ ਜਾਂ ਦੇਸ਼ ਤਾਂ ਬਿਲਕੁਲ ਹੀ ਨਹੀਂ। ਅਫਸੋਸ! 'ਆਜ਼ਾਦੀ' ਵਰ੍ਹੇ 1947 'ਚ ਆਮ ਖਲਕਤ ਵਾਂਗ, ਉਹਨਾਂ ਵਿਚੋਂ ਵੀ ਕਈਆਂ ਨੂੰ ਪਰਾਏ ਖਿੱਤਿਆ ਨੂੰ ਹਿਜ਼ਰਤ ਕਰਨੀ ਪਈ। ਵੇਲੇ ਦੀਆਂ ਮਾਰਮਿਕ ਕਥਾਵਾਂ ਹੈ ਤਾਂ ਬਥੇਰੀਆਂ, ਮੈਂ ਸਿਰਫ ਚਾਰ ਸੁਣਾਵਾਂਗਾ :

**ਇੱਕ ਸੀ ਫਜ਼ਲਦੀਨ ਉਰਫ ਫਜ਼ਲਾ:** ਪਿੰਡ ਫਤਿਹਗੜ੍ਹ, ਹੁਣ ਹੁਸ਼ਿਆਰਪੁਰ ਸ਼ਹਿਰ ਦਾ ਇੱਕ ਮੁਹੱਲਾ, ਵਿਚ ਤਿੰਨ ਜਾਤਾਂ ਬਹੁਤ ਚਰਚਿਤ ਸਨ-ਸੈਣੀ, ਘੁਮਿਆਰ ਅਤੇ ਪਠਾਣ। ਕਦੇ ਇਹ ਪਿੰਡ ਆਪਣੇ ਚਾਰ ਗ਼ਦਰੀ ਦੇਸ਼ ਭਗਤਾਂ ਕਾਰਨ ਬੜਾ ਮਕਬੂਲ ਹੋਇਆ। ਤਿੰਨ ਫਾਹੇ ਲੱਗੇ, ਇੱਕ ਸੈਣੀਆਂ 'ਚੋਂ ਹਰਨਾਮ ਚੰਦ ਉਰਫ ਨਾਮਾਂ। ਦੋ ਘੁਮਿਆਰਾਂ 'ਚੋਂ-ਸੁਰਜਨ ਤੇ ਬਾਬੂ। ਪਠਾਣਾਂ ਦਾ ਫਜ਼ਲਾ ਛੋਟੀ ਉਮਰ ਕਾਰਨ ਫਾਂਸੀ ਤੋਂ ਤਾਂ ਬਚ ਗਿਆ ਪਰ, ਢੇਰ ਅਰਸਾ ਬਾ-ਮੁਸ਼ੱਕਤ ਕੈਦ-ਤਨਹਾਈ ਰਿਹਾ।

ਦਰ-ਹਕੀਕਤ; ਫਤਿਹਗੜ੍ਹ ਦੇ ਘੁਮਿਆਰਾਂ ਬਦੌਲਤ ਹੀ ਗ਼ਦਰ ਲਹਿਰ ਦਾ ਸੰਪਰਕ ਮੰਡੀ ਰਿਆਸਤ ਨਾਲ ਜੁੜਿਆ ਸੀ। ਇਥੋਂ ਦੇ ਘੁਮਿਆਰ ਨੇੜਲੇ ਕਸਬੇ ਬਜਵਾੜੇ ਤੋਂ ਮੰਡੀ (ਹਿਮਾਚਲ) ਲੇਹ-ਲਦਾਖ-ਸਮਰਕੰਦ (ਰੂਸ) ਨੂੰ ਵਾਰਸਤਾ ਉੱਪਰਲਾ ਕਸ਼ਮੀਰ ਤੇ ਅਫਗਾਨਿਸਤਾਨ ਆਪਣੀਆਂ ਖੱਚਰਾਂ ਰਾਹੀਂ ਮਾਲ-ਅਸਬਾਬ ਢੋਂਹਦੇ ਸਨ। ਉਹਨਾਂ ਦੀਆਂ ਕੁੱਲੂ-ਮੰਡੀ ਦੇ ਇਲਾਕੇ ਵਿਚ ਪੁਖਤਾ ਠਾਹਰਾਂ ਸਨ। ਸਿੱਟਾ; ਇਸ ਪਿੰਡ ਦੇ ਸੁਰਜਨ ਅਤੇ ਬਾਬੂ ਘੁਮਿਆਰ ਸਮੇਤ ਫ਼ਜ਼ਲੇ ਪਠਾਣ ਦੇ ਆਪਣੇ ਪੇਂਡੂ ਹਮਜੋਲੀਆਂ ਬਦੌਲਤ ਮੰਡੀ ਰਿਆਸਤ ਦੇ, ਅੰਗਰੇਜ਼ਾਂ ਤੋਂ ਬਾਗੀ ਰੁਕਨਾ ਨਾਲ ਗਹਿਰੇ ਸੰਬੰਧ ਸਥਾਪਤ ਹੋ ਗਏ। ਸੁਤੰਤਰਤਾ ਸੰਗਰਾਮ ਵਿਚ 'ਮੰਡੀ ਸਾਜ਼ਿਸ਼ ਕੇਸ' ਉੱਘਾ ਸਥਾਨ ਰੱਖਦਾ ਹੈ।

ਹਰਨਾਮ ਸੈਣੀ ਉਰਫ 'ਨਾਮਾ ਫਾਂਸੀ ਵਾਲਾ', ਵਿਦੇਸ਼ੋਂ ਮੁੜਿਆ ਗ਼ਦਰੀ ਸੀ ਅਤੇ ਬਾਕੀ ਉਸ ਦੇ ਪਿੰਡ ਦੇ ਕਿਰਤੀ-ਸ਼ਿਲਪੀ ਸਨ। ਨਿਰੋਲ ਕਾਮਾ ਸ਼੍ਰੇਣੀਆਂ ਵਿਚੋਂ, ਇੱਕੋ ਪਿੰਡ ਦੇ ਚਾਰ ਸਿਰਲੱਥ ਸੂਰਮੇ ਹੋਣ ਦਾ ਮਾਣ ਸ਼ਾਇਦ ਹੀ ਕਿਸੇ ਹੋਰ ਗਰਾਂ ਦੇ ਹਿੱਸੇ ਆਇਆ ਹੋਵੇ। ਜਿਸ ਦੇ ਸਿਰਲੱਥ ਸਪੂਤ ਨਾਮੇਂ ਮਗਰੋਂ ਸੁਰਜਨ ਚੰਦ ਪੁੱਤਰ ਬੂਟਾ ਘੁਮਿਆਰ ਨੂੰ ਲਾਹੌਰ ਸਾਜ਼ਿਸ਼ ਕੇਸ 'ਚ ਮਈ 1917 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ, ਜਦ ਕਿ ਬਾਬੂ ਰਾਮ ਪੁੱਤਰ ਗਾਂਧੀ ਘੁਮਿਆਰ ਨੂੰ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿਚ ਮਾਰਚ 1917 ਨੂੰ ਸੂਲੀ ਟੰਗ ਦਿੱਤਾ ਗਿਆ।

ਉਕਤ ਸੂਰਮਿਆਂ ਦੇ ਯੁੱਧ ਸਾਥੀ ਫਜ਼ਲਦੀਨ ਉਰਫ ਫ਼ਜ਼ਲਾ ਪੁੱਤਰ ਨੂਰਾ ਪਠਾਨ ਨੂੰ ਵੀ ਤਾਅ-ਜਾਇਦਾਦ ਜ਼ਬਤੀ ਸਮੇਤ ਸਖ਼ਤ ਕੈਦ ਸੁਣਾਈ ਗਈ। ਅੱਲ੍ਹੜ-ਗਭਰੂਟ ਫ਼ਜ਼ਲੇ ਨੂੰ ਵਰਗਲਾਉਣ ਖਾਤਰ ਗੋਰੇ ਅਹਿਲਕਾਰਾਂ ਅੱਡ-ਧਰਮੀ ਮੁਸਲਿਮ ਹੋਣ ਦਾ ਜਜ਼ਬਾਤੀ ਪੱਤਾ ਵੀ ਖੇਡਿਆ ਸੀ, ਪਰ ਉਸ ਆਪਣੇ ਹਿੰਦੂ-ਸਿੱਖ ਹਮਸਾਇਆਂ ਨਾਲ ਗਦਾਰੀ ਨਾ ਕੀਤੀ। ਸਿਤਮ ਵੇਖੋ; ਸੰਤਲੀ ਦੇ ਮਹਾਂ-ਸੰਤਾਪ ਵੇਲੇ ਫਿਰਕੂਆਂ, ਜਿਹਨਾਂ ਦਾ ਸੁਤੰਤਰਤਾ ਸੰਗਰਾਮ ਵਿਚ ਰੱਤੀ-ਮਾਸਾ ਵੀ ਯੋਗਦਾਨ ਨਹੀਂ ਸੀ, ਨੇ ਉਸ ਨੂੰ ਇਸ ਲਈ ਪਰਾਈ ਧਰਤ ਨੂੰ ਸਦੀਵੀ ਪ੍ਰਸਥਾਨ ਕਰਨ ਲਈ ਮਜਬੂਰ ਕਰ ਦਿੱਤਾ ਕਿ; 'ਉਹ ਤਾਂ ਮੁਸਲਿਮ ਹੈ।'

ਹੁਸ਼ਿਆਰਪੁਰ-ਜਲੰਧਰ ਵਿਚਾਲੇ 'ਚੂਹੜ ਵਾਲੀ ਸ਼ਰਨਾਰਥੀ ਕੈਂਪ' ਨੂੰ ਤੁਰਨ ਲੱਗਿਆਂ ਫ਼ਜ਼ਲੇ ਨੇ ਜਦ ਅਸਮਾਨ ਵੱਲ ਹੱਥ ਉਲਾਰ ਕੇ ਦਿਲ ਚੀਰਵਾਂ ਦੁਹੱਥੜ ਮਾਰਿਆ, ਕਿਹਾ, 'ਆਹਲਾ ਵਤਨ! ਅਸੀਂ ਦੋ ਦੇਸ਼ ਬਣਾਉਣ ਲਈ ਤਾਂ ਨਹੀਂ ਸੀ ਮਰੇ।' ਕਹਿੰਦੇ ਹਨ ਕਿ ਉਸ ਵਕਤ ਉਸ ਦੀ ਜੰਮਣ ਭੋਇੰ ਫਤਿਹਗੜ੍ਹ ਵੀ ਕੁਰਲਾ ਉੱਠੀ ਸੀ।

**ਮੋਰਾਂਵਾਲੀਆ ਫਰੀਦ:** ਮੋਰਾਂਵਾਲੀ (ਹੁਸ਼ਿਆਰਪੁਰ), ਸ਼ਹੀਦ ਭਗਤ ਸਿੰਘ ਦੇ ਨਾਨਕਿਆਂ ਦਾ ਪਿੰਡ ਦੀ ਵਸੋਂ ਵਿਚ ਤੇਲੀ, ਲੁਹਾਰ, ਜੁਲਾਹੇ, ਅਰਾਈਂ, ਫ਼ਕੀਰ, ਗੁੱਜਰ, ਮਰਾਸੀ ਆਦਿ ਵੀ ਵੱਸਦੇ ਸਨ। ਪੂਰੇ ਪਿੰਡ ਨਾਲ, ਜਿੱਥੇ ਇੱਕ ਪਾਸੇ ਇਨ੍ਹਾਂ ਦੀ ਸਮਾਜਿਕ ਸਾਂਝ ਸੀ, ਉੱਥੇ ਦੂਜੇ ਪਾਸੇ ਪੇਸ਼ਾਗਤ ਨਿਰਭਰਤਾ ਵੀ ਸੀ। ਜ਼ਿਮੀਦਾਰਾਂ ਅਤੇ ਮੁਸਲਮਾਨਾਂ ਕਿੱਤਾਕਾਰਾਂ ਦੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਇੱਕ-ਦੂਜੇ 'ਤੇ ਆਸ਼ਰਿਤ ਸਨ। '47 ਵਾਲੇ ਦਹਿਸ਼ਤੀ ਦਿਨਾਂ ਵਿਚ ਮੋਰਾਂਵਾਲੀ ਕੋਈ ਮਾੜੀ ਘਟਨਾ ਨਹੀਂ ਸੀ ਵਾਪਰੀ, ਪਰ ਇਲਾਕੇ ਦੀਆਂ ਵਾਰਦਾਤਾਂ ਨੇ ਉਹਨਾਂ ਨੂੰ ਧੁਰ ਅੰਦਰੋਂ ਹਿਲਾ ਦਿੱਤਾ ਸੀ। ਉੱਪਰੋਂ ਮਾੜੀ ਗੱਲ ਇਹ ਕਿ ਫਿਰਕੂ-ਗ੍ਰੋਹਾਂ ਦੀ ਅਗਵਾਈ ਇਲਾਕੇ ਦੇ ਧੜਵੈਲ ਸਾਧ ਕਰ ਰਹੇ ਸਨ।

ਪਿੰਡ ਵਿਚ ਫ਼ਕੀਰ ਬਰਾਦਰੀ ਦਾ ਸਿਰਫ ਇੱਕ ਘਰ ਸੀ, ਧੋਬੀਆਂ ਦੇ ਪੰਜ-ਸੱਤ ਅਤੇ ਮਰਾਸੀਆਂ ਦੇ ਅੱਧੀ ਕੁ ਦਰਜਨ। ਬਾਕੀ ਬਰਾਦਰੀਆਂ ਦੇ ਵੀ ਮਸਾਂ ਦੋ ਜਾਂ ਚਾਰ-ਛੇ ਕੁ ਹੀ ਘਰ ਹੋਣਗੇ। ਪੱਤੀ ਹੇਅਰਾਂ ਵਿਚ ਲਹਿਣੇ ਨਾਂਅ ਦਾ ਇੱਕ ਗੁੱਜਰ ਮੁਸਲਮਾਨ ਰਹਿੰਦਾ ਸੀ, ਪੁੱਤ ਦਾ ਨਾਂਅ ਸੀ ਫ਼ਰੀਦ। ਫ਼ਰੀਦ ਪਹਿਲਾਂ ਫੌਜ ਅੰਗਰੇਜ਼ੀ ਵਿਚ ਭਰਤੀ ਹੋਇਆ, ਮਗਰੋਂ ਬਾਗੀ ਹੋ ਆਜ਼ਾਦ ਹਿੰਦੀਆ ਨਾਲ ਜਾ ਰਲਿਆ। ਦੂਜੀ ਸੰਸਾਰ ਜੰਗ ਸਮੇਂ ਪਿੰਡ ਦੇ ਹੋਰ ਨੌਜਵਾਨਾਂ ਵਾਂਗ ਤੰਗੀਆਂ-ਤੁਰਸ਼ੀਆਂ ਦਾ ਜੂਲਾ ਵਗਾਹ ਮਾਰਨ ਲਈ ਉਹ ਵੀ ਗੋਰਿਆਂ ਦੀ ਪਲਟਣ ਵਿਚ ਭਰਤੀ ਹੋ ਗਿਆ ਸੀ। ਇੰਡੀਅਨ ਨੈਸ਼ਨਲ ਆਰਮੀ ਦੀਆਂ ਬਰਮਾ, ਮਲਾਇਆ, ਸਿੰਘਾਪੁਰ ਅਤੇ ਨਿਊ ਗਿੰਨੀ ਆਦਿ ਦੀਆਂ ਸਰਗਰਮੀਆਂ ਨੇ ਉਸ ਨੂੰ ਬੇਹੱਦ ਪ੍ਰਭਾਵਤ ਕੀਤਾ। ਉਹ ਨੇਤਾ ਜੀ ਸੁਭਾਸ਼ ਚੰਦਰ ਬੋਸ, ਜਨਰਲ ਮੋਹਣ ਸਿੰਘ ਅਤੇ ਸ਼ਾਹਨਵਾਜ਼ ਹਿੰਦੂ-ਸਿੱਖ-ਮੁਸਲਿਮ ਦੀ ਅਗਵਾਈ ਹੇਠ ਜੰਗਿ-ਏ-ਆਜ਼ਾਦੀ ਵਿਚ ਸਿਰਲੱਥ ਜੂਝਿਆ।

ਫ਼ਰੀਦ, ਜਿਸ ਪਹਿਲਾਂ ਜਪਾਨੀਆਂ ਦੇ ਤਸੀਹੇ ਸਹੇ ਸਨ, ਆਈ ਐੱਨ ਏ ਮਿਸ਼ਨ ਫੇਲ੍ਹ ਹੋ ਜਾਣ ਉਪਰੰਤ ਮੁੜ ਫੜਿਆ ਗਿਆ। ਗੋਰਿਆਂ ਦਾ ਤਸ਼ੱਦਦ ਸਹਾਰਿਆ, ਕੈਦ-ਤਨਹਾਈ ਰਿਹਾ। ਮੁਲਕ ਆਜ਼ਾਦ ਹੋਣ ਤੋਂ ਇੱਕ-ਅੱਧ ਵਰ੍ਹਾਂ ਪਹਿਲਾਂ ਮਾਪੀਂ ਪਹੁੰਚਿਆ, ਜਿਹੜੇ ਉਸ ਨੂੰ ਮਰਿਆ-ਮੁੱਕਿਆ ਸਮਝ ਭੋਗ ਵੀ ਪਾ ਚੁੱਕੇ ਸਨ। ਦੇਸ਼ ਆਜ਼ਾਦ ਹੋਇਆ ਤਾਂ ਸੰਤਾਲੀ ਦੀ ਤ੍ਰਾਸਦੀ ਵਾਪਰ ਗਈ, ਮੁਲਕ ਵੰਡਿਆ ਗਿਆਂ।

ਲੰਮੀ ਕੈਦ ਕੱਟ ਕੇ ਮੁੜਿਆ ਯੋਧਾ ਅਜੇ ਆਪਣੀ ਜੰਮਣ ਭੋਂਇ ਟਿੱਕ ਕੇ ਵੀ ਨਹੀਂ ਸੀ ਬੈਠਾ ਕਿ 1947 'ਚ 'ਆਪਣਿਆਂ' ਵੱਲੋਂ ਹੀ ਆਪਣੀ ਮਾਂ-ਧਰਤ 'ਤੇ ਹੀ ਬਿਗਾਨਾ ਗਰਦਾਨ ਦਿੱਤਾ ਗਿਆ। ਦਹਿਸ਼ਤੀ ਪਰਛਾਵਿਆਂ ਹੇਠ ਪਰਾਈ ਧਰਤ ਨੂੰ ਜਾਣ ਲਈ ਮਜਬੂਰ ਕਰ ਦਿੱਤਾ ਗਿਆ, ਬੇਗਾਨੇ ਧਾੜਵੀਆਂ ਤੋਂ ਆਪਣੀ ਧਰਤ ਨੂੰ ਨਿਜ਼ਾਤ ਦਵਾਉਣ ਲਈ ਰੱਤ-ਡੋਲਵ੍ਹੀਂ ਜੰਗ ਲੜਨ ਵਾਲਾ ਫ਼ਰੀਦ 'ਆਪਣਿਆਂ' ਹੱਥੋਂ ਹੀ ਹਾਰ ਗਿਆ। ਮੋਰਾਂਵਾਲੀਏ, ਜਿਹੜੇ ਆਪਣੇ ਮੁਸਲਿਮ ਹਮਸਾਇਆਂ ਨੂੰ ਤੋਰਨਾ ਨਹੀਂ ਸੀ ਚਾਹੁੰਦੇ ਫਿਰਕੂ-ਧਾੜਵੀਆਂ ਮੂਹਰੇ ਹਾਰ ਗਏ।

ਮੁੱਦਤ ਬਾਅਦ ਫ਼ਰੀਦ ਮੋਰਾਂਵਾਲੀ ਆਇਆ। ਪਿੰਡ ਦੇ ਬਸੀਮੇ 'ਤੇ ਸਪਾਟ ਲੰਮਾ ਪੈ, ਉਸ ਆਪਣੀ ਸਰ-ਜ਼ਮੀਂ ਨੂੰ ਡੰਡੌਤ-ਬੰਦਨਾ ਕੀਤੀ। ਲਰਜ਼ਦੇ ਬੁੱਲ੍ਹਾਂ ਨਾਲ ਮਿੱਟੀ ਨੂੰ ਚੁੰਮਿਆਂ, ਧੂੜ ਮੱਥੇ ਲਾਈ। ਉਸ ਦੀਆਂ ਅੱਖਾਂ ਵਿੱਚੋਂ ਪਰਲ ਵਗੇ ਹੰਝੂ ਵੇਖ ਸਾਰਾ ਮੋਰਾਂਵਾਲੀ ਸਿਸਕ ਉੱਠਿਆ।

ਖ਼ੈਰ, ਸ਼ਹੀਦ ਰਹਿਮਤ ਅਲੀ ਵਜੀਦਕੇ ਦੇ ਟੱਬਰ ਨਾਲ ਵੀ ਨਹੀਂ ਸੀ ਹੋਈ: ਗ਼ਦਰ ਲਹਿਰ ਵਿਚ ਫੇਰੂ ਸ਼ਹਿਰ ਦਾ ਸਾਕਾ ਬੜੀ ਅਹਿਮੀਅਤ ਰੱਖਦਾ ਹੈ। ਵਜੀਦਕੇ (ਬਰਨਾਲਾ) ਰਿਆਸਤ ਪਟਿਆਲਾ ਦੇ ਰਹਿਮਤ ਸ਼ਾਹ ਫਕੀਰ ਆਦਿ ਵਿਰੁੱਧ 27 ਨਵੰਬਰ 1914 ਨੂੰ ਥਾਣਾ ਘੱਲ ਖੁਰਦ



(ਫਿਰੋਜ਼ਪੁਰ) ਵਿਚ ਬਗਾਵਤ ਕੇਸ ਦਰਜ ਹੋਇਆ, ਜਿਹੜਾ 'ਘੱਲਾਂ ਦਾ ਮੁਕੱਦਮਾ ਨੰ. ਇੱਕ' ਵਜੋਂ ਮਸ਼ਾਹੂਰ ਹੈ। ਬਾਕੀ ਸਨ: ਭਾਈ ਲਾਲ ਸਿੰਘ, ਭਾਈ ਜਗਤ ਸਿੰਘ ਅਤੇ ਪੰ. ਕਾਂਸ਼ੀ ਰਾਮ, ਭਾਈ ਬਖਸ਼ੀਸ ਸਿੰਘ, ਭਾਈ ਧਿਆਨ ਸਿੰਘ ਤੇ ਭਾਈ ਜੀਵਨ ਸਿੰਘ। ਰਹਿਮਤ ਅਲੀ ਵਜੀਦਕੇ ਸਮੇਤ ਪਹਿਲੇ ਦੋ ਨੂੰ ਸਾਹੀਵਾਲ ਜੇਲ੍ਹ ਵਿਚ ਅਤੇ ਪੰ. ਕਾਸ਼ੀ ਰਾਮ ਸਣੇ ਮਗਰਲੇ ਤਿੰਨਾਂ ਨੂੰ ਲਾਹੌਰ ਜੇਲ੍ਹ ਵਿੱਚ ਮਾਰਚ 1915 ਨੂੰ ਫਾਹੇ ਲਾ ਦਿੱਤਾ ਗਿਆ।

ਵਜੀਦਕੇ ਮੁਸਲਮਾਨਾਂ ਦੀ ਫਕੀਰ ਬਰਾਦਰੀ ਦਾ ਜਾਇਆ ਸੀ, 'ਉਹੀ ਕਮਾਉਣਾ ਅਤੇ ਉਹੀ ਖਾਣਾ।' ਬੇਹੱਦ ਤੰਗੀ-ਤੁਰਸ਼ੀ। ਇਹੀ ਤੰਗੀ-ਤੁਰਸ਼ੀ ਰੋਸ਼ਨ ਦਿਮਾਗ ਰਹਿਮਤ ਨੂੰ ਮਨੀਲਾ ਲੈ ਵੜੀ, ਜਿਥੋਂ ਉਹ ਗ਼ਦਰੀ ਦੇਸ਼ ਭਗਤਾਂ ਸੰਗ ਵਤਨ-ਖੁਲਾਸੀ ਲਈ ਮੁੜਿਆ ਤਾਂ ਜੋ ਗੁਲਾਮ ਹਿੰਦੋਸਤਾਨੀਆਂ ਦਾ ਵੀ ਗੁਰਬਤ ਤੋਂ ਸਦੀਵੀ ਖਹਿੜਾ ਛੁਡਾ ਸਕੇ।

ਰਹਿਮਤ ਕੁਰਬਾਨ ਹੋਇਆ ਤਾਂ ਪਰਵਾਰ ਬੁਰੀ ਤਰ੍ਹਾਂ ਟੁੱਟ ਗਿਆ। ਪਤਨੀ ਵਿਯੋਗ 'ਚ ਚੱਲ ਵਸੀ। ਰਹਿਮਤ ਦੇ ਇੱਕੋ-ਇੱਕ ਬਾਲ-ਪੁੱਤ ਫਤਿਹ ਸ਼ਾਹ ਦਾ ਪਾਲਣ-ਪੋਸਣ ਉਸ ਦੇ ਬਿਰਧ ਬਾਪ ਮੌਲੇ ਸ਼ਾਹ ਫਕੀਰ ਦੇ ਸਿਰ ਆਣ ਪਿਆ, ਜਿਸ ਦੀ ਪਤਨੀ ਲੰਮਾ ਸਮਾਂ ਪਹਿਲੋਂ ਹੀ ਗੁਜਰ ਚੁੱਕੀ ਸੀ। ਦਾਦਾ-ਪੋਤਾ ਹਾਲੇ ਸੰਭਲੇ ਹੀ ਸਨ ਕਿ 1947 ਦੀ ਤ੍ਰਾਸਦੀ ਵਾਪਰ ਗਈ। ਉਦੋਂ ਤੀਹਾਂ ਨੂੰ ਟੱਪਿਆ ਫਤਿਹ ਸ਼ਾਹ ਫਕੀਰ, ਦੋ ਪੁੱਤਾਂ ਸੁਬੀਰ ਅਹਿਮਦ ਅਤੇ ਨਜ਼ੀਰ ਅਹਿਮਦ ਦਾ ਬਾਪ ਬੇਹੱਦ ਦੁਸ਼ਵਾਰੀਆਂ ਹੰਢਾ ਰਿਹਾ ਸੀ। ਸ਼ਹੀਦੇ-ਵਤਨ ਦਾ ਟੱਬਰ ਪਰਾਈ ਧਰਤੀ ਪਾਕਿਸਤਾਨ ਨੂੰ ਜਾਣਾ ਨਹੀਂ ਸੀ ਚਾਹੁੰਦਾ। ਰਹਿਮਤ ਦੇ ਜ਼ਰਜ਼ਰ ਹੋ ਚੁੱਕੇ ਬਾਪ ਅਤੇ ਫਤਿਹ ਦੇ ਬਾਬੇ ਮੌਲੇ ਨੇ ਵੀ ਹਜੂਮੀਆਂ ਮੂਹਰੇ ਤਰਲਾ ਮਾਰਿਆ, 'ਮੇਰਾ ਪੁੱਤ ਅੱਡ ਮੁਲਕ ਲਈ ਨਹੀਂ ਸੀ ਕੁਰਬਾਨ ਹੋਇਆ।' ਪਰ ਫਿਰਕਾਪ੍ਰਸਤਾਂ ਅੱਗੇ ਭਲੇ ਹਿੰਦੂ-ਸਿੱਖਾਂ ਦੀ ਵੀ ਪੇਸ਼ ਨਾ ਗਈ।

ਅਖੀਰ ਗ਼ਦਰੀ ਸ਼ਹੀਦ ਰਹਿਮਤ ਅਲੀ, ਜਿਹੜਾ ਆਪਣੇ ਨਾਂਅ ਨਾਲ ਪਿੰਡ ਦਾ ਨਾਂਅ 'ਵਜੀਦਕੇ' ਵਤੌਰ ਤਖ਼ੱਲਸ ਲਿਖ ਕੇ ਫੁੱਲਿਆ ਨਹੀਂ ਸੀ ਸਮਾਉਂਦਾ ਹੁੰਦਾ, ਦਾ ਟੱਬਰ ਬੇਹੱਦ ਭਰੇ ਮਨ ਨਾਲ ਪਿੰਡ ਦੀ ਮਿੱਟੀ ਨੂੰ ਅਲਵਿਦਾ ਕਹਿ ਸਜ਼ਾ ਪਾਕਿਸਤਾਨ ਨੂੰ ਤੁਰ ਗਿਆ। ਲੋਕਾਂ ਦਾ ਤਾਂ ਪਤਾ ਨਹੀਂ, ਪਰ ਕਹਿੰਦੇ, ਓਦਣ ਅੰਬਰ ਐਨਾ ਧਾਹੀਂ ਰੋਇਆ ਸੀ ਕਿ ਬਰਨਾਲਾ ਇਲਾਕਾ ਹੜ੍ਹ-ਗ੍ਰਸਤ ਹੋ ਗਿਆ। ਲੰਮੇ ਅਰਸੇ ਬਾਅਦ ਵਜੀਦਕੇ ਦੀ ਮਿੱਟੀ ਰਹਿਮਤ ਦੇ ਪੁੱਤ ਫਤਿਹ ਸ਼ਾਹ, ਜਿਹੜਾ ਕਿ ਆਪਣੇ ਦਾਦੇ ਸਮੇਤ ਆਪਣੇ ਟੱਬਰ ਨਾਲ 'ਸੁਲਤਾਨ ਕੇ (ਜ਼ਿਲ੍ਹਾ ਲਾਹੌਰ)' ਵਿਚ ਆਬਾਦ ਹੋ ਗਿਆ ਸੀ, ਨੂੰ ਵਜੀਦਕੇ ਖਿੱਚ ਲਿਆਈ। ਦੱਸਦੇ ਹਨ ਕਿ ਆਪਣੇ ਸ਼ਹੀਦ ਫਰਜ਼ੰਦ ਰਹਿਮਤ ਦੇ ਪੁੱਤ ਸਾਹਵੇਂ ਪੂਰਾ ਵਜੀਦਕੇ ਹੀ ਨਹੀਂ, ਹੁਣ ਵਾਲਾ ਬਰਨਾਲਾ ਪਰਗਨਾ ਵੀ ਸਿਰ ਨਿਵਾਂ ਉੱਠਿਆ, 'ਸ਼ਹੀਦ ਦੇ ਪੁੱਤ ਨੂੰ ਨਾ ਸਿਰਫ ਸਿਜਦਾ ਕਰਨ ਲਈ, ਬਲਕਿ ਆਪਣੇ ਬਾਂਕੇ ਸ਼ਹੀਦ ਦੇ ਟੱਬਰ ਨੂੰ, '47 ਵਿਚ ਦਰ-ਬਦਰ ਕਰਨ ਦੀ ਘੋਰ ਕੁਤਾਹੀ ਕਾਰਨ ਵੀ।'

**ਰੁਲੀਆ ਅਰਾਈਂ:** ਜਿਹੜਾ ਮਗਰੋਂ ਰੁਲੀਆ ਭਾਈ ਜਾਨ ਵਜੋਂ ਸਤਿਕਾਰਿਆ ਜਾਣ ਲੱਗਾ ਸੀ, 'ਬੱਬਰਾਂ ਦੀ ਹਾਈ ਕੋਰਟ' ਵੱਜਦੀ ਕੋਟ ਫਤੂਹੀ (ਮਾਹਿਲਪੁਰ, ਹੁਸ਼ਿਆਰਪੁਰ) ਦਾ ਫਰਜ਼ੰਦ ਸੀ, ਜਿਸਦੀ ਫਰਵਰੀ 1922 ਵਾਲੀ ਚਰਚਿਤ ਕਾਨਫਰੰਸ ਵਿਚ ਸਰਕਾਰ ਦਾ ਚੈਲੰਜ ਕਬੂਲਦਿਆਂ 'ਬੱਬਰ ਅਕਾਲੀ ਲਹਿਰ ਦਾ ਥਿੰਕ ਟੈਂਕ' ਮਫਰੂਰ ਮੋਤਾ ਸਿੰਘ ਪਤਾਰਾ ਹੈਰਤਅੰਗੇਜ਼ ਯੁਕਤੀ ਢੰਗ ਨਾਲ ਪਹੁੰਚਿਆ, ਇਤਿਹਾਸਕ ਤਕਰੀਰ ਕੀਤੀ ਤੇ ਮੁੜ ਛੁਪਣਛੋਤ ਹੋ ਗਿਆ।

ਡਰਾਮਾਈ ਢੰਗ ਨਾਲ ਕੋਟ ਫਤੂਹੀ ਪੁੱਜੇ ਇਸ ਇਨਾਮੀ ਯੋਧੇ ਨੂੰ ਕਿਵੇਂ ਗੁਰਬੱਤ ਦੇ ਭੰਨੇ ਰੁਲੀਏ ਅਰਾਈਂ ਨੇ ਅਭੇਦੀ-ਪਨਾਹ ਅਤੇ ਤੇੜ ਵਾਲੇ ਕੱਪੜਿਆਂ ਦੀ ਜੁਗਲਬੰਦੀ ਕਰਾਈ, ਇਹ ਗਾਥਾ ਬੜੀ ਟੁੰਬਵੀਂ ਹੈ। ਮਗਰੋਂ ਰੁਲੀਏ ਨੂੰ ਆਰਥਿਕ ਤੌਰ 'ਤੇ ਬੁਰੀ ਤਰਾਂ ਭੰਨਿਆ ਹੋਇਆ ਹੋਣ ਦੇ ਬਾਵਜੂਦ, ਵਤਨ-ਪ੍ਰਸਤੀ ਦੀ ਲਗਨ ਅਜਿਹੀ ਲੱਗੀ ਕਿ ਉਹ ਤੋੜ 'ਆਜ਼ਾਦੀ' ਤੀਕ ਕਿਸੇ ਨਾ ਕਿਸੇ ਰੂਪ 'ਚ ਸਰਗਰਮ ਰਿਹਾ। ਅਫਸੋਸ! ਵੱਡੇ ਰੋਲਿਆਂ ਵੇਲੇ ਪਾਕਿਸਤਾਨ ਨਾ ਜਾਣਾ ਚਾਹੁੰਦਾ ਫਿਰਕੂਆਂ ਦਾ ਸਤਾਇਆ ਇਹ ਭਲਾ ਬੰਦਾ ਵੀ ਆਪਣੇ ਟੱਬਰ-ਟੀਰ੍ਹ ਸਮੇਤ ਮਣਾਂਮੂੰਹੀ ਬੋਝਲ ਮਨ ਨਾਲ ਪਰਾਈ ਧਰਤ ਨੂੰ ਸਦੀਵੀ ਤੁਰ ਗਿਆ। ਸੀਨਾ-ਬ-ਸੀਨਾ ਤੁਰੀਆਂ ਆਉਂਦੀਆਂ ਗੱਲਾਂ ਅਨੁਸਾਰ 'ਬਹਿਰਾਮ ਦੇ ਰਿਫਿਊਜ਼ੀ ਕੈਂਪ' 'ਚ ਰੁਲੀਆ ਜਿੰਨੇ ਦਿਨ ਵੀ ਰਿਹਾ, ਉਹ ਆਪਣੀ ਨਵਾਜ਼ ਪੱਛੋਂ, ਕਾਹਬੇ-ਮੱਕੇ ਵੱਲ ਨਹੀਂ, ਕੋਟ ਫਤੂਹੀ ਵੱਲ ਮੂੰਹ ਕਰਕੇ ਪੜ੍ਹਦਾ ਰਿਹਾ।

*# ਸੰਪਰਕ : 94634-39075*

# ਮਹਾਨ ਦੇਸ਼ ਭਗਤ ਸਰਦਾਰ ਅਜੀਤ ਸਿੰਘ

**ਧਰਮਿੰਦਰ ਸਿੰਘ (ਚੱਬਾ)**



ਦੇਸ਼ ਨੂੰ ਅਜ਼ਾਦ ਕਰਾਉਣ ਲਈ ਕਈ ਲਹਿਰਾਂ ਚੱਲੀਆਂ। ਹਰ ਲਹਿਰ ਨੇ ਗਰੀਬ, ਨਿਮਾਣੇ ਤੇ ਨਿਤਾਣੇ ਲੋਕਾਂ ਦੇ ਹੱਕਾਂ ਲਈ ਜ਼ਾਲਮ ਸਰਕਾਰ ਵਿਰੁੱਧ ਡਟ ਕੇ ਟੱਕਰ ਲੈਣ ਦੀ ਗੱਲ ਕੀਤੀ। ਜਦ ਪੰਜਾਬ ਅੰਦਰ 1897-98 ਨੂੰ ਪਲੇਗ ਦੀ ਬਿਮਾਰੀ ਫੈਲੀ ਤਾਂ ਲਗਭਗ ਪੰਦਰਾਂ ਹਜ਼ਾਰ ਲੋਕ ਪਲੇਗ ਨਾਲ ਮਰ ਗਏ। ਅੰਗਰੇਜ਼ਾਂ ਨੇ ਇਸ ਗੱਲ ਦਾ ਫਾਇਦਾ ਲੈਣ ਲਈ ਪਲੇਗ 'ਤੇ ਕਾਬੂ ਪਾਉਣ ਦੇ ਬਹਾਨੇ ਲੋਕਾਂ ਦੇ ਘਰਾਂ ਨੂੰ ਅੱਗਾਂ ਲਗਾਉਣੀਆਂ ਆਰੰਭ ਕਰ ਦਿੱਤੀਆਂ। 1899 ਤੱਕ ਪੰਜਾਬ ਅੰਦਰ ਪਲੇਗ ਨਾਲ ਮਰਨ ਵਾਲਿਆਂ ਦੀ ਗਿਣਤੀ 67,725 ਤੱਕ ਪਹੁੰਚ ਗਈ ਸੀ। ਜਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਨੂੰ ਅੱਗ ਲਗਾਉਣ ਦੀ ਵਾਰੀ ਆਈ ਤਾਂ ਭਗਤ ਸਿੰਘ ਦੇ ਚਾਚਾ ਸ੍ਰ. ਅਜੀਤ ਸਿੰਘ ਦੇ ਪਿਤਾ ਸ੍ਰ. ਅਰਜਨ ਸਿੰਘ ਮਜ਼ਦੂਰਾਂ ਕਾਮਿਆਂ ਨੂੰ ਇਕੱਠਾ ਕਰਕੇ ਅੰਗਰੇਜ਼ ਸਰਕਾਰ ਵਿਰੁੱਧ ਡਟ ਗਏ ਕਿ ਪਹਿਲਾਂ ਘਰ ਬਣਾ ਕੇ ਦਿਉ ਫਿਰ ਇਹ ਘਰ ਅੱਗ ਦੇ ਹਵਾਲੇ ਕਰਿਉ। ਲੋਕਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਅੰਤ ਅੰਗਰੇਜ਼ ਸਰਕਾਰ ਨੂੰ ਹਾਰ ਮੰਨਣੀ ਪਈ।

ਸ੍ਰ. ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ) ਦਾ ਜਨਮ ਪਿਤਾ ਸ੍ਰ. ਅਰਜਨ ਸਿੰਘ ਤੇ ਮਾਤਾ ਜੈ ਕੌਰ ਦੇ ਘਰ ਪਿੰਡ ਖਟਕੜ ਕਲਾਂ ਜ਼ਿਲ੍ਹਾ ਜਲੰਧਰ ਵਿੱਚ 23 ਫਰਵਰੀ 1881 ਨੂੰ ਮੱਧ ਵਰਗੀ ਪਰਵਾਰ ਵਿੱਚ ਹੋਇਆ। ਆਪ ਦੇ ਦੋ ਭਰਾ ਸ੍ਰ. ਕਿਸ਼ਨ ਸਿੰਘ (ਭਗਤ ਸਿੰਘ ਦੇ ਪਿਤਾ) ਤੇ ਸ੍ਰ. ਸਰਵਣ ਸਿੰਘ ਸਨ। ਸਾਈਂ ਦਾਸ ਸਕੂਲ ਜਲੰਧਰ ਤੋਂ ਆਪ ਨੇ ਮੁੱਢਲੀ ਪੜ੍ਹਾਈ ਕੀਤੀ ਤੇ ਦਸਵੀਂ ਲਾਹੌਰ ਯੂਨੀਵਰਸਿਟੀ ਤੋਂ ਪਾਸ ਕੀਤੀ। ਉੱਥੋਂ ਹੀ ਆਪ ਨੇ ਐੱਫ ਏ ਪਾਸ ਕੀਤੀ। ਵਕਾਲਤ ਦੀ ਪੜ੍ਹਾਈ ਲਈ ਆਪ ਬਰੇਲੀ ਵੀ ਗਏ। ਪੜ੍ਹਾਈ ਦੌਰਾਨ ਹੀ 1905 ਨੂੰ ਆਪ ਦੀ ਸ਼ਾਦੀ ਐਡਵੋਕੇਟ ਧੰਨਪਤ ਰਾਏ ਦੀ ਲੜਕੀ ਹਰਨਾਮ ਕੌਰ ਨਾਲ ਹੋਈ। ਜਦ ਅੰਗਰੇਜ਼ਾਂ ਨੇ ਦੁਆਬੇ ਇਲਾਕੇ ਦੀ ਜ਼ਮੀਨ ਦੇ ਜੰਗਲ ਪੁੱਟ ਕੇ ਅਬਾਦ ਕਰਨ ਲਈ ਜ਼ਮੀਨਾਂ ਦੇ ਪਟੇ ਅਲਾਟ ਕਰਨ ਦਾ ਲਾਲਚ ਦਿੱਤਾ ਤਾਂ ਕਈ ਸੈਂਕੜੇ ਕਿਸਾਨ ਇਸ ਲਾਲਚ ਵਿੱਚ ਫਸ ਗਏ। ਉਹਨਾਂ ਨੇ ਜ਼ਮੀਨਾਂ ਅਬਾਦ ਕੀਤੀਆਂ ਤੇ ਨਹਿਰਾਂ ਕੱਢੀਆਂ। ਜਦ ਜ਼ਮੀਨਾਂ ਅਲਾਟ ਕਰਨ ਦੀ ਵਾਰੀ ਆਈ ਤਾਂ ਅੰਗਰੇਜ਼ ਸਰਕਾਰ ਨੇ ਟੈਕਸ ਏਨੇ ਜ਼ਿਆਦਾ ਠੋਕ ਦਿੱਤੇ ਕਿ ਲੋਕ ਉੱਜੜ ਜਾਣ। ਫਿਰ ਅਸੀ ਇਹ ਜ਼ਮੀਨਾਂ ਆਪਣੇ ਅੰਗਰੇਜ਼ ਅਫਸਰਾਂ, ਪੁਲਸ ਤੇ ਫੌਜੀ ਅਫਸਰਾਂ ਨੂੰ ਅਲਾਟ ਕਰ ਸਕਾਂਗੇ।

ਸ੍ਰ. ਅਜੀਤ ਸਿੰਘ ਤੇ ਸ੍ਰ. ਸਰਵਣ ਸਿੰਘ ਨੇ ਸੂਫੀ ਅੰਬਾ ਪ੍ਰਸਾਦ, ਜਿਊਲ ਹੱਕ ਤੇ ਲਾਲਾ ਚਿੰਤਾ ਰਾਮ (ਸ਼ਹੀਦ ਸੁਖਦੇਵ ਦੇ ਚਾਚਾ) ਲਾਇਲਪੁਰ ਨੂੰ ਨਾਲ ਲੈ ਕੇ 'ਭਾਰਤ ਮਾਤਾ ਸੁਸਾਇਟੀ' ਬਣਾ ਲਈ। ਇਸ ਤਹਿਤ ਉਨ੍ਹਾਂ ਕਿਸਾਨਾਂ ਨੂੰ ਅੰਗਰੇਜ਼ੀ ਸ਼ਾਸਨ ਵਿਰੁੱਧ ਸਿੰਚਾਈ ਟੈਕਸ ਨਾ ਦੇਣ ਤੇ ਜ਼ਮੀਨਾਂ ਅਲਾਟ ਨਾ ਕਰਨ ਲਈ ਜਾਗ੍ਰਿਤ ਕਰਨਾ ਸ਼ੁਰੂ ਕਰ ਦਿੱਤਾ। ਕਈ ਕਿਰਤੀ ਕਿਸਾਨ ਉੱਠ ਖੜੇ ਹੋਏ। ਲਾਲਾ ਲਾਜਪਤ ਰਾਏ ਨੇ ਵੀ ਉਹਨਾਂ ਦਾ ਸਾਥ ਦਿੱਤਾ। 7 ਅਪ੍ਰੈਲ 1907 ਨੂੰ ਲਾਹੌਰ ਸੂਬੇ ਦੇ ਬਾਰੀ ਦੁਆਬ ਵਿੱਚ ਸਿੰਚਾਈ ਟੈਕਸ ਵਿਰੁੱਧ ਲਗਭਗ 12000 ਕਿਸਾਨਾਂ ਦਾ ਇਕੱਠ ਹੋਇਆ। ਇਸ ਅੰਦੋਲਨ ਦੀ ਅੱਗ ਕਈ ਜ਼ਿਲ੍ਹਿਆਂ ਤੱਕ ਫੈਲ ਗਈ। ਅੰਗਰੇਜ਼ਾਂ ਨੇ ਪਹਿਲਾਂ ਇਸ ਐਜੀਟੇਸ਼ਨ ਨੂੰ ਜ਼ੋਰ ਜ਼ਬਰਦਸਤੀ ਨਾਲ ਕੁਚਲਣਾ ਚਾਹਿਆ, ਪ੍ਰੰਤੂ ਇਹ ਐਜੀਟੇਸ਼ਨ ਬਗਾਵਤ ਦਾ ਰੂਪ ਨਾ ਧਾਰਨ ਕਰ ਲਏ, ਇਹ ਸੋਚ ਕੇ ਪਿਛਾਂਹ ਹਟ ਗਏ। ਇਸ ਨਾਲ ਦੇਸ਼ ਭਗਤਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ। 21 ਅਪ੍ਰੈਲ 1907 ਨੂੰ ਰਾਵਲਪਿੰਡੀ ਵਿੱਚ ਕਾਨਫਰੰਸ ਰੱਖੀ ਗਈ, ਜਿਸ ਵਿੱਚ 20,000 ਕਿਸਾਨਾਂ, ਕਿਰਤੀਆਂ ਨੇ ਭਾਗ ਲਿਆ।

ਸ੍ਰ. ਅਜੀਤ ਸਿੰਘ ਨੇ ਧੂੰਆਂਧਾਰ ਤਕਰੀਰਾਂ ਕੀਤੀਆਂ। ਲੋਕਾਂ ਨੂੰ ਸਮਝਾਇਆ ਕਿ ਤੁਸੀ 29 ਕਰੋੜ ਹਿੰਦੁਸਤਾਨੀ ਡੇਢ ਲੱਖ ਅੰਗਰੇਜ਼ਾਂ ਦਾ ਮੁਕਾਬਲਾ ਬੜੀ ਅਸਾਨੀ ਨਾਲ ਕਰ ਸਕਦੇ ਹੋ। ਲੋੜ ਹੈ ਸਿਰਫ ਉਹਨਾਂ ਵਿਰੁੱਧ ਲਾਮਬੰਦ ਹੋਣ ਦੀ। 'ਪਗੜੀ ਸੰਭਾਲ ਜੱਟਾ' ਅੰਦੋਲਨ ਦੇ ਤਹਿਤ ਸ੍ਰ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਗ੍ਰਿਫਤਾਰ ਕਰਕੇ ਬਿਨਾਂ ਮੁਕੱਦਮਾ ਚਲਾਏ ਮਾਂਡਲੇ (ਬਰਮਾ) ਜੇਲ੍ਹ ਵਿੱਚ ਬੰਦ ਕਰ ਦਿੱਤਾ। ਸ੍ਰ. ਕਿਸ਼ਨ ਸਿੰਘ ਤੇ ਅੰਬਾ ਪ੍ਰਸਾਦ ਗੁਪਤਵਾਸ ਹੋ ਗਏ। ਲੋਕਾਂ ਦੇ ਰੋਹ ਨੂੰ ਦੇਖਦੇ ਹੋਏ 11 ਨਵੰਬਰ 1907 ਨੂੰ ਦੋਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਆਪ ਅੰਗਰੇਜ਼ਾਂ ਦੀਆਂ ਜ਼ਾਲਮਾਨਾਂ ਕਾਰਵਾਈਆਂ ਕਾਰਨ ਦੇਸ਼ ਤੋਂ ਦੂਰ ਇਹ ਲਹਿਰ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਣਾ ਚਾਹੁੰਦੇ ਸਨ। ਅੰਬਾ ਪ੍ਰਸਾਦ ਨਾਲ ਭੇਸ ਬਦਲ ਕੇ ਆਪ ਕਰਾਚੀ ਦੇ ਰਸਤੇ ਈਰਾਨ ਪਹੁੰਚ ਗਏ। ਫਿਰ ਸਵਿਟਜ਼ਰਲੈਂਡ ਤੇ ਫਿਰ ਪੈਰਿਸ ਚਲੇ ਗਏ। ਜਿੱਥੇ ਆਪ ਦੀਆਂ ਮੁਲਾਕਾਤਾਂ ਕਈ ਮਹਾਨ ਕ੍ਰਾਂਤੀਕਾਰੀਆਂ ਨਾਲ ਹੋਈਆਂ। ਬਰਲਿਨ ਵਿੱਚ ਆਪ ਨੇ 'ਇੰਡੀਅਨ ਨੈਸ਼ਨਲ ਪਾਰਟੀ' ਦੀ ਸਥਾਪਨਾ ਕੀਤੀ। ਉੱਥੇ ਆਪ ਦੀ ਮੁਲਾਕਾਤ ਲਾਲਾ ਹਰਦਿਆਲ ਨਾਲ ਵੀ ਹੋਈ। 1913 ਤੱਕ ਆਪ ਪੈਰਿਸ ਰਹੇ। ਫਿਰ ਬ੍ਰਾਜ਼ੀਲ ਚਲੇ ਗਏ, ਜਿੱਥੇ ਆਪ ਨੇ 18 ਸਾਲ ਤੋਂ ਵੀ ਵਧੇਰੇ ਸਮਾਂ ਗੁਜ਼ਾਰਿਆ।

ਇਧਰ ਭਾਰਤ ਵਿੱਚ 1930 ਨੂੰ ਸ੍ਰ. ਭਗਤ ਸਿੰਘ ਨੇ ਅੰਗਰੇਜ਼ ਹਕੂਮਤ ਨੂੰ ਭੜਥੂ ਪਾਇਆ ਹੋਇਆ ਸੀ। ਅੰਗਰੇਜ਼ ਹਕੂਮਤ ਕਿਸੇ ਵੀ ਕੀਮਤ 'ਤੇ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਖਤਮ ਕਰਨਾ ਚਾਹੁੰਦੀ ਸੀ। ਆਖਰਕਾਰ ਸ੍ਰ. ਭਗਤ ਸਿੰਘ ਨੂੰ ਫੜ ਕੇ ਮੁਕੱਦਮਾ ਚਲਾਇਆ ਗਿਆ ਤਾਂ ਇਸ ਦਾ ਪਤਾ ਜਦ ਸ੍ਰ. ਅਜੀਤ ਸਿੰਘ ਨੂੰ ਲੱਗਾ ਤਾਂ ਉਸ ਨੇ ਭਗਤ ਸਿੰਘ ਦੇ ਪਿਤਾ ਸ੍ਰ. ਕਿਸ਼ਨ ਨੂੰ ਚਿੱਠੀ ਲਿਖ ਕੇ ਸ੍ਰ. ਭਗਤ ਸਿੰਘ ਨੂੰ ਬ੍ਰਾਜ਼ੀਲ ਭੇਜ ਦੇਣ ਦਾ ਸੁਝਾਅ ਦਿੱਤਾ, ਪਰ ਇਸ ਵਿੱਚ ਉਸ ਨੂੰ ਕਾਮਯਾਬੀ ਨਾ ਮਿਲੀ। ਅੰਗਰੇਜ਼ ਸਰਕਾਰ ਨੇ ਭਗਤ ਸਿੰਘ ਨੂੰ ਸਾਥੀਆਂ ਸਮੇਤ 23 ਮਾਰਚ 1931 ਨੂੰ ਫਾਂਸੀ ਲਗਾ ਦਿੱਤੀ। 1937-38 ਦੌਰਾਨ ਆਪ ਦਾ ਮੇਲ ਪੰਡਤ ਜਵਾਹਰ ਲਾਲ ਨਹਿਰੂ ਨਾਲ ਵੀ ਹੋਇਆ। ਜਦ ਭਾਰਤ ਵਿੱਚ 'ਭਾਰਤ ਛੱਡੋ ਅੰਦੋਲਨ' ਸ਼ੁਰੂ ਹੋਇਆ ਤਾਂ ਆਪ ਨੇ ਵਤਨ ਵਾਪਸੀ ਕੀਤੀ। ਅੰਤ ਆਪ 15 ਅਗਸਤ 1947 ਦੀ ਅਜ਼ਾਦੀ ਵਾਲੀ ਸਵੇਰ ਨੂੰ ਇਸ ਜਹਾਨੋਂ ਰੁਖਸਤ ਹੋ ਗਏ।

# ਗੋਆ ਦੀ ਆਜ਼ਾਦੀ ਦਾ ਸ਼ਹੀਦ ਕਰਨੈਲ ਸਿੰਘ ਈਸੜੂ

**ਐੱਮ ਐੱਸ ਭਾਟੀਆ**

15 ਅਗਸਤ 1947 ਨੂੰ ਜਦੋਂ ਸਮੁੱਚਾ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਹੋ ਕੇ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਉਸ ਸਮੇਂ ਦੇਸ਼ ਦਾ ਇੱਕ ਹਿੱਸਾ ਅਜੇ ਵੀ ਵਿਦੇਸ਼ੀ ਹਕੂਮਤ ਦੇ ਜਬਰ ਹੇਠ ਕਰਾਹ ਰਿਹਾ ਸੀ। ਇਹ ਹਿੱਸਾ ਸੀ—ਗੋਆ, ਦਮਨ ਅਤੇ ਦੀਵ, ਜਿੱਥੇ ਪੁਰਤਗਾਲੀਆਂ ਦਾ 450 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਨਿਆਂਪੂਰਨ ਕਬਜ਼ਾ ਸੀ। ਭਾਰਤ ਦੀ ਆਜ਼ਾਦੀ ਨੂੰ ਸੰਪੂਰਨ ਕਰਨ ਲਈ ਚਲਾਏ ਗਏ 'ਗੋਆ ਮੁਕਤੀ ਅੰਦੋਲਨ' ਵਿੱਚ ਪੰਜਾਬ ਦੇ ਸੂਰਬੀਰ ਨੌਜਵਾਨ ਮਾਸਟਰ ਕਰਨੈਲ ਸਿੰਘ ਈਸੜੂ ਨੇ ਆਪਣੀ ਜਾਨ ਦੀ ਅਹੂਤੀ ਦੇ ਕੇ ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂਅ ਅਮਰ ਕਰ ਲਿਆ।

ਮੁੱਢਲਾ ਜੀਵਨ, ਸਿੱਖਿਆ ਅਤੇ ਅਧਿਆਪਨ :ਸ਼ਹੀਦ ਕਰਨੈਲ ਸਿੰਘ ਦਾ ਜਨਮ 9 ਸਤੰਬਰ 1930 ਨੂੰ ਚੱਕ ਨੰਬਰ 50, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਪਿਤਾ ਸਰਦਾਰ ਸੁੰਦਰ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ। 1947 ਦੀ ਦੇਸ਼ ਵੰਡ ਦੇ ਭਿਆਨਕ ਦੁਖਾਂਤ ਤੋਂ ਬਾਅਦ ਉਨ੍ਹਾ ਦਾ ਪਰਿਵਾਰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਈਸੜੂ ਵਿਖੇ ਆ ਕੇ ਵਸ ਗਿਆ । ਕਰਨੈਲ ਸਿੰਘ ਨੇ ਆਪਣੀ ਮੈਟ੍ਰਿਕ (ਦਸਵੀਂ) ਦੀ ਪੜ੍ਹਾਈ ਸਾਲ 1948-49 ਵਿੱਚ 'ਏ ਐੱਸ ਹਾਈ ਸਕੂਲ, ਖੰਨਾ ਤੋਂ ਪੂਰੀ ਕੀਤੀ। ਸਕੂਲ ਪੜ੍ਹਦਿਆਂ ਹੀ ਉਨ੍ਹਾ ਨੇ ਫੀਸਾਂ ਵਿੱਚ ਵਾਧੇ ਖਿਲਾਫ਼ ਵਿਦਿਆਰਥੀ ਅੰਦੋਲਨ ਦੀ ਅਗਵਾਈ ਕੀਤੀ ਅਤੇ ਸਕੂਲ ਦੀ 'ਸਟੂਡੈਂਟਸ ਯੂਨੀਅਨ' ਦੇ ਪ੍ਰਧਾਨ ਬਣੇ। ਇਸ ਤੋਂ ਬਾਅਦ ਉਨ੍ਹਾਂ ਅਧਿਆਪਕ ਸਿਖਲਾਈ (ਜੇ ਬੀ ਟੀ) ਦਾ ਕੋਰਸ ਕੀਤਾ ਅਤੇ ਸਮਰਾਲੇ ਦੇ ਨੇੜਲੇ ਪਿੰਡ ਮਜਾਲੀਆਂ ਦੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਵਜੋਂ ਸੇਵਾ ਨਿਭਾਉਣੀ ਸ਼ੁਰੂ ਕੀਤੀ। ਇਲਾਕੇ ਵਿੱਚ ਲੋਕ ਉਨ੍ਹਾ ਨੂੰ ਪਿਆਰ ਨਾਲ 'ਮਾਸਟਰ ਕਰਨੈਲ ਸਿੰਘ' ਕਹਿ ਕੇ ਬੁਲਾਉਂਦੇ ਸਨ ।

ਏ ਆਈ ਐੱਸ ਐੱਫ ਅਤੇ ਸੀ ਪੀ ਆਈ ਨਾਲ ਸਬੰਧ: ਸਕੂਲ ਅਤੇ ਕਾਲਜ ਦੇ ਦਿਨਾਂ ਤੋਂ ਹੀ ਉਹ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂਦੇ ਸਾਥੀਆਂ ਦੀ ਇਨਕਲਾਬੀ ਵਿਚਾਰਧਾਰਾ ਤੋਂ ਡੂੰਘੇ ਪ੍ਰਭਾਵਿਤ ਸਨ । ਵਿਦਿਆਰਥੀ ਜੀਵਨ ਦੌਰਾਨ ਹੀ ਉਹ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਦੇ ਸਰਗਰਮ ਮੈਂਬਰ ਬਣੇ। ਏਆਈਐਸਐਫ ਵਿੱਚ ਰਹਿੰਦਿਆਂ ਉਨ੍ਹਾਂ ਨੇ ਵਿਦਿਆਰਥੀਆਂ ਦੇ ਹੱਕਾਂ, ਮੁਫ਼ਤ ਅਤੇ ਮਿਆਰੀ ਸਿੱਖਿਆ ਅਤੇ ਨੌਜਵਾਨਾਂ ਨੂੰ ਸਮਾਜਿਕ ਚੇਤਨਾ ਨਾਲ ਜੋੜਨ ਲਈ ਦਿਨ-ਰਾਤ ਮਿਹਨਤ ਕੀਤੀ।

ਬਾਅਦ ਵਿੱਚ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਨਾਲ ਜੁੜ ਕੇ ਪੂਰਨ ਤੌਰ 'ਤੇ ਸਮਾਜਿਕ ਅਤੇ ਸਿਆਸੀ ਸੰਗਰਾਮ ਵਿੱਚ ਕੁੱਦ ਪਏ। ਖੰਨਾ ਅਤੇ ਲੁਧਿਆਣਾ ਖੇਤਰ ਦੇ ਸੀਨੀਅਰ ਕਮਿਊਨਿਸਟ ਆਗੂ ਕਾਮਰੇਡ ਭਰਤ ਪ੍ਰਕਾਸ਼ ਵਰਗੇ ਸੂਝਵਾਨ ਸਾਥੀਆਂ ਦੀ ਸੰਗਤ ਵਿੱਚ ਉਨ੍ਹਾ ਆਪਣੀ ਸਿਆਸੀ ਸਮਝ ਨੂੰ ਹੋਰ ਤਿੱਖਾ ਕੀਤਾ।

ਜਨਤਕ ਸੰਘਰਸ਼ਾਂ ਵਿੱਚ ਸਰਗਰਮ ਭੂਮਿਕਾ: ਕਮਿਊਨਿਸਟ ਲਹਿਰ ਨਾਲ ਜੁੜ ਕੇ ਮਾਸਟਰ ਕਰਨੈਲ ਸਿੰਘ ਨੇ ਪੰਜਾਬ ਵਿੱਚ ਚੱਲ ਰਹੇ ਕਈ ਅਹਿਮ ਲੋਕ-ਘੋਲਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ।

ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕੀ ਘੋਲ: ਮਾਲਵਾ ਖੇਤਰ ਵਿੱਚ ਕਿਸਾਨਾਂ 'ਤੇ ਲਗਾਏ ਜਾ ਰਹੇ ਅਣਉਚਿਤ ਕਰਾਂ ਅਤੇ ਖੇਤ ਮਜ਼ਦੂਰਾਂ ਦੀਆਂ ਘੱਟ ਦਿਹਾੜੀਆਂ ਖਿਲਾਫ਼ ਸੀ ਪੀ ਆਈ ਵੱਲੋਂ ਲਗਾਏ ਮੋਰਚਿਆਂ ਵਿੱਚ ਉਹ ਹਮੇਸ਼ਾ ਅੱਗੇ ਰਹਿੰਦੇ ਸਨ।

ਅਧਿਆਪਕ ਅੰਦੋਲਨ: ਇੱਕ ਜੇ ਬੀ ਟੀ ਅਧਿਆਪਕ ਹੋਣ ਦੇ ਨਾਤੇ ਉਨ੍ਹਾ ਨੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਅਤੇ ਅਧਿਆਪਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ।ਉਹ ਇੱਕ ਸੁਲਝੇ ਹੋਏ ਇਨਕਲਾਬੀ ਬੁਲਾਰੇ ਅਤੇ ਸ਼ਾਇਰ ਵੀ ਸਨ। ਜਨਤਕ ਰੈਲੀਆਂ ਵਿੱਚ ਉਹ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਨਾਲ ਲੋਕਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਭਰ ਦਿੰਦੇ ਸਨ।

**ਜਲਸਿਆਂ ਵਿੱਚ ਉਹ ਜੋਸ਼ ਨਾਲ ਗਾਉਂਦੇ ਹੁੰਦੇ ਸਨ:**

ਅਮਰੀਕਾ ਨੂੰ ਮਾਣ ਹੈ ਐਟਮ ਬੰਬਾਂ 'ਤੇ, ਯੂਨਾਨ ਨੂੰ ਮਾਣ ਹੈ ਆਪਣੇ ਸਾਇੰਸਦਾਨਾਂ 'ਤੇ।ਰੂਸ ਨੂੰ ਮਾਣ ਹੈ ਆਪਣੀਆਂ ਫ਼ੌਜਾਂ 'ਤੇ, ਇੰਗਲੈਂਡ ਨੂੰ ਮਾਣ ਹੈ ਆਪਣੀਆਂ ਤੋਪਾਂ 'ਤੇ।ਪਰ ਹਿੰਦੁਸਤਾਨ ਨੂੰ ਮਾਣ ਹੈ ਆਪਣੇ ਸ਼ਹੀਦਾਂ 'ਤੇ, ਜਿਨ੍ਹਾਂ ਦੇਸ਼ ਲਈ ਸੀਨੇ 'ਚ ਗੋਲੀਆਂ ਖਾਧੀਆਂ। ਗੋਆ ਮੁਕਤੀ ਅੰਦੋਲਨ ਅਤੇ ਅਦੁੱਤੀ ਜਜ਼ਬਾ:1955 ਵਿੱਚ ਜਦੋਂ 'ਗੋਆ ਵਿਮੋਚਨ ਸਹਾਇਕ ਸਮਿਤੀ' (ਜਿਸ ਵਿੱਚ ਸੀ ਪੀ ਆਈ, ਸੋਸ਼ਲਿਸਟ ਪਾਰਟੀ ਅਤੇ ਹੋਰ ਰਾਸ਼ਟਰੀ ਧਿਰਾਂ ਸ਼ਾਮਲ ਸਨ) ਵੱਲੋਂ ਪੁਰਤਗਾਲੀ ਹਕੂਮਤ ਖਿਲਾਫ ਸਤਿਆਗ੍ਰਹਿ ਦਾ ਸੱਦਾ ਦਿੱਤਾ ਗਿਆ, ਤਾਂ ਮਾਸਟਰ ਕਰਨੈਲ ਸਿੰਘ ਨੇ ਇਸ ਵਿੱਚ ਸ਼ਾਮਲ ਹੋਣ ਦਾ ਨਿਸ਼ਚਾ ਕੀਤਾ।

ਉਨ੍ਹਾ ਦੀ ਸਰਕਾਰੀ ਨੌਕਰੀ ਅਤੇ ਘਰ ਦੀ ਆਰਥਿਕ ਹਾਲਤ ਨਾਜ਼ੁਕ ਸੀ, ਪਰ ਦੇਸ਼ ਭਗਤੀ ਦੇ



ਜਜ਼ਬੇ ਅੱਗੇ ਹਰ ਰੁਕਾਵਟ ਛੋਟੀ ਪੈ ਗਈ। ਗੋਆ ਜਾਣ ਲਈ ਕਿਰਾਏ ਦਾ ਪ੍ਰਬੰਧ ਕਰਨ ਵਾਸਤੇ ਉਨ੍ਹਾ ਆਪਣਾ ਸਾਈਕਲ ਅਤੇ ਹੱਥ ਦੀ ਘੜੀ ਵੇਚ ਦਿੱਤੀ ਅਤੇ ਕੁਝ ਪੈਸੇ ਸਾਥੀਆਂ ਤੋਂ ਉਧਾਰ ਲੈ ਕੇ ਬੰਬਈ ਵੱਲ ਰਵਾਨਾ ਹੋ ਗਏ।

ਤਿਰੰਗੇ ਦੀ ਸ਼ਾਨ ਲਈ ਅਮਰ ਸ਼ਹਾਦਤ: 15 ਅਗਸਤ 1955 ਨੂੰ ਜਦੋਂ ਦੇਸ਼ ਆਪਣਾ 8ਵਾਂ ਆਜ਼ਾਦੀ ਦਿਹਾੜਾ ਮਨਾ ਰਿਹਾ ਸੀ, ਸਤਿਆਗ੍ਰਹੀਆਂ ਦਾ ਜਥਾ ਹੱਥਾਂ ਵਿੱਚ ਤਿਰੰਗਾ ਫੜੀ ਗੋਆ ਦੀ ਸੀਮਾ (ਪੱਤਰਦੇਵੀ) ਵਿੱਚ ਦਾਖਲ ਹੋਇਆ। ਪੁਰਤਗਾਲੀ ਫੌਜ ਨੇ ਨਿਹੱਥੇ ਸਤਿਆਗ੍ਰਹੀਆਂ 'ਤੇ ਅੰਧਾਧੁੰਦ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਥੇ ਦੀ ਅਗਵਾਈ ਕਰ ਰਹੀ ਇੱਕ ਮਹਿਲਾ ਆਗੂ (ਸੁਭੱਦਰਾ ਬਾਈ) ਜਦੋਂ ਪੁਰਤਗਾਲੀਆਂ ਦੀ ਗੋਲੀ ਲੱਗਣ ਕਾਰਨ ਜ਼ਖਮੀ ਹੋ ਕੇ ਡਿੱਗਣ ਲੱਗੀ, ਤਾਂ ਜਥੇ ਵਿੱਚ ਅੱਠਵੇਂ ਨੰਬਰ 'ਤੇ ਚੱਲ ਰਹੇ ਕਰਨੈਲ ਸਿੰਘ ਈਸੜੂ ਨੇ ਤਿਰੰਗੇ ਨੂੰ ਜ਼ਮੀਨ 'ਤੇ ਨਹੀਂ ਡਿੱਗਣ ਦਿੱਤਾ।

ਉਹ ਬਿਨਾਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਭੱਜ ਕੇ ਅੱਗੇ ਆਏ, ਝੰਡੇ ਨੂੰ ਸੰਭਾਲਿਆ ਅਤੇ ਉੱਚਾ ਲਹਿਰਾ ਦਿੱਤਾ। ਇਸੇ ਦੌਰਾਨ ਪੁਰਤਗਾਲੀ ਫੌਜ ਦੀ ਗੋਲੀ ਉਨ੍ਹਾ ਦੀ ਛਾਤੀ ਵਿੱਚ ਲੱਗੀ ਅਤੇ ਮਹਿਜ਼ 25 ਸਾਲ ਦੀ ਉਮਰ ਵਿੱਚ ਉਹ ਤਿਰੰਗੇ ਦੀ ਸ਼ਾਨ ਬਚਾਉਂਦੇ ਹੋਏ ਸ਼ਹੀਦ ਹੋ ਗਏ।

ਗੋਆ ਵਿੱਚ ਮਿਲਿਆ ਵਿਸ਼ੇਸ਼ ਸਤਿਕਾਰ ਅਤੇ ਵਿਰਾਸਤ: ਕਰਨੈਲ ਸਿੰਘ ਈਸੜੂ ਦੀ ਇਸ ਅਦੁੱਤੀ ਸ਼ਹਾਦਤ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ, ਜਿਸ ਦੇ ਸਿੱਟੇ ਵਜੋਂ ਦਸੰਬਰ 1961 ਵਿੱਚ ਭਾਰਤੀ ਫੌਜ ਨੇ 'ਅਪ੍ਰੇਸ਼ਨ ਵਿਜੇ' ਚਲਾ ਕੇ ਗੋਆ ਨੂੰ ਪੁਰਤਗਾਲੀਆਂ ਤੋਂ ਮੁਕਤ ਕਰਵਾਇਆ।

ਅੱਜ ਗੋਆ ਸਰਕਾਰ ਅਤੇ ਉੱਥੋਂ ਦੇ ਲੋਕ ਉਨ੍ਹਾ ਨੂੰ ਨਤਮਸਤਕ ਹੁੰਦੇ ਹਨ, ਜਿਸ ਪੱਤਰਦੇਵੀ ਪਿੰਡ ਵਿੱਚ ਉਹ ਸ਼ਹੀਦ ਹੋਏ ਸਨ, ਉੱਥੋਂ ਦੇ ਸਰਕਾਰੀ ਸਕੂਲ ਵਿੱਚ ਉਨ੍ਹਾ ਦਾ ਕਾਂਸੀ ਦਾ ਬੁੱਤ ਸਥਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੋਆ ਦੇ ਮੋਪਾ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਜੋੜਨ ਵਾਲੀ ਮੁੱਖ ਸੜਕ ਦਾ ਨਾਂਅ ਵੀ 'ਸ਼ਹੀਦ ਕਰਨੈਲ ਸਿੰਘ ਈਸੜੂ ਮਾਰਗ' ਰੱਖਿਆ ਗਿਆ ਹੈ।ਉਹ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਤੇ ਮੈਂਬਰ ਸਨ, ਇਸ ਲਈ ਉਹਨਾ ਦੀ ਸ਼ਹਾਦਤ ਤੋਂ ਬਾਅਦ ਪਾਰਟੀ ਦਾ ਜ਼ਿਲ੍ਹਾ ਦਫਤਰ, ਜੋ ਅਬਦੁਲਾਪੁਰ ਬਸਤੀ ਵਿਚ ਸਥਿਤ ਹੈ, 'ਸ਼ਹੀਦ ਕਰਨੈਲ ਸਿੰਘ ਈਸੜੂ ਭਵਨ' ਦੇ ਨਾਲ ਨਾਂਅ ਜਾਣਿਆ ਜਾਣ ਲੱਗਾ।

ਉਹਨਾ ਦੀ ਸ਼ਹਾਦਤ ਤੋਂ ਬਾਅਦ ਪਾਰਟੀ ਦੇ ਆਗੂ ਕਾਮਰੇਡ ਭਰਤ ਪ੍ਰਕਾਸ਼ ਦੇ ਉਦਮਾਂ ਸਦਕਾ ਲੁਧਿਆਣਾ ਦੀ ਜ਼ਿਲ੍ਹਾ ਪਾਰਟੀ ਵੱਲੋਂ ਉਹਨਾਂ ਦੇ ਪਿੰਡ ਈਸੜੂ ਵਿਖੇ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਣ ਲੱਗਾ ਅਤੇ ਫਿਰ ਪਿਛਲੇ ਕੁਝ ਸਾਲਾਂ ਤੋਂ ਹਰ ਸਾਲ 15 ਅਗਸਤ ਨੂੰ ਉਨ੍ਹਾ ਦੇ ਜੱਦੀ ਪਿੰਡ ਈਸੜੂ (ਲੁਧਿਆਣਾ) ਵਿਖੇ ਵੀ ਭਾਰੀ ਰਾਜ-ਪੱਧਰੀ ਸ਼ਹੀਦੀ ਮੇਲਾ ਲਗਾਇਆ ਜਾਂਦਾ ਹੈ। ਸ਼ਹੀਦ ਕਰਨੈਲ ਸਿੰਘ ਈਸੜੂ ਦੀ ਕੁਰਬਾਨੀ ਅੱਜ ਵੀ ਭਾਰਤ ਦੀ ਰਾਸ਼ਟਰੀ ਏਕਤਾ, ਇਨਕਲਾਬੀ ਸੋਚ ਅਤੇ ਅਖੰਡਤਾ ਦੀ ਸਭ ਤੋਂ ਵੱਡੀ ਮਿਸਾਲ ਹੈ।

# ਦੇਸ਼ ਵੰਡ ਦੀ ਵੱਡੀ ਕੀਮਤ ਚੁਕਾਉਣ ਵਾਲੇ ਬੇਨਾਮ ਯੋਧੇ

**ਡਾ. ਸਤਿੰਦਰ ਪਾਲ ਸਿੰਘ**

ਕਿਸੇ ਵੀ ਸਿਧਾਂਤਕ, ਵਿਚਾਰਕ, ਪ੍ਰਣਾਲੀਗਤ ਪਰਿਵਰਤਨ ਦੀ ਕੀਮਤ ਚੁਕਾਉਣੀ ਪੈਂਦੀ ਹੈ । ਜਦੋਂ ਦੀ ਪਛਾਣ ਤੇ ਹੱਦ ਹੀ ਬਦਲ ਜਾਵੇ ਤਾਂ ਅਸਰ ਵਿਆਪਕ ਹੁੰਦਾ ਹੈ ਤੇ ਕੀਮਤ ਵੱਡੀ। ਭਾਰਤ ਦੀ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦੀ ਇੱਕ ਮਹਾਨ ਘਟਨਾ ਸੀ, ਪਰ ਨਾਲ ਹੀ ਦੇਸ਼ ਦਾ ਦੋ ਹਿੱਸਿਆਂ ਵਿੱਚ ਵੰਡ ਜਾਣਾ ਇੱਕ ਅਭੁੱਲ ਤੇ ਭਿਆਨਕ ਤ੍ਰਾਸਦੀ ਦੇ ਰੂਪ ਵਿੱਚ ਵੀ ਸਾਹਮਣੇ ਆਈ। ਜਿਨ੍ਹਾਂ ਨੂੰ ਸਦੀਆਂ ਤੋਂ ਰੀਝਾਂ ਨਾਲ ਵੱਸੇ ਆਪਣੇ ਘਰ ਛੱਡਣੇ ਪਏ, ਜਾਨਾਂ ਗਵਾਉਣੀਆਂ ਪਈਆਂ, ਨਵੇਂ ਪਿੰਡਾਂ, ਨਗਰਾਂ ਵਿੱਚ ਆਪਣੇ ਜੀਵਨ ਦੇ ਬੂਟੇ ਦੁਬਾਰਾ ਲਾਉਣੇ ਪਏ , ਜਿਨ੍ਹਾਂ ਨੂੰ ਮੱਥੇ 'ਤੇ ਸ਼ਰਨਾਰਥੀ ਦੀ ਮੋਹਰ ਬਿਨਾਂ ਕਿਸੇ ਕਸੂਰ ਲਾਉਣੀ ਪਈ, ਉਨ੍ਹਾਂ ਲਈ ਆਜ਼ਾਦੀ ਦੇ ਮਾਇਨੇ ਹੀ ਬਦਲ ਗਏ। ਆਪਣੀ ਜ਼ਮੀਨ , ਆਪਣੀ ਪਛਾਣ ਦਾ ਸੰਕਟ ਪੈਦਾ ਹੋ ਗਿਆ।'47 ਦੀ ਵੰਡ ਕੀ ਹੋਈ, ਇੱਕ ਵੱਡੀ ਆਬਾਦੀ ਦਾ ਪੰਜਾਬ ਸਦਾ ਲਈ ਸੁਪਨਾ ਬਣ ਗਿਆ। ਸੰਨ 1947 ਦੀ ਵੰਡ ਦਿਲ ਚੀਰ ਕੇ ਰੱਖ ਦੇਣ ਵਾਲੀ ਸੀ । ਪੀੜ੍ਹੀਆਂ ਬਦਲ ਗਈਆਂ ਹਨ, ਪਰ ਕਹਾਣੀਆਂ ਜੋ ਪੁਰਖਿਆਂ ਨੇ ਸੁਣਾਈਆਂ, ਉਹ ਕੰਨਾਂ 'ਚ ਸਦਾ ਗੂੰਜਦੀਆਂ ਰਹਿੰਦੀਆਂ ਹਨ। ਜੋ ਵਾਪਰਿਆ ਉਹ ਪੂਰਾ ਦਾ ਪੂਰਾ ਇਤਿਹਾਸ ਦਾ ਹਿੱਸਾ ਬਣ ਸਕੇਗਾ, ਇਸ 'ਚ ਭਾਰੀ ਸ਼ੱਕ ਹੈ, ਕਿਉਂਕਿ ਇਸ ਬਾਰੇ ਕੋਈ ਖਾਸ ਜਤਨ ਹੋਏ ਹੀ ਨਹੀਂ , ਜੋ ਹੋਏ ਉਹ ਬੁੱਧੀਜੀਵੀ ਵਰਗ ਲਈ ਰੌਚਕ ਵਾਰਤਾ ਬਣ ਕੇ ਰਹਿ ਗਏ। ਕੁਝ ਨਜ਼ਮਾਂ, ਕੁਝ ਫਿਲਮਾਂ, ਕੁਝ ਕਿਤਾਬਾਂ, ਇਸ ਤੋਂ ਵੱਧ ਨਹੀਂ। ਜਿਨ੍ਹਾਂ ਨੇ ਉਹ ਦੌਰ ਝੱਲਿਆ ਉਨ੍ਹਾਂ ਦੇ ਦਿਲ ਤਾਂ ਕਦੇ ਫਰੋਲੇ ਹੀ ਨਹੀਂ ਗਏ। ਜੇ ਹਰ ਸੱਚਾਈ ਬਾਹਰ ਆ ਜਾਂਦੀ ਤਾਂ ਇਹ ਧਰਤੀ ਸ਼ਾਇਦ ਸਹਿਣ ਨਹੀਂ ਕਰ ਪਾਉਂਦੀ।



ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਟੱਲ ਕੱਕਾ ਤਹਿਸੀਲ ਖਾਰਿਆਂ ਵਿੱਚ ਆਉਂਦਾ ਹੈ। ਇਸ ਪਿੰਡ ਵਿੱਚ ਸਰਦਾਰ ਹਰੀ ਸਿੰਘ ਸਭ ਤੋਂ ਧਨਵਾਨ ਤੇ ਰਸੂਖਦਾਰ ਮੰਨੇ ਜਾਂਦੇ ਸਨ। ਉਹ ਆਪਣੀ ਹਵੇਲੀ ਦੇ ਗੇਟ ਵਿੱਚੋਂ ਵਿੱਚ ਮੰਜਾ ਡਾਹ ਕੇ ਬੈਠ ਜਾਂਦੇ ਤਾਂ ਲੋਕ ਉਸ ਪਾਸੋਂ ਨਿਕਲਦਿਆਂ ਸੰਗਦੇ ਸਨ। ਕਿਸੇ ਸਾਧੂ ਨੇ ਉਨ੍ਹਾਂ ਦੀ ਜ਼ਮੀਨ 'ਤੇ ਇਕ ਗੁਰਦੁਆਰਾ ਉਸਾਰਿਆ ਸੀ, ਜੋ ਠੀਕ ਸ੍ਰੀ ਹਰਿਮੰਦਰ ਸਾਹਿਬ ਵਰਗਾ ਲੱਗਦਾ ਸੀ। ਜਦੋਂ ਵੰਡ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਕਈ ਸਿੱਖ, ਹਿੰਦੂ ਪਰਵਾਰ ਹਿੰਦੁਸਤਾਨ ਵਾਲੇ ਪਾਸੇ ਆਉਣੇ ਸ਼ੁਰੂ ਹੋ ਗਏ । ਸਰਦਾਰ ਹਰੀ ਸਿੰਘ ਹੱਸਦੇ ਤੇ ਕਹਿੰਦੇ-ਰੌਲਾ ਜਿਹਾ ਹੈ, ਕੁਝ ਦਿਨਾਂ 'ਚ ਮੁੱਕ ਜਾਣਾ ਹੈ। ਉਹ ਕਹਿੰਦੇ ਕਿ ਇਨ੍ਹਾਂ ਗਰੀਬੜੇ ਮੁਸਲਮਾਨਾਂ ਕੀ ਕਰਨਾ ਹੈ, ਜੋ ਸਾਡੇ ਸਾਹਮਣੇ ਉਚੀ ਆਵਾਜ਼ 'ਚ ਬੋਲਦੇ ਡਰਦੇ ਹਨ। ਸਰਦਾਰ ਜੀ ਦੇ ਇਕੱਲੇ ਬੇਟੇ ਸਰਦਾਰ ਲਾਭ ਸਿੰਘ ਨੇ ਮਨ ਬਣਾਇਆ ਕਿ ਹਿੰਦੁਸਤਾਨ ਦਾ ਹਿੱਸਾ ਵੇਖ ਕੇ ਤਾਂ ਆਈਏ। ਉਹ ਆਪਣੇ 12-13 ਸਾਲ ਦੇ ਬੇਟੇ ਨਾਲ ਯੂ. ਪੀ. ਦੇ ਇੱਕ ਛੋਟੇ ਜਿਹੇ ਨਗਰ ਆਏ । ਇੱਥੇ ਕਈ ਸਿੱਖ ਪਰਵਾਰ ਪਹਿਲਾਂ ਹੀ ਆ ਚੁੱਕੇ ਸਨ। ਲਾਭ ਸਿੰਘ ਨੇ ਵੀ ਮਨ ਬਣਾਇਆ ਤੇ ਬੇਟੇ ਨੂੰ ਇੱਥੇ ਹੀ ਸੰਬੰਧੀਆਂ ਕੋਲ ਛੱਡ ਪਿੰਡ ਪਰਤ ਗਏ। ਹਰੀ ਸਿੰਘ ਨੇ ਟੱਲ ਕੱਕਾ ਤੋਂ ਕਿਤੇ ਹੋਰ ਜਾਣ ਤੋਂ ਇਨਕਾਰ ਕਰ ਦਿੱਤਾ, ਪਰ ਬੇਟੇ ਨੂੰ ਪਰਵਾਰ ਸਹਿਤ ਜਾਣ ਦੀ ਇਜਾਜ਼ਤ ਦੇ ਦਿੱਤੀ । ਬੇਟਾ ਲਾਭ ਸਿੰਘ ਜਦੋਂ ਲੋੜੀਂਦਾ ਸਮਾਨ ਬੰਨ੍ਹ ਕੇ ਫਤਿਹ ਬੁਲਾਉਣ ਗਿਆ ਤਾਂ ਹਰੀ ਸਿੰਘ ਦੇ ਮੂੰਹੋਂ ਭਾਵੁਕ ਹੋ ਨਿਕਲ ਗਿਆ ਕਿ ਮੈਨੂੰ ਛੱਡ ਕੇ ਜਾ ਰਿਹੈਂ। ਲਾਭ ਸਿੰਘ ਦਾ ਮਨ ਭਰ ਆਇਆ ਤੇ ਉਹ ਰੁਕ ਗਏ। ਕੁਝ ਦਿਨਾਂ ਬਾਅਦ ਹੀ ਉਨ੍ਹਾ ਦੇ ਪਿੰਡ ਵਿੱਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੁਝ ਲੋਕ ਆਏ ਤੇ ਸਥਾਨਕ ਮੁਸਲਮਾਨਾਂ ਨੂੰ ਭੜਕਾਇਆ। ਇਸ ਦਾ ਨਤੀਜਾ ਇਹ ਹੋਇਆ ਕਿ ਇੱਕ ਵੱਡੀ ਭੀੜ ਨੇ ਇੱਕ ਰਾਤ ਸਰਦਾਰ ਹਰੀ ਸਿੰਘ ਦੀ ਹਵੇਲੀ 'ਤੇ ਹਮਲਾ ਕਰ ਅੱਗ ਲਾ ਦਿੱਤੀ। ਘਰ ਦੀਆਂ ਬੀਬੀਆਂ, ਬੱਚੀਆਂ ਹਵੇਲੀ ਅੰਦਰ ਬਣੇ ਖੂਹ 'ਚ ਕੁੱਦ ਗਈਆਂ ਤੇ ਸਾਰੇ ਮਰਦ ਅੱਗ ਤੇ ਭੀੜ ਨਾਲ ਲੜਦੇ ਮਾਰੇ ਗਏ। ਕਹਿੰਦੇ ਹਨ ਕਿ ਹਵੇਲੀ ਏਨੀ ਵੱਡੀ ਸੀ ਕਿ ਤਿੰਨ - ਚਾਰ ਦਿਨ ਅੱਗ ਦੇ ਭਾਂਬੜ ਬਲਦੇ ਦੂਰ ਤੱਕ ਵਿਖਾਈ ਦਿੰਦੇ ਰਹੇ। ਆਪਣੀ ਜ਼ਮੀਨ , ਆਪਣੇ ਪਿੰਡ ਲਈ ਪਿਆਰ, ਆਪਣੇ ਪਿੰਡ ਦੇ ਲੋਕਾਂ 'ਤੇ ਭਰੋਸਾ ਏਨਾ ਮਹਿੰਗਾ ਪਿਆ ਕਿ ਜਿਸ ਨੇ ਵੀ ਸੁਣਿਆ, ਉਹ ਕੰਬ ਉਠਿਆ। ਹਵੇਲੀ ਤੇ ਹਵੇਲੀ ਦੇ ਲੋਕ ਸੁਆਹ ਦਾ ਢੇਰ ਬਣ ਕੇ ਰਹਿ ਗਏ। ਦੇਸ਼ ਆਜ਼ਾਦ ਹੋਇਆ ਨਾਲ ਹੀ ਇਹ ਸੁਭਾਵਕ ਭਰੋਸਾ ਤੇ ਸਬਰ ਰੱਖਣ ਵਾਲੇ ਲੋਗ ਆਪਣੀਆਂ ਜ਼ਿੰਦਗੀਆਂ ਤੋਂ ਹੀ ਆਜ਼ਾਦ ਹੋ ਗਏ। ਦੰਗਾਈਆਂ ਦੀ ਭੀੜ ਨੇ ਕਿਸ ਨੂੰ ਪਹਿਲਾਂ ਮਾਰਿਆ ਹੋਵੇਗਾ ਤੇ ਕਿਸ ਦੀਆਂ ਅੱਖਾਂ ਕਿਸ ਦੀ ਮੌਤ ਵੇਖ ਕੇ ਪੱਥਰ ਹੋ ਗਾਈਆਂ ਹੋਣਗੀਆਂ, ਇਹ ਦੱਸਣ ਲਈ ਕੋਈ ਨਹੀਂ ਸੀ। ਇੱਕ ਹੱਸਦਾ-ਖੇਡਦਾ ਵੱਡਾ ਤੇ ਸੁਖੀ ਪਰਵਾਰ ਆਪਣੇ ਭਰੋਸੇ 'ਤੇ ਜਾਨਾਂ ਵਾਰ ਗਿਆ। ਉਧਰ ਜੋ ਬਾਰਾਂ ਸਾਲ ਦਾ ਬੱਚਾ ਆਪਣੇ ਪਰਿਵਾਰ ਦੀ ਉਡੀਕ ਕਰ ਰਿਹਾ ਸੀ, ਉਹ ਉਡੀਕ ਉਸ ਦੇ ਸੀਨੇ ਵਿੱਚ ਚਟਾਨ ਦੀ ਤਰ੍ਹਾਂ ਸਦਾ ਲਈ ਜੰਮ ਗਈ। ਹੁਣ ਉਹ ਰਫਿਊਜੀ ਵੀ ਸੀ, ਅਨਾਥ ਵੀ ਤੇ ਦਾਣੇ-ਦਾਣੇ ਦਾ ਮੁਥਾਜ ਵੀ। ਸਾਰੇ ਲੋਕ ਅਣਜਾਣ, ਪੂਰਾ ਮਾਹੌਲ ਅਣਪਛਾਣਿਆ ਤੇ ਹਿੱਕ ਲਾ ਕੇ ਦਿਲਾਸਾ ਦੇਣ ਵਾਲਾ ਕੋਈ ਨਹੀ। ਉਸ ਬੱਚੇ ਨੇ ਨਗਰ ਦੇ ਲਾਗੇ ਤੋਂ ਵਹਿੰਦੀ ਗੋਮਤੀ ਨਦੀ ਦੇ ਕਿਨਾਰੇ ਇੱਕ ਕੱਚੇ ਕਮਰੇ ਤੋਂ ਆਪਣੇ ਜੀਵਨ ਦੀ ਸ਼ੁਰੂਆਤ ਕੀਤੀ । ਚਾਲੀ ਸਾਲ ਦੀ ਉਮਰ 'ਚ ਸਰਦਾਰ ਹਰਭਜਨ ਸਿੰਘ ਉਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੀ ਚੋਣ ਜਿੱਤ ਕੇ ਵਿਧਾਨ ਭਵਨ ਪੁੱਜੇ ਤਾਂ ਸਮਾਂ ਜ਼ਰੂਰ ਆਪਣੀ ਚਾਲ 'ਤੇ ਹੱਸਿਆ ਜ਼ਰੂਰ ਹੋਵੇਗਾ । ਇਹ ਇੱਕ ਘਟਨਾ ਹੈ।ਅਜਿਹੀਆਂ ਕਿਤਨੀਆਂ ਹੀ ਘਟਨਾਵਾਂ, ਇਸ ਤੋਂ ਕਿਤੇ ਵੱਧ ਦਿਲ-ਕੰਬਾਊ ਘਟਨਾਵਾਂ ਧਰਤੀ ਦੇ ਸੀਨੇ ਵਿੱਚ ਦਫਨ ਹੋਣ, ਕਿਹਾ ਨਹੀਂ ਜਾ ਸਕਦਾ।

ਸੰਨ 1947 ਤੋਂ ਬਾਅਦ ਪੱਛਮੀ ਪੰਜਾਬ ਤੋਂ ਆਏ ਸਿੱਖ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਆਪਣੀ ਸਹੂਲੀਅਤ ਨਾਲ ਜਾ ਵਸੇ। ਪੁਰਖਿਆਂ ਦੇ ਵਸਾਏ ਘਰ-ਬਾਰ, ਜ਼ਮੀਨਾਂ, ਦੌਲਤ, ਅਜ਼ੀਜ਼ ਗੁਆ ਕੇ ਆਉਣ ਦਾ ਅਸਹਿ ਦਰਦ ਤਾਂ ਸੀ ਹੀ ਉਨ੍ਹਾਂ ਨੂੰ, ਸਥਾਨਕ ਸਮਾਜ ਅੰਦਰ ਥਾਂ ਬਣਾਉਣ ਦੀ ਵੱਡੀ ਜੰਗ ਲੜਨੀ ਪਈ। ਉਨ੍ਹਾਂ ਦੇ ਸਿੱਖੀ ਸਵਰੂਪ ਦਾ ਮਜ਼ਾਕ ਬਣਾਇਆ ਗਿਆ, ਉਨ੍ਹਾਂ ਦੀ ਬੋਲੀ 'ਤੇ ਫਬਤੀਆਂ ਕੱਸੀਆਂ ਗਾਈਆਂ, ਉਨ੍ਹਾਂ ਦੇ ਖਾਨ -ਪਾਨ 'ਤੇ ਚੁਟਕੁਲੇ ਬਣੇ । ਸਿੱਖਾਂ ਨੂੰ ਆਪਣੀ ਬੌਧਿਕ ਸਮਰਥਾ ਨੂੰ ਲੈ ਕੇ ਵੀ ਕਾਫੀ ਕੁਝ ਸੁਣਨਾ ਪੈਂਦਾ ਸੀ। ਜੀਵਨ ਚਲਾਉਣ ਲਈ ਜੱਦੋ-ਜਹਿਦ ਦੀਆਂ ਕਰੜੀਆਂ ਚੁਣੌਤੀਆਂ ਵੱਖ ਸਨ ।ਲੋਕ ਜਿੱਥੇ ਕੁਝ ਸਾਲ ਰਹਿ ਲੈਂਦੇ ਹਨ, ਮੋਹ ਪੈਦਾ ਹੋ ਜਾਂਦਾ ਹੈ। ਹਿੰਦੀ ਦੇ ਇਕ ਮਸ਼ਹੂਰ ਕਵੀ ਤੇ ਗਜ਼ਲਕਾਰ ਦਾ ਤਬਾਦਲਾ ਹੋ ਗਿਆ ਸੀ ਤਾਂ ਉਸ ਨੇ ਖੁਦਕੁਸ਼ੀ ਕਰ ਲਈ ਸੀ। ਇਹ ਤਾਂ ਸਿੱਖਾਂ, ਹਿੰਦੂਆਂ ਦੀ ਇੱਕ ਵੱਡੀ ਆਬਾਦੀ ਲਈ ਅਜਿਹੇ ਹਾਲਾਤ ਬਣ ਜਾਣਾ ਸੀ, ਜੋ ਨਾ ਜੀਵਨ ਦੇ ਸਨ, ਨਾ ਮਰਨ ਦੇ। ਜਦੋਂ ਭਾਰਤ ਦੀ ਵੰਡ ਦੇ ਦੁੱਖ ਦੀ ਗੱਲ ਕੀਤੀ ਜਾਂਦੀ ਹੈ, ਬਸ ਕਤਲਾਂ, ਮੌਤਾਂ, ਲੁੱਟਮਾਰ ਦੀ ਗੱਲ ਹੁੰਦੀ ਹੈ, ਜੋ ਅਧੂਰੀ ਹੁੰਦੀ ਹੈ। ਸਿੱਖਾਂ ਨੇ ਪੰਜਾਬ ਤੋਂ ਬਾਹਰ ਜਿਨ੍ਹਾਂ ਹਾਲਾਤ ਦਾ ਸਾਹਮਣਾ ਕੀਤਾ ਹੈ, ਉਹ ਵੀ ਓਨਾ ਹੀ ਪੀੜਾ ਦੇਣ ਵਾਲਾ ਹੈ।

ਪੰਜਾਬ ਤੋਂ ਬਾਹਰ ਵਸੇ ਸਿੱਖ ਭਾਰਤ ਦੀ ਵੰਡ ਦੇ ਅਜਿਹੇ ਕਿੰਨੇ ਹੀ ਦਰਦ ਅਜੇ ਵੀ ਸੀਨੇ ਅੰਦਰ ਰੱਖ ਕੇ ਜਿਉਣ ਲਈ ਮਜਬੂਰ ਹਨ । ਆਜ਼ਾਦੀ ਤੋਂ ਬਾਅਦ ਲਗਾਤਾਰ ਸਹਿਣ ਕੀਤਾ ਜਾਣ ਵਾਲ਼ਾ ਇਹ ਦਰਦ ਭਾਰਤ ਦੀ ਵੰਡ ਦੇ ਇਤਿਹਾਸ ਦਾ ਖਾਲੀ ਪੰਨਾ ਹੈ, ਜਿਸ ਨੂੰ ਲਿਖਿਆ ਨਹੀਂ ਜਾ ਰਿਹਾ । ਇਹ ਹਕੀਕਤ ਹੈ, ਜੋ ਪੀੜ੍ਹੀ ਦਰ ਪੀੜ੍ਹੀ ਮਨਾਂ ਨੂੰ ਚੁੱਭਦੀ ਰਹੇਗੀ ।ਦਰਅਸਲ ਦੇਸ਼ ਵੰਡ ਦੌਰਾਨ ਜਾਨਾਂ ਦਿੱਤੀਆਂ ਗਈਆਂ ਤਾਂ ਹੀ ਵੰਡ ਤੇ ਆਜ਼ਾਦੀ ਸੰਪੂਰਨ ਹੋਈ । ਇਹ ਦੇਸ਼ ਦੀ ਅਜ਼ਾਦੀ ਵਿੱਚ ਇੱਕ ਮਹੱਤਵਪੂਰਨ ਤੇ ਨਿਰਣਾਇਕ ਯੋਗਦਾਨ ਸੀ। ਜਿੰਨੇ ਵੀ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣੀਆਂ ਜਾਨਾਂ ਸੰਨ 1947 ਦੀ ਵੰਡ ਵਿੱਚ ਦਿੱਤੀਆਂ, ਉਹ ਜਾਨਾਂ ਵੀ ਦੇਸ਼ ਦੀ ਅਜ਼ਾਦੀ ਲਈ ਦਿੱਤੀਆ, ਸ਼ਹੀਦੀਆਂ ਤੋਂ ਘੱਟ ਕੀਮਤ ਨਹੀਂ ਰੱਖਦੀਆਂ। ਇਨ੍ਹਾਂ ਨੂੰ ਵੀ ਸੁਤੰਤਰਤਾ ਸੰਗਰਾਮ ਦੇ ਸ਼ਹੀਦਾਂ ਦਾ ਦਰਜਾ ਦਿੱਤਾ ਜਾਣਾ ਚਾਹੀਦੈ। ਉਸ ਇਤਿਹਾਸ ਦੀ ਸਾਂਭ ਜ਼ਰੂਰੀ ਹੈ ਜੋ ਲਿਖਿਆ ਹੀ ਨਹੀਂ ਗਿਆ, ਪਰ ਜਿਸ ਦੇ ਬਿਨਾਂ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਪੂਰਾ ਵੀ ਨਹੀਂ ਹੁੰਦਾ।ਆਉਣ ਵਾਲੀਆਂ ਪੀੜ੍ਹੀਆਂ ਨੂੰ ਹੱਕ ਹੈ ਪੂਰਾ ਸੱਚ, ਸੰਪੂਰਨ ਇਤਿਹਾਸ ਜਾਨਣ ਦਾ ।

# ਵਿੱਤ ਮੰਤਰੀ ਦੇ 'ਐਂਟੀ ਸਟੇਟ' ਬਿਆਨ ਵਿਰੁੱਧ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਮੁਜ਼ਾਹਰਾ

## ਕਲਮ ਛੋੜ ਤੇ ਕੰਪਿਊਟਰ ਬੰਦ ਹੜਤਾਲ ਦੀ ਚਿਤਾਵਨੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸੂਬਾ ਪੱਧਰੀ ਸੱਦੇ 'ਤੇ ਐਸ.ਡੀ.ਐਮ. ਅਤੇ ਤਹਿਸੀਲ ਦਫ਼ਤਰ ਮਹਿਲ ਕਲਾਂ ਦੇ ਮੁਲਾਜ਼ਮਾਂ ਵੱਲੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮੁਲਾਜ਼ਮ ਜਥੇਬੰਦੀਆਂ ਨੂੰ ਕਥਿਤ ਤੌਰ 'ਤੇ 'ਐਂਟੀ ਸਟੇਟ' ਕਹਿਣ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਜ਼ਿਲ੍ਹਾ ਬਰਨਾਲਾ ਦੇ ਜਨਰਲ ਸਕੱਤਰ ਵਿੱਕੀ ਡਾਬਲਾ ਦੀ ਅਗਵਾਈ ਹੇਠ ਇਕੱਠੇ ਹੋਏ ਮੁਲਾਜ਼ਮਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਵਿੱਤ ਮੰਤਰੀ ਦੀ ਅਰਥੀ ਫੂਕ ਕੇ ਰੋਸ ਪ੍ਰਗਟ ਕੀਤਾ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਉਹ ਆਪਣੀਆਂ ਜਾਇਜ਼ ਮੰਗਾਂ ਦੀ ਪੂਰਤੀ ਲਈ ਸੰਵਿਧਾਨਕ ਤੇ ਲੋਕਤੰਤਰਿਕ ਢੰਗ ਨਾਲ ਸੰਘਰਸ਼ ਕਰ ਰਹੇ ਹਨ।ਅਜਿਹੇ ਮੁਲਾਜ਼ਮਾਂ ਨੂੰ 'ਐਂਟੀ ਸਟੇਟ' ਕਹਿਣਾ ਪੂਰੇ ਮੁਲਾਜ਼ਮ ਵਰਗ ਦਾ ਅਪਮਾਨ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਮੁਲਾਜ਼ਮ ਆਪਣੀਆਂ ਸੇਵਾਵਾਂ ਰਾਹੀਂ ਦੇਸ਼ ਤੇ ਸੂਬੇ ਦੀ ਸੇਵਾ ਕਰਦੇ ਹਨ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣਾ ਕਿਸੇ ਵੀ ਤਰ੍ਹਾਂ ਦੇਸ਼ ਵਿਰੋਧੀ ਕਾਰਵਾਈ ਨਹੀਂ ਹੈ।ਮੁਲਾਜ਼ਮ ਆਪਣੀਆਂ ਡਿਊਟੀਆਂ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਆਪਣੇ ਹੱਕਾਂ ਲਈ ਲੋਕਤੰਤਰਿਕ ਢੰਗ ਨਾਲ ਸੰਘਰਸ਼ ਕਰ ਰਹੇ ਹਨ।ਰੋਸ ਪ੍ਰਦਰਸ਼ਨ ਦੌਰਾਨ ਮੁਲਾਜ਼ਮਾਂ ਵੱਲੋਂ ਨਿੰਦਾ ਪ੍ਰਸਤਾਵ ਵੀ ਪਾਸ ਕੀਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮੁਲਾਜ਼ਮ ਜਥੇਬੰਦੀਆਂ ਸਬੰਧੀ ਦਿੱਤਾ ਗਿਆ ਕਥਿਤ 'ਐਂਟੀ ਸਟੇਟ' ਬਿਆਨ ਵਾਪਸ ਲਿਆ ਜਾਵੇ ਤੇ ਵਿੱਤ ਮੰਤਰੀ ਮੁਲਾਜ਼ਮ ਵਰਗ ਤੋਂ ਤੁਰੰਤ ਮੁਆਫ਼ੀ ਮੰਗਣ।ਮੁਲਾਜ਼ਮ ਆਗੂਆਂ ਨੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਨਾਲ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਅਤੇ ਕੈਬਨਿਟ ਸਬ-ਕਮੇਟੀ ਪੱਧਰ 'ਤੇ ਕਈ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਕਈ ਮੀਟਿੰਗਾਂ ਬੇਸਿੱਟਾ ਰਹੀਆਂ ਅਤੇ ਕਈ ਆਖ਼ਰੀ ਮੌਕੇ 'ਤੇ ਰੱਦ ਹੋ ਗਈਆਂ।ਇਸ ਕਾਰਨ ਮੁਲਾਜ਼ਮਾਂ ਵਿੱਚ ਸਰਕਾਰ ਪ੍ਰਤੀ ਬੇਭਰੋਸਗੀ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਖੇ ਹੋਈ ਮਹਾਂ ਰੈਲੀ ਦੌਰਾਨ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਜਤਾਇਆ ਸੀ।ਮੁਲਾਜ਼ਮਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਅਨੁਸਾਰ ਮੁਲਾਜ਼ਮਾਂ ਨੂੰ ਬਣਦਾ ਮਹਿੰਗਾਈ ਭੱਤਾ (ਡੀ.ਏ.) ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ ਲੰਮੇ ਸਮੇਂ ਤੋਂ ਲਟਕਦੀਆਂ ਹੋਰ ਜਾਇਜ਼ ਮੰਗਾਂ ਦਾ ਵੀ ਤੁਰੰਤ ਨਿਪਟਾਰਾ ਕੀਤਾ ਜਾਵੇ।ਮੁਲਾਜ਼ਮ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਸਬੰਧੀ ਕੋਈ ਠੋਸ ਫੈਸਲਾ ਨਾ ਲਿਆ ਤਾਂ 17 ਤੇ 18 ਅਗਸਤ ਨੂੰ ਦਫ਼ਤਰੀ ਮੁਲਾਜ਼ਮਾਂ ਵੱਲੋਂ ਕਲਮ ਛੋੜ ਅਤੇ ਕੰਪਿਊਟਰ ਬੰਦ ਹੜਤਾਲ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰੀ ਦਫ਼ਤਰਾਂ ਦਾ ਕੰਮਕਾਜ ਪ੍ਰਭਾਵਤ ਹੋਵੇਗਾ ਅਤੇ ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਕਲਾਲ ਮਾਜਰਾ ਦੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ ਦੇ ਮਾਮਲੇ 'ਚ ਅਣਪਛਾਤੇ ਵਾਹਨ ਚਾਲਕ 'ਤੇ ਪਰਚਾ ਦਰਜ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਲਾਲ ਮਾਜਰਾ ਦੇ ਇੱਕ ਮਜ਼ਦੂਰ ਪਰਵਾਰ ਨਾਲ ਸਬੰਧਤ ਨੌਜਵਾਨ ਜਗਦੇਵ ਸਿੰਘ (30) ਪੁੱਤਰ ਪਰਮਜੀਤ ਸਿੰਘ ਦੀ ਬੀਤੇ ਦਿਨੀਂ ਕਲਾਲ ਮਾਜਰਾ-ਮਹਿਲ ਕਲਾਂ ਰੋਡ 'ਤੇ ਵਾਪਰੇ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਬਠਿੰਡਾ ਦੇ ਇੱਕ ਹਸਪਤਾਲ 'ਚ ਇਲਾਜ ਅਧੀਨ ਮੌਤ ਹੋ ਜਾਣ ਦੀ ਖ਼ਬਰ ਮਿਲੀ ਹੈ।ਨੌਜਵਾਨ ਦੀ ਮੌਤ ਤੋਂ ਬਾਅਦ ਪਰਵਾਰਕ ਮੈਂਬਰਾਂ ਨੇ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਥਾਣਾ ਮਹਿਲ ਕਲਾਂ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਪੁਲਸ ਪ੍ਰਸ਼ਾਸਨ ਤੋਂ ਹਾਦਸੇ ਦੀ ਨਿਰਪੱਖ ਜਾਂਚ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੀ ਮੰਗ ਕੀਤੀ।ਮ੍ਰਿਤਕ ਨੌਜਵਾਨ ਦੇ ਪਿਤਾ ਪਰਮਜੀਤ ਸਿੰਘ ਵਾਸੀ ਕਲਾਲ ਮਾਜਰਾ ਨੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਜਗਦੇਵ ਸਿੰਘ 11 ਅਗਸਤ ਨੂੰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਕਲਾਲ ਮਾਜਰਾ ਤੋਂ ਮਹਿਲ ਕਲਾਂ ਵੱਲ ਆ ਰਿਹਾ ਸੀ। ਪਿੰਡ ਤੋਂ ਥੋੜ੍ਹੀ ਦੂਰ ਮਹਿਲ ਕਲਾਂ ਨੂੰ ਜਾਂਦੀ ਸੜਕ 'ਤੇ ਉਹ ਇਕ ਵਾਹਨ ਨਾਲ ਟਕਰਾਉਣ ਨਾਲ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਪਰਵਾਰ ਵੱਲੋਂ ਉਸ ਨੂੰ ਤੁਰੰਤ ਕਮਿਊਨਿਟੀ ਹੈਲਥ ਸੈਂਟਰ ਵਿਖੇ ਇਲਾਜ ਲਈ ਦਾਖ਼ਲ ਕਰਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਬਠਿੰਡਾ ਦੇ ਹਸਪਤਾਲ 'ਚ ਭਰਤੀ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਨੇ ਜ਼ਿੰਦਗੀ ਮੌਤ ਦੀ ਲੜਾਈ ਲੜਦਿਆਂ 12 ਅਗਸਤ ਨੂੰ ਆਖ਼ਰ ਦਮ ਤੋੜ ਦਿੱਤਾ। ਮ੍ਰਿਤਕ ਨੌਜਵਾਨ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ।ਉਹ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰ ਰਿਹਾ ਸੀ।ਉਹ ਆਪਣੇ ਪਿੱਛੇ ਪੁੱਤਰ, ਧੀ ਤੇ ਮਾਪਿਆਂ ਨੂੰ ਵਿਲਕਦਿਆਂ ਛੱਡ ਗਿਆ ਹੈ।ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹਾਦਸੇ ਦੀ ਨਿਰਪੱਖ ਜਾਂਚ ਕਰਕੇ ਅਸਲ ਤੱਥ ਸਾਹਮਣੇ ਲਿਆ ਕੇ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਇਸ ਮੌਕੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਹਰਜੀਤ ਸਿੰਘ ਖਿਆਲੀ, ਪਿੰਡ ਦੇ ਸਰਪੰਚ ਜਗਜੀਵਨ ਸਿੰਘ ਨੇ ਪੀੜਤ ਪਰਵਾਰ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਨੌਜਵਾਨ ਜਗਦੇਵ ਸਿੰਘ ਦੀ ਅਚਾਨਕ ਮੌਤ ਨਾਲ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹਾਦਸੇ ਦੇ ਅਸਲ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਕੀਤੀ ਜਾਵੇ ਅਤੇ ਜੇਕਰ ਕਿਸੇ ਦੀ ਵੀ ਅਣਗਹਿਲੀ ਸਾਹਮਣੇ ਆਉਂਦੀ ਹੈ ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ।

# ਅਮਨ-ਅਮਾਨ ਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਾਡੀ ਮੁੱਖ ਪਹਿਲ : ਡੀ ਆਈ ਜੀ

**ਮਾਲੇਰਕੋਟਲਾ (ਅਸਗਰ ਪਰਿਵਾਰ)**



ਆਜ਼ਾਦੀ ਦਿਵਸ ਦੇ ਮੱਦੇਨਜ਼ਰ ਸੁਰੱਖਿਆ ਵਿਵਸਥਾ ਨੂੰ ਅਤਿ-ਆਧੁਨਿਕ ਅਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੁਲਸ ਪ੍ਰਸ਼ਾਸਨ ਵੱਲੋਂ ਸ਼ਹਿਰ ਅੰਦਰ ਇੱਕ ਵਿਸ਼ਾਲ ਫਲੈਗ ਮਾਰਚ ਕੱਢਿਆ ਗਿਆ।ਇਹ ਫਲੈਗ ਮਾਰਚ ਡੀ.ਆਈ.ਜੀ. ਕਮਾਂਡੋ ਗੁਰਪ੍ਰੀਤ ਸਿੰਘ ਤੇ ਜ਼ਿਲ੍ਹਾ ਪੁਲਸ ਮੁਖੀ ਐੱਸ.ਐੱਸ.ਪੀ. ਸ. ਗੁਰਮੀਤ ਸਿੰਘ ਦੀ ਸਾਂਝੀ ਅਗਵਾਈ ਹੇਠ ਕੱਢਿਆ ਗਿਆ, ਜਿਸ 'ਚ ਵੱਡੀ ਗਿਣਤੀ ਪੁਲਸ ਫੋਰਸ ਨੇ ਹਿੱਸਾ ਲਿਆ।

ਇਹ ਫਲੈਗ ਮਾਰਚ ਸ਼ਹਿਰ ਦੇ ਸਭ ਤੋਂ ਵਿਅਸਤ ਬੱਸ ਸਟੈਂਡ ਰੋਡ ਤੋਂ ਸ਼ੁਰੂ ਹੋ ਕੇ ਦਿੱਲੀ ਗੇਟ, ਪਿੱਪਲੀ ਚੌਕ, ਸਰਹੰਦੀ ਗੇਟ, ਜਰਗ ਚੌਕ, ਗਰੇਵਾਲ ਚੌਕ, ਕਾਲਜ ਰੋਡ ਤੇ ਠੰਡੀ ਸੜਕ ਤੋਂ ਹੁੰਦਾ ਹੋਇਆ ਜ਼ਿਲ੍ਹਾ ਪੁਲਸ ਦਫ਼ਤਰ, ਮਾਲੇਰਕੋਟਲਾ ਵਿਖੇ ਜਾ ਕੇ ਸਮਾਪਤ ਹੋਇਆ।ਇਸ ਦੌਰਾਨ ਪੁਲਸ ਅਧਿਕਾਰੀਆਂ ਨੇ ਸ਼ਹਿਰ ਦੇ ਮੁੱਖ ਬਾਜ਼ਾਰਾਂ, ਸੰਵੇਦਨਸ਼ੀਲ ਥਾਵਾਂ ਤੇ ਭੀੜ-ਭੜੱਕੇ ਵਾਲੇ ਇਲਾਕਿਆਂ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ।ਜ਼ਿਲ੍ਹੇ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਸੁਰੱਖਿਆ ਯਕੀਨੀ ਬਣਾਉਣ ਲਈ ਸਬ-ਡਵੀਜ਼ਨ ਅਮਰਗੜ੍ਹ ਤੇ ਅਹਿਮਦਗੜ੍ਹ ਵਿੱਚ ਸਰਕਲ ਅਫ਼ਸਰਾਂ ਤੇ ਥਾਣਾ ਮੁਖੀਆਂ ਦੀ ਅਗਵਾਈ ਹੇਠ ਪੁਲਿਸ ਟੀਮਾਂ ਵੱਲੋਂ ਪੈਦਲ ਫਲੈਗ ਮਾਰਚ ਕੀਤੇ ਗਏ।ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਹੋਰ ਜਨਤਕ ਥਾਵਾਂ 'ਤੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ।

ਡੀ.ਆਈ.ਜੀ. ਕਮਾਂਡੋ ਗੁਰਪ੍ਰੀਤ ਸਿੰਘ ਤੇ ਐੱਸ.ਐੱਸ.ਪੀ. ਗੁਰਮੀਤ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਆਜ਼ਾਦੀ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਸ਼ਾਂਤਮਈ, ਭਾਈਚਾਰਕ ਤੇ ਅਮਨ-ਅਮਾਨ ਦੇ ਮਾਹੌਲ 'ਚ ਮਨਾਉਣਾ ਸਾਡੀ ਪਹਿਲ ਹੈ।

ਪੁਲਸ ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ 24 ਘੰਟੇ ਵਚਨਬੱਧ ਹੈ।ਜ਼ਿਲ੍ਹੇ ਅੰਦਰ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਅਮਨ-ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਡਾ. (ਪ੍ਰੋ.) ਪਰਵਿੰਦਰ ਸਿੰਘ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ-ਪ੍ਰੈਜ਼ੀਡੈਂਟ ਵਜੋਂ ਅਹੁਦਾ ਸੰਭਾਲਿਆ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਪੰਜਾਬ ਯੂਨੀਵਰਸਿਟੀ ਦੇ ਸਾਬਕਾ ਕੰਟਰੋਲਰ ਆਫ਼ ਐਗਜ਼ਾਮੀਨੇਸ਼ਨ ਡਾ. (ਪ੍ਰੋ.) ਪਰਵਿੰਦਰ ਸਿੰਘ ਨੇ ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਦੇ ਅੰਤਰਰਾਸ਼ਟਰੀ ਮਾਮਲਿਆਂ, ਗਲੋਬਲ ਰੈਂਕਿੰਗ ਤੇ ਰਣਨੀਤਕ ਯੋਜਨਾਬੰਦੀ ਦੇ ਵਾਈਸ-ਪ੍ਰੈਜ਼ੀਡੈਂਟ ਵਜੋਂ ਅਹੁਦਾ ਸੰਭਾਲ ਲਿਆ ਹੈ।ਉੱਚ ਸਿੱਖਿਆ ਵਿੱਚ ਲਗਭਗ ਚਾਰ ਦਹਾਕਿਆਂ ਦੇ ਤਜ਼ਰਬੇ ਨਾਲ, ਪ੍ਰੋ. ਡਾ. ਸਿੰਘ ਯੂਨੀਵਰਸਿਟੀ ਵਿੱਚ ਵਿਆਪਕ ਅਕਾਦਮਿਕ, ਪ੍ਰਸ਼ਾਸਕੀ ਤੇ ਸੰਸਥਾਗਤ ਲੀਡਰਸ਼ਿਪ ਦਾ ਤਜਰਬਾ ਰੱਖਦੇ ਹਨ। ਆਪਣੇ ਸ਼ਾਨਦਾਰ ਕਰੀਅਰ ਦੌਰਾਨ ਉਨ੍ਹਾਂ ਕਈ ਮੁੱਖ ਅਹੁਦਿਆਂ 'ਤੇ ਸੇਵਾ ਨਿਭਾਈ ਹੈ, ਜਿਸ ਵਿੱਚ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਚੰਡੀਗੜ੍ਹ ਵਿਖੇ ਵਾਈਸ-



ਚਾਂਸਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪ੍ਰੀਖਿਆਵਾਂ ਦੇ ਕੰਟਰੋਲਰ ਤੇ ਡੀਨ, ਕਾਲਜ ਵਿਕਾਸ ਕੌਂਸਲ, ਰਸਾਇਣ ਵਿਗਿਆਨ ਵਿਭਾਗ ਦੇ ਮੁਖੀ ਤੇ ਪੰਜਾਬ ਸਰਕਾਰ ਦੇ ਪੀਪੀਐੱਸਸੀ/ਡੀਡੀਪੀਐੱਚ ਦੇ ਪ੍ਰਿੰਸੀਪਲ ਸ਼ਾਮਲ ਹਨ।ਪ੍ਰੋ. ਡਾ. ਸਿੰਘ ਅਮਰੀਕਾ, ਇਟਲੀ, ਕੈਨੇਡਾ ਅਤੇ ਆਸਟ੍ਰੇਲੀਆ ਤੋਂ ਵੀ ਅੰਤਰਰਾਸ਼ਟਰੀ ਅਕਾਦਮਿਕ ਮਾਨਤਾ ਰੱਖਦੇ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਕਈ ਵੱਕਾਰੀ ਸਨਮਾਨਾਂ ਦੁਆਰਾ ਮਾਨਤਾ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਸਟੇਟ ਐਵਾਰਡ (2024), ਚੰਡੀਗੜ੍ਹ ਰਤਨ, ਪੀਯੂ ਡਿਸਟਿੰਗੁਇਸ਼ ਐਲੂਮਨਸ ਐਵਾਰਡ, ਟ੍ਰੇਲਬਲੇਜ਼ਰ ਵੀ.ਸੀ. ਐਵਾਰਡ ਤੇ ਪ੍ਰੋਗਰੈਸਿਵ ਵੀ.ਸੀ. ਐਵਾਰਡ, ਰਬਿੰਦਰ ਰਤਨ ਐਵਾਰਡ-2026 ਸ਼ਾਮਲ ਹਨ।

## ਕਾਤਰਾਂ

### ਹੁਸੈਨਪੁਰਾ ਆਸ਼ੀਆਨਾ ਮੁਹੱਲੇ ਦੀਆਂ ਸੜਕਾਂ ਦੀ ਖਸਤਾ ਹਾਲਤ

**ਲੁਧਿਆਣਾ (ਐਮ ਐਸ ਭਾਟੀਆ)**-ਪਿੰਡ ਹੁਸੈਨਪੁਰਾ ਜ਼ਿਲ੍ਹਾ ਲੁਧਿਆਣਾ ਦੇ ਮੁਹੱਲਾ ਆਸ਼ੀਆਨਾ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਉ ਰਹੇ ਹਨ।ਨਾ ਸੀਵਰੇਜ ਦੀਆਂ ਪਾਈਪਾਂ ਪਈਆਂ ਹਨ, ਸੜਕਾਂ ਦੀ ਮਾੜੀ ਹਾਲਤ ਹੈ ਤੇ ਸਟਰੀਟ ਲਾਈਟਾਂ ਵੀ ਨਹੀਂ ਹਨ।ਇਹ ਹਾਲਤ ਹੋਰ ਵੀ ਹੋ ਬੱਦਤਰ ਹੋ ਜਾਂਦੇ ਹਨ ਜਦੋਂ ਮੀਂਹ ਪੈਂਦੇ ਹਨ।ਇਲਾਕਾ ਨਿਵਾਸੀਆਂ ਨੇ ਮਿਲ ਕੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਇਸ ਸਬੰਧ ਵਿੱਚ ਇੱਕ ਮੰਗ ਪੱਤਰ ਦਿੱਤਾ ਹੈ ਜਿਸ ਵਿੱਚ ਬੇਨਤੀ ਕੀਤੀ ਗਈ ਹੈ ਕਿ ਸੜਕਾਂ ਦੀ ਹਾਲਤ ਨੂੰ ਸੁਧਾਰਿਆ ਜਾਵੇ।

### ਮਲੂਕਾ ਵੱਲੋਂ ਸੁਖਬੀਰ ਬਾਦਲ 'ਤੇ ਹਮਲੇ ਦੀ ਨਿਖੇਧੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਏ ਹਮਲੇ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਘਰ 'ਚ ਕਿਸੇ ਤੇ ਜਾਨ ਲੇਵਾ ਹਮਲਾ ਮੰਦਭਾਗਾ ਹੈ। ਗੁਰੂ ਘਰਾਂ 'ਚ ਅਸੀਂ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹਾਂ। ਕੋਈ ਵੀ ਗੁਰੂ ਦਾ ਸਿੱਖ ਗੁਰੂ ਘਰ 'ਚ ਅਜਿਹੀ ਕਾਰਵਾਈ ਕਰਨ ਦੀ ਸੋਚ ਵੀ ਨਹੀਂ ਸਕਦਾ। ਸੁਖਬੀਰ ਸਿੰਘ ਬਾਦਲ ਨੂੰ ਜਾਨੀ ਨੁਕਸਾਨ ਪੁਚਾਉਣ ਦੇ ਨਾਲ-ਨਾਲ ਗੁਰੂ ਘਰਾਂ ਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ। ਸਿੱਖਾਂ ਦੇ ਭੇਸ 'ਚ ਇਨ੍ਹਾਂ ਕਾਲੀਆ ਭੇਡਾਂ ਦੀ ਪਛਾਣ ਕਰਨ ਦੀ ਲੋੜ ਹੈ। ਮਲੂਕਾ ਨੇ ਸੂਬਾ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੇਵਾ ਨਿਭਾਅ ਰਹੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਭਗਵੰਤ ਮਾਨ ਦੀ ਸਰਕਾਰ ਨੇ ਕੋਈ ਜਾਂਚ ਨਹੀਂ ਕੀਤੀ। ਅੱਜ ਹੋਇਆ ਹਮਲਾ ਸਰਕਾਰ ਵੱਲੋਂ ਉਸ ਘਟਨਾ ਦੀ ਡੂੰਘਾਈ ਨਾਲ ਜਾਂਚ ਨਾ ਕਰਨ ਦਾ ਨਤੀਜਾ ਹੀ ਹੈ।

### ਅੱਜ ਦੀ ਕਾਨਫਰੰਸ ਲਈ ਭਾਰੀ ਉਤਸ਼ਾਹ : ਆਨੰਦ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੋਆ ਦੇ ਸ਼ਹੀਦਾਂ ਨੂੰ ਸਮਰਪਿਤ ਜੋ ਈਸੜੂ ਵਿਖੇ 15 ਅਗਸਤ ਨੂੰ ਸਿਆਸੀ ਕਾਨਫਰੰਸ ਹੋ ਰਹੀ ਹੈ ਉਸ ਨੂੰ ਲੈ ਕੇ ਵਰਕਰਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਕਾਂਗਰਸ ਮਾਛੀਵਾੜਾ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਮਾਛੀਵਾੜਾ ਸ਼ਹਿਰ ਅਤੇ ਆਸਪਾਸ ਪਿੰਡਾਂ ਤੋਂ ਵਰਕਰਾਂ ਦੇ ਜੱਥੇ ਕਾਫਿਲੇ ਬਣਾ ਕੇ ਰੈਲੀ 'ਚ ਪੁੱਜਣਗੇ।

### ਮੁਫ਼ਤ ਮੈਡੀਕਲ ਕੈਂਪ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਸਵਾਮੀ ਗੰਗਾ ਨੰਦ ਭੂਰੀ ਵਾਲੇ ਚੈਰੀਟੇਬਲ ਸੇਵਾ ਸਮਿਤੀ ਮਾਛੀਵਾੜਾ ਸਾਹਿਬ ਵੱਲੋਂ 15 ਅਗਸਤ ਨੂੰ ਵਿਸ਼ੇਸ਼ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਨੇ ਦੱਸਿਆ ਕਿ ਖ਼ੂਨਦਾਨ ਕੈਂਪ, ਅੱਖਾਂ, ਦੰਦਾਂ ਅਤੇ ਜਨਰਲ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਜਾਵੇਗਾ। ਇਹ ਕੈਂਪ 15 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਫਰੈਂਡਜ਼ ਕਾਲੋਨੀ, ਸਮਰਾਲਾ ਰੋਡ ਵਿਖੇ ਲਗਾਇਆ ਜਾਵੇਗਾ।

# 1 ਸਤੰਬਰ ਦੀ ਰੈਲੀ 'ਚ ਹੁੰਮ-ਹੁੰਮਾ ਕੇ ਪਹੁੰਚਿਆ ਜਾਵੇ : ਖੋਸਾ ਤੇ ਭੋਲਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 6 ਅਗਸਤ ਤੋਂ 15 ਅਗਸਤ ਤੱਕ ਕੀਤੀ ਜਾ ਰਹੀ ਪਦ ਯਾਤਰਾ ਤਹਿਤ ਬਲਾਕ ਮੋਗਾ-2 ਵੱਲੋਂ ਪਿੰਡ ਖੋਸਾ ਪਾਂਡੋ ਅਤੇ ਮਹੇਸ਼ਰੀ ਵਿੱਚ ਜਨ ਸੰਪਰਕ ਮੁਹਿੰਮ ਤਹਿਤ ਮੀਟਿੰਗਾਂ ਕੀਤੀਆਂ ਗਈਆਂ।

ਮੀਟਿੰਗਾਂ ਨੂੰ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ, ਬਲਾਕ ਸਕੱਤਰ ਕਾਮਰੇਡ ਸ਼ੇਰ ਸਿੰਘ ਦੌਲਤਪੁਰਾ ਅਤੇ ਬਲਾਕ ਸਹਾਇਕ ਸਕੱਤਰ ਕਾਮਰੇਡ ਜਗਸੀਰ ਸਿੰਘ ਖੋਸਾ ਨੇ ਸੰਬੋਧਨ ਕੀਤਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਨੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਕੀਤਾ ਹੈ। ਮਹਿੰਗਾਈ ਕਾਰਨ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਮਹਿੰਗੀਆਂ ਹੋ ਰਹੀਆਂ ਹਨ ਜਦ ਕਿ ਨੌਜਵਾਨਾਂ ਲਈ ਪੱਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਰਕਾਰ ਅਸਫਲ ਰਹੀ ਹੈ।ਕਾ ਭੋਲਾ ਨੇ ਕਿਹਾ ਕਿ ਸਰਕਾਰ ਨੂੰ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਦੀ ਬਜਾਏ ਮਜ਼ਦੂਰਾਂ, ਕਿਸਾਨਾਂ ਅਤੇ ਆਮ ਲੋਕਾਂ ਦੀ ਭਲਾਈ ਨੂੰ ਪਹਿਲ ਦੇਣੀ ਚਾਹੀਦੀ ਹੈ।ਕਾ ਖੋਸਾ ਨੇ ਕਿਹਾ ਕਿ ਦੇਸ਼ ਦੀ ਤਰੱਕੀ ਦਾ ਅਸਲ ਪੈਮਾਨਾ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਹੈ।ਆਗੂਆਂ ਨੇ 1 ਸਤੰਬਰ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਹੋ ਰਹੀ ਰੈਲੀ ਵਿਚ ਪਹੁੰਚਣ ਦੀ ਅਪੀਲ ਕੀਤੀ

# ਆਲ ਇੰਡੀਆ ਕਿਸਾਨ ਮਹਾਂਸਭਾ ਦੇ ਰਾਸ਼ਟਰੀ ਸੰਮੇਲਨ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਮਾਨਸਾ (ਆਤਮਾ ਸਿੰਘ ਪਮਾਰ)**

## ਵਿਦਿਆਰਥੀ ਆਗੂ ਕਾਮਰੇਡ ਨੇਹਾ ਬੋਰਾ ਦਾ ਸਨਮਾਨ 20 ਸਤੰਬਰ ਨੂੰ



ਬਾਬਾ ਬੂਝਾ ਸਿੰਘ ਭਵਨ ਵਿਖੇ ਪੰਜਾਬ ਕਿਸਾਨ ਯੂਨੀਅਨ ਬਲਾਕ ਮਾਨਸਾ ਦੇ ਵਰਕਰਾਂ ਦੀ ਮੀਟਿੰਗ ਹੋਈ।ਮੀਟਿੰਗ ਦੀ ਸ਼ੁਰੂਆਤ ਕਿਸਾਨ ਕਰਜ਼ਾ ਮੁਕਤੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਾਮਰੇਡ ਭੂਰਾ ਸਿੰਘ ਮਾਨ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਰਾਮਫਲ ਸਿੰਘ ਚੱਕ ਅਲੀਸ਼ੇਰ, ਮੱਖਣ ਸਿੰਘ ਮਾਨ, ਕਰਨੈਲ ਸਿੰਘ ਮਾਨਸਾ ਅਤੇ ਜਗਤਾਰ ਸਹਾਰਨਾ ਵੱਲੋਂ ਕੀਤੀ ਗਈ।

ਮੀਟਿੰਗ 'ਚ 20-21 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਹੋਣ ਜਾ ਰਹੇ ਆਲ ਇੰਡੀਆ ਕਿਸਾਨ ਮਹਾਸਭਾ ਦੇ ਪੰਜਵੇਂ ਰਾਸ਼ਟਰੀ ਸੰਮੇਲਨ ਦੀਆਂ ਤਿਆਰੀਆਂ ਬਾਰੇ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਪੰਜਾਬ ਕਿਸਾਨ ਯੂਨੀਅਨ ਤੇ ਜਮਹੂਰੀ ਕਿਸਾਨ ਸਭਾ ਦੀ ਇਤਿਹਾਸਕ ਏਕਤਾ ਦੇ ਗਵਾਹ ਬਣਨ ਜਾ ਰਹੇ ਇਸ ਸੰਮੇਲਨ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਾਕਤ ਨਾਲ ਪ੍ਰਚਾਰ ਤੇ ਲਾਮਬੰਦੀ ਕਰਨ ਦਾ ਸੰਕਲਪ ਲਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮਫਲ ਸਿੰਘ ਚੱਕ ਅਲੀਸ਼ੇਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਸਰਪ੍ਰਸਤੀ ਹੇਠ ਵੱਖ-ਵੱਖ ਬਹਾਨਿਆਂ ਨਾਲ ਕਾਰਪੋਰੇਟ ਘਰਾਣਿਆਂ ਵੱਲੋਂ ਖੇਤੀਯੋਗ ਜ਼ਮੀਨਾਂ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਭਰੋਸੇ ਤੇ ਕਮੇਟੀਆਂ ਬਣਾਉਣ ਦੇ ਬਾਵਜੂਦ ਫ਼ਸਲਾਂ ਦੀ ਐਮ.ਐਸ.ਪੀ. 'ਤੇ ਕਾਨੂੰਨੀ ਗਾਰੰਟੀ ਅੱਜ ਤੱਕ ਨਹੀਂ ਦਿੱਤੀ ਗਈ।ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਲੱਖਾਂ ਕਰੋੜ ਰੁਪਏ ਦੇ ਕਰਜ਼ੇ ਮਾਫ਼ ਕਰਨ ਵਾਲੀ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ੇ ਦੇ ਬੋਝ ਤੋਂ ਮੁਕਤੀ ਦਿਵਾਉਣ ਲਈ ਕੋਈ ਠੋਸ ਕਦਮ ਨਹੀਂ ਚੁੱਕ ਰਹੀ।ਖੇਤੀ ਲਾਗਤਾਂ 'ਚ ਲਗਾਤਾਰ ਹੋ ਰਹੇ ਵਾਧੇ ਤੇ ਰੁਜ਼ਗਾਰ ਦੇ ਸੰਕਟ ਕਾਰਨ ਕਿਸਾਨਾਂ ਦੇ ਨੌਜਵਾਨ ਬੱਚੇ ਵੱਡੀ ਗਿਣਤੀ ਵਿੱਚ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਨੀਤੀਆਂ ਦਾ ਡਟ ਕੇ ਮੁਕਾਬਲਾ ਕਰਨ ਤੇ ਦੇਸ਼ ਪੱਧਰ 'ਤੇ ਜਮਹੂਰੀ ਕਿਸਾਨ ਅੰਦੋਲਨ ਨੂੰ ਹੋਰ ਮਜ਼ਬੂਤ ਕਰਨ ਲਈ ਹੀ ਪੰਜਾਬ ਕਿਸਾਨ ਯੂਨੀਅਨ ਤੇ ਜਮਹੂਰੀ ਕਿਸਾਨ ਸਭਾ ਨੇ ਏਕਤਾ ਦਾ ਇਤਿਹਾਸਕ ਫੈਸਲਾ ਕੀਤਾ ਹੈ।ਦੋਵੇਂ ਜਥੇਬੰਦੀਆਂ ਮਿਲ ਕੇ ਪੰਜਾਬ ਭਰ 'ਚ ਵਿਆਪਕ ਪ੍ਰਚਾਰ ਮੁਹਿੰਮ ਚਲਾਉਣਗੀਆਂ ਤੇ 20 ਸਤੰਬਰ ਨੂੰ ਜਲੰਧਰ ਵਿਖੇ ਹੋਣ ਵਾਲੀ ਵਿਸ਼ਾਲ ਕਿਸਾਨ ਰੈਲੀ ਅਤੇ ਇਸ ਉਪਰੰਤ ਸ਼ੁਰੂ ਹੋਣ ਵਾਲੇ ਆਲ ਇੰਡੀਆ ਕਿਸਾਨ ਮਹਾਸਭਾ ਦੇ ਰਾਸ਼ਟਰੀ ਸੰਮੇਲਨ ਵਿੱਚ ਪੰਜਾਬ ਸਮੇਤ ਦੇਸ਼ ਦੇ ਕਰੀਬ 18 ਸੂਬਿਆਂ ਤੋਂ ਪਹੁੰਚਣ ਵਾਲੇ ਸੈਂਕੜੇ ਪ੍ਰਤੀਨਿਧਾਂ ਦੀ ਸ਼ਾਨਦਾਰ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।

ਮੀਟਿੰਗ 'ਚ ਐਲਾਨ ਕੀਤਾ ਗਿਆ ਕਿ 20 ਸਤੰਬਰ ਨੂੰ ਜਲੰਧਰ ਵਿਖੇ ਹੋਣ ਵਾਲੀ ਵਿਸ਼ਾਲ ਕਿਸਾਨ ਰੈਲੀ ਦੌਰਾਨ ਦੇਸ਼ ਭਰ 'ਚ ਪੇਪਰ ਲੀਕ ਵਿਰੋਧੀ ਅੰਦੋਲਨ ਦੀ ਅਗਵਾਈ ਕਰ ਰਹੀ ਚਰਚਿਤ ਵਿਦਿਆਰਥੀ ਆਗੂ ਕਾਮਰੇਡ ਨੇਹਾ ਬੋਰਾ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦੇ ਕੇ ਸਨਮਾਨਤ ਕੀਤਾ ਜਾਵੇਗਾ।

# 2027 'ਚ ਮੁੜ 'ਆਪ' ਦੀ ਸਰਕਾਰ ਪੰਜਾਬ 'ਚ ਬਣੇਗੀ : ਅਜੀਤਪਾਲ ਸਿੰਘ ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਸ਼ਹਿਰ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਕੰਮ ਕਰਾਏ ਜਾ ਰਹੇ ਹਨ ਤੇ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਰਾਹੀਂ ਸ਼ਹਿਰ ਦੀ ਨੁਹਾਰ ਬਦਲਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਕਾਰਨ ਵਿਧਾਇਕ ਅਜੀਤਪਾਲ ਕੋਹਲ਼ੀ ਸ਼ਹਿਰ ਵਾਸੀਆਂ ਦੀ ਪਹਿਲੀ ਪਸੰਦ ਬਣ ਗਏ ਹਨ। ਕੋਹਲੀ ਨੇ ਕਿਹਾ ਕਿ ਲੋਕਾਂ ਦੀ ਸੇਵਾ ਅਤੇ ਸ਼ਹਿਰ ਦਾ ਸਰਵਪੱਖੀ ਵਿਕਾਸ ਕਰਨਾ ਉਨ੍ਹਾਂ ਦੀ ਸਭ ਵੱਡੀ ਪਹਿਲ ਹੈ। ਉਨ੍ਹਾਂ ਦੱਸਿਆ ਕਿ ਧਾਮੋਮਾਜਰਾ ਵਿਖੇ ਵਾਰਡ ਨੰਬਰ 60 ਵਿਚ ਡੇਢ ਕਿਲੋਮੀਟਰ ਦੀਆਂ ਸੜਕਾਂ ਜੋ ਪਿਛਲੇ ਲੰਬੇ ਸਮੇ ਤੋਂ ਕੱਚੀਆਂ ਸਨ, ਦਾ ਉਦਘਾਟਨ ਕਰਨ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਨਾਲ ਵਾਰਡ ਇੰਚਾਰਜ ਰੁਪਿੰਦਰ ਸਿੰਘ ਕੋਚ ਵੀ ਮੌਜੂਦ ਸਨ।ਵਿਧਾਇਕ ਕੋਹਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਲੋਕ ਭਲਾਈ ਤੇ ਵਿਕਾਸ ਨੂੰ ਪਹਿਲ ਦਿੱਤੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਪਟਿਆਲਾ ਸ਼ਹਿਰ ਵਿੱਚ ਆਉਣ ਵਾਲੇ ਸਮੇਂ ਦੌਰਾਨ ਹੋਰ ਵੀ ਵਿਕਾਸ ਕਾਰਜ ਕਰਾਏ ਜਾਣਗੇ, ਜਿਸਦਾ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ।ਵਿਧਾਇਕ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਨੂੰ ਦੇਖ ਰਹੇ ਹਨ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਲੋਕਾਂ ਦਾ ਭਰੋਸਾ ਗੁਆ ਚੁੱਕੀਆਂ ਹਨ ਤੇ ਪੰਜਾਬ ਦੇ ਲੋਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਕਾਰ ਚੁੱਕੇ ਹਨ।

# ਆਗਾਮੀ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦਾ ਸਫਾਇਆ ਤੈਅ : ਵਿਧਾਇਕ ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪਿੰਡ ਸੰਗਰਾਣਾ ਤੋਂ ਕਈ ਟਕਸਾਲੀ ਅਕਾਲੀ ਆਗੂਆਂ ਨੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੇ ਐਲਾਨ ਪਿੱਛੋਂ ਅਕਾਲੀ ਦਲ ਪਾਰਟੀ ਵਿੱਚ ਹੜਕੰਪ ਮੱਚ ਗਿਆ ਹੈ, ਜਿਸ ਦੌਰਾਨ ਹਲਕੇ 'ਚ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਦੀ ਲੋਕਪ੍ਰਿਯਤਾ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਖੁਸ਼ ਹਨ।

ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਆਮ ਆਦਮੀ ਪਾਰਟੀ ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਕੀਤੇ ਜਾ ਰਹੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਤ ਹੋ ਕੇ 2022 ਵਾਲੀ ਲਹਿਰ ਬਣ ਰਹੀ ਹੈ।ਇਸ ਲਹਿਰ ਦੌਰਾਨ ਦੂਜੀਆਂ ਪਾਰਟੀਆਂ ਦੇ ਆਗੂ ਆਪਣੀਆਂ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡ ਸੰਗਰਾਣਾ ਤੋਂ ਗੁਰਸੇਵਕ ਸਿੰਘ, ਗੁਰਸਾਹਿਬ ਸਿੰਘ, ਐਡਵੋਕੇਟ ਅਭੈਜੀਤ ਸਿੰਘ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਜੋ ਆਗੂ ਸ਼ਾਮਲ ਹੋਏ ਹਨ ਉਨ੍ਹਾਂ ਨੇ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਦਲ ਵਿੱਚ ਰਹਿ ਕੇ ਕੰਮ ਕੀਤਾ, ਪ੍ਰੰਤੂ ਅਕਾਲੀ ਦਲ ਨੇ ਕਦਰ ਨਹੀਂ ਪਾਈ, ਜਿਸ ਤੋਂ ਖਫਾ ਹੋ ਕੇ ਉਨ੍ਹਾਂ ਨੇ ਇਹ ਕਦਮ ਚੁੱਕਿਆ ਤੇ ਵਿਕਾਸ ਦੀ ਲਹਿਰ ਨਾਲ ਜੁੜਕੇ ਸੇਵਾ ਕਰਨ ਦਾ ਬੀੜਾ ਚੁੱਕਿਆ।ਇਸ ਮੌਕੇ 'ਆਪ' 'ਚ ਸ਼ਾਮਲ ਹੋਣ ਵਾਲੇ ਇਨ੍ਹਾਂ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਵਿੱਚ ਉਨ੍ਹਾਂ ਦਾ ਦਮ ਘੁੱਟ ਰਿਹਾ ਸੀ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੱਤਾ ਜਾ ਰਿਹਾ ਸੀ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਇਹ ਫੈਸਲਾ ਲਿਆ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨਗੇ ਤੇ ਪਾਰਟੀ ਵੱਲੋਂ ਦਿੱਤੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

# ਤਰਕਸ਼ੀਲ ਪੁਸਤਕ ਮੇਲਾ 21 ਤੋਂ 23 ਤੱਕ

**ਬਰਨਾਲਾ (ਰਾਜਿੰਦਰ ਬਰਾੜ)**

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਨਾਮਵਰ ਤਰਕਸ਼ੀਲ ਬੁੱਧੀਜੀਵੀ ਡਾ.ਨਰਿੰਦਰ ਦਾਭੋਲਕਰ ਦੀ ਯਾਦ ਨੂੰ ਸਮਰਪਿਤ ਤਿੰਨ ਰੋਜ਼ਾ ਪੁਸਤਕ ਮੇਲਾ ਤਰਕਸ਼ੀਲ ਭਵਨ ਬਰਨਾਲੇ ਵਿਖੇ 21 ਤੋਂ 23 ਅਗਸਤ ਤੱਕ ਲਗਾਇਆ ਜਾਵੇਗਾ ਜਿਸ ਵਿੱਚ ਪੰਜਾਬ ਦੇ ਨਾਮਵਰ ਪ੍ਰਕਾਸ਼ਕਾਂ ਅਤੇ ਪਬਲਿਸ਼ਰਾਂ ਵੱਲੋਂ ਤਰਕਸ਼ੀਲ, ਇਨਕਲਾਬੀ, ਮਾਨਵਵਾਦੀ ਅਤੇ ਅਗਾਂਹਵਧੂ ਸਾਹਿਤ ਦੇ ਸਟਾਲ ਲਗਾਏ ਜਾਣਗੇ ਇਸ ਸਬੰਧੀ ਹੋਈ ਸੂਬਾ ਕਮੇਟੀ ਦੀ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋਂ,ਰਾਜਪਾਲ ਬਠਿੰਡਾ, ਰਾਜੇਸ਼ ਅਕਲੀਆ,ਰਾਮ ਸਵਰਨ ਲੱਖੇਵਾਲੀ , ਗੁਰਪ੍ਰੀਤ ਸ਼ਹਿਣਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ 21 ਅਗਸਤ ਨੂੰ ਡਾ.ਦਾਭੋਲਕਰ ਦੀ ਬੇਟੀ ਡਾ.ਮੁਕਤਾ ਦਾਭੋਲਕਰ ਪੁਸਤਕ ਮੇਲੇ ਦਾ ਉਦਘਾਟਨ ਕਰਨ ਉਪਰੰਤ ' ਮਹਾਂਰਾਸ਼ਟਰ ਦੀ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਕਾਰਜ, ਪ੍ਰਾਪਤੀਆਂ ਅਤੇ ਚੁਣੌਤੀਆਂ ' ਸਬੰਧੀ ਆਪਣੇ ਵਿਚਾਰ ਸਾਂਝੇ ਕਰਨਗੇ। ਦੂਜੇ ਸੈਸ਼ਨ ਵਿੱਚ ਪ੍ਰਸਿੱਧ ਸਿਹਤ ਮਾਹਿਰਾਂ ਡਾ.ਅੰਮ੍ਰਿਤਪਾਲ ਸਿੰਘ, ਡਾ.ਜਗਰੂਪ ਸਿੰਘ ਅਤੇ ਡਾ. ਜਸ਼ਨਪ੍ਰੀਤ ਸਿੰਘ ਵੱਲੋਂ ' ਆਮ ਬਿਮਾਰੀਆਂ ਨਾਲ ਜੁੜੇ ਮਿੱਥ ਅਤੇ ਉਨ੍ਹਾਂ ਦਾ ਵਿਗਿਆਨਕ ਸੱਚ ' ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। 22 ਅਗਸਤ ਨੂੰ ਪਹਿਲੇ ਸੈਸ਼ਨ ਵਿੱਚ ' ਪੰਜਾਬੀ ਸਾਹਿਤ ਅਤੇ ਵਿਗਿਆਨਕ ਚੇਤਨਾ ' ਦੇ ਵਿਸ਼ੇ ਸਬੰਧੀ ਪ੍ਰਸਿੱਧ ਚਿੰਤਕ ਡਾ.ਰਾਜਿੰਦਰਪਾਲ ਸਿੰਘ ਮੁੱਖ ਵਕਤਾ ਵਜੋਂ ਸੰਬੋਧਨ ਕਰਨਗੇ ਅਤੇ ਸਮਾਗਮ ਦੀ ਪ੍ਰਧਾਨਗੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾਈ ਜਨਰਲ ਸਕੱਤਰ ਡਾ.ਕੁਲਦੀਪ ਦੀਪ ਵੱਲੋਂ ਕੀਤੀ ਜਾਵੇਗੀ। ਇਸੇ ਹੀ ਦਿਨ ਦੂਜੇ ਸੈਸ਼ਨ ਵਿੱਚ ਪੱਤਰਕਾਰ ਗੌਰੀ ਲੰਕੇਸ਼ ਨੂੰ ਸਮਰਪਿਤ ' ਮੀਡੀਆ ਅਤੇ ਫਿਰਕਾਪ੍ਰਸਤੀ ' ਵਿਸ਼ੇ ਸਬੰਧੀ ਨਾਮਵਰ ਲੋਕ ਪੱਖੀ ਪੱਤਰਕਾਰਾਂ ਸ਼ਿਵਇੰਦਰ, ਅੰਸ਼ੁਲ ਛਤਰਪਤੀ,ਜਤਿੰਦਰ ਕੌਰ ਤੁੜ ਅਤੇ ਨੇਹਾ ਦੀਕਸ਼ਿਤ ਵੱਲੋਂ ਗੰਭੀਰ ਵਿਚਾਰ ਚਰਚਾ ਕੀਤੀ ਜਾਵੇਗੀ। ਤੀਜੇ ਸੈਸ਼ਨ ਵਿੱਚ ਪ੍ਰਸਿੱਧ ਵਿਦਵਾਨ ਪ੍ਰੋ.ਹਰਵਿੰਦਰ ਸਿੰਘ ਭੱਟੀ ' ਨੌਜਵਾਨ ਪੀੜ੍ਹੀ ਦਾ ਪਰਵਾਸ ਅਤੇ ਮਾਪਿਆਂ ਦਾ ਸੰਕਟ ' ਵਿਸ਼ੇ ਸਬੰਧੀ ਆਪਣੇ ਵਿਚਾਰ ਸਾਂਝੇ ਕਰਨਗੇ। 23 ਅਗਸਤ ਨੂੰ ਆਖਰੀ ਦਿਨ ਪ੍ਰਸਿੱਧ ਚਿੰਤਕ ਅਤੇ ਫ਼ਿਲਮਸਾਜ਼ ਪ੍ਰੋ.ਗੌਹਰ ਰਜ਼ਾ ' ਮੌਜੂਦਾ ਦੌਰ ਵਿੱਚ ਵਿਗਿਆਨਕ ਸੋਚ ਨੂੰ ਚੁਣੌਤੀਆਂ ਅਤੇ ਸਾਡੇ ਕਾਰਜ ' ਸਬੰਧੀ ਵਿਚਾਰ ਸਾਂਝੇ ਕਰਨਗੇ। ਆਖਰੀ ਸੈਸ਼ਨ ਵਿੱਚ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪ੍ਰਸਿੱਧ ਨਾਟਕਕਾਰ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ ਹੇਠ ਨਾਟਕ ' ਸੁਕਰਾਤ ' ਪੇਸ਼ ਕੀਤਾ ਜਾਵੇਗਾ ਜਿਸਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਬਲਦੇਵ ਸੜਕਨਾਮਾ ਵੱਲੋਂ ਕੀਤੀ ਜਾਵੇਗੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪੁਸਤਕ ਮੇਲੇ ਦੀ ਪ੍ਰਬੰਧਕ ਕਮੇਟੀ ਦੇ ਆਗੂਆਂ ਦੀਪ ਦਿਲਬਰ,ਖ਼ੁਸ਼ਵੰਤ ਬਰਗਾੜੀ, ਅਮਿਤ ਮਿੱਤਰ ਅਤੇ ਵਰਿੰਦਰ ਦਿਵਾਨਾ ਨੇ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ,ਪੋਸਟਰ ਮੁਕਾਬਲੇ ਕਰਵਾਉਣ ਸਮੇਤ ਗਾਇਕੀ ਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਹੋਵੇਗੀ ਅਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਤਰਕਸ਼ੀਲ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਸੂਬਾ ਕਮੇਟੀ ਆਗੂਆਂ ਜੋਗਿੰਦਰ ਕੁੱਲੇਵਾਲ,ਜਸਵੰਤ ਮੋਹਾਲੀ,ਸੁਰਜੀਤ ਟਿੱਬਾ ਅਤੇ ਜਸਵਿੰਦਰ ਫਗਵਾੜਾ ਨੇ ਸਮਾਜ ਦੇ ਸਮੂਹ ਵਰਗਾਂ ਦੇ ਲੋਕਾਂ ਨੂੰ ਪਰਿਵਾਰਾਂ ਸਮੇਤ ਇਸ ਪੁਸਤਕ ਮੇਲੇ ਵਿੱਚ ਸ਼ਾਮਿਲ ਹੋਣ ਅਤੇ ਲੋਕ ਪੱਖੀ ਸਾਹਿਤ ਅਤੇ ਸਿਹਤਮੰਦ ਸਭਿਆਚਾਰ ਨਾਲ ਜੁੜਨ ਦਾ ਖੁੱਲਾ ਸੱਦਾ ਦਿੱਤਾ ਹੈ


## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ/ਫ਼ਿਰੋਜ਼ਪੁਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਸ਼ੀਰਸ਼ਕ ਵਾਲੀ ਖੁਲੀ ਈ-ਟੈਂਡਰਾ ਮੰਗ ਕਰਦੇ ਹਨ, ਜੋ www.ireps.gov.in ਉਤੇ ਉਪਲਬਧ ਹੈ ਅਤੇਜਿਨ੍ਹਾਂ ਦੀ ਟੈਂਡਰ ਬੰਦ ਹੋਣ ਦੀ ਮਿਤੀ 04.09.2026 ਦੁਪਿਹਰ 15.00 ਵਜੇ ਤਕ ਹੈ । ਟੈਂਡਰਕਰਤਾ ਕੇਵਲ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਅਪਣੀ ਮੂਲ ਜਾਂ ਸੰਸ਼ੋਧਿਤ ਟੈਂਡਰਾ ਪੇਸ਼ ਕਰ ਸਕਣਗੇ । ਇਸ ਟੈਂਡਰ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਪ੍ਰਾਪਤ ਹੋਣ ਵਾਲੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਉਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਇਸ ਟੈਂਡਰ ਦੇ ਲਈ ਟੈਂਡਰ ਪ੍ਰਪੱਤਰ ਸ਼ੁਲਕ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਭੁਗਤਾਨ ਦੁਆਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਆਰਾ ਹੀ ਕਰ ਸਕਣਗੇ । ਡਿਮਾਂਡ ਡਰਾਫਟ, ਚੈਕਰਸ ਚੈਕ, ਜਮਾਂ ਰਸੀਦ, ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਮੈਨੂੰਅਲ ਭੁਗਤਾਨ ਸਵੀਕਾਰ ਕੀਤਾ ਜਾਵੇਗਾ । ਜ਼ਿਆਦਾ ਜਾਣਕਾਰੀ ਦੇ ਲਈ www.ireps.gov.in ਉਤੇ ਲਾਗ ਇਨ ਕਰੋਂ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
| 13.08.2026 | 21.08.2026 | 04.09.2026, 15:00 ਵਜੇ |

| ਲੜੀ ਨੰਬਰ | ਟੈਂਡਰ ਨੰਬਰ | ਟੈਂਡਰ ਦਾ ਵੇਰਵਾ |
|---|---|---|
| 1. | 103-2026-27-SrDEN-III-FZR | ਸਹਾਇਕ ਮੰਡਲ ਇੰਜੀਨੀਅਰ-ਦੂਸਰੀ/ਅੰਮ੍ਰਿਤਸਰ ਅਤੇ ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸਿਟੀ ਸੈਕਸ਼ਨ ਦੇ ਤਹਿਤ ਸੀਨੀਅਰ ਅਨੁਭਾਗੀਯ ਇੰਜੀਨੀਅਰ/ਪੀ.ਵੇ/ਬਯਾਸ ਅਤੇ ਸੀਨੀਅਰ ਅਨੁਭਾਗੀਯ ਇੰਜੀਨੀਅਰ/ਪੀ.ਵੇ/ ਜਲੰਧਰ ਸਿਟੀ ਦੇ ਅਧਿਕਾਰ ਖੇਤਰ ਵਿਚ, ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ (ਅੰਮ੍ਰਿਤਸਰ ਅਤੇ ਜਲੰਧਰ ਸਿਟੀ ਨੂੰ ਛੱਡਕੇ) ਦੇ ਵੱਖ-ਵੱਖ ਯਾਰਡਾਂ ਵਿਚ ਯਾਰਡ ਅਤੇ ਡ੍ਰੇਨੇਜ ਸੁਧਾਰ ਤੋਂ ਜੁੜੇ ਵਿਵਿਧ ਟ੍ਰੈਕ ਕੰਮ । |
| | | ਵਿਗਿਆਪਨ ਮੂਲ (ਰੁ:): 2,53,07,689.96; ਬਿਆਨਾ ਰਾਸ਼ੀ: 5,06,200.00; ਆਫਰ ਦੀ ਵੈਧਤਾ: 60 ਦਿਨ; ਪੂਰਾ ਕਰਨ ਦਾ ਸਮਾਂ: 10 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ - "CTR/TRR/TFR/TTR, ਜਿਸ ਵਿਚ ਟ੍ਰੈਕ ਨੂੰ ਉਪਰ ਉਠਾਨਾ, ਸਕੀਰਨਿੰਗ, ਟ੍ਰੈਕ ਦਾ ਸਟ੍ਰੇਸ ਹਟਾਣਾ (destressing), ਅਤੇ ਟ੍ਰੈਕ ਮੇਂਟੇਨੇਂਸ ਮਸ਼ੀਨਾਂ (ਜਿਸ ਤਰ੍ਹਾਂ ਟੈਮਪਿੰਗ ਮਸ਼ੀਨ, ਬੈਲਾਸਟ ਸਕਰੀਨਿੰਗ/ਰੇਗੂਲੇਟਿੰਗ ਮਸ਼ੀਨ) ਦੇ ਲਈ ਪ੍ਰੀ-ਅਤੇ ਪੋਸਟ-ਵਰਕ ਸ਼ਾਮਿਲ ਹੈ , ਨਾਲ ਹੀ T28 ਤੋਂ TTR ਦਾ ਕੰਮ ਵੀ ਸ਼ਾਮਿਲ ਹੈ ।" |
| 2. | 104-2026-27-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਦੂਸਰੀ/ਅੰਮ੍ਰਿਤਸਰ ਸੈਕਸ਼ਨ ਦੇ ਤਹਿਤ ਸੀਨੀਅਰ ਅਨੁਭਾਗੀਯ ਇੰਜੀਨੀਅਰ/ਪੀ.ਵੇ/ਪੱਟਟੀ ਅਤੇ ਸੀਨੀਅਰ ਅਨੁਭਾਗੀਯ ਇੰਜੀਨੀਅਰ/ਪੀ.ਵੇ/ਬਯਾਸ ਦੇ ਅਧਿਕਾਰ ਖੇਤਰ ਵਿਚ ਅੰਮ੍ਰਿਤਸਰ-ਖੇਮਕਰਣ ਅਤੇ ਬਯਾਸ-ਤਰਨਤਾਰਨ ਸੈਕਸ਼ਨ ਦੇ ਵੱਖ-ਵੱਖ ਯਾਰਡਾਂ ਵਿਚ ਯਾਰਡ ਡ੍ਰੇਨੇਜ (ਜਲ ਨਿਕਾਸੀ) ਵਿਚ ਸੁਧਾਰ ਤੋਂ ਸਬੰਧਿਤ ਵਿਵਿਧ ਟ੍ਰੈਕ ਕੰਮ । |
| | | ਵਿਗਿਆਪਨ ਮੂਲ (ਰੁ:): 1,39,80,652.39; ਬਿਆਨਾ ਰਾਸ਼ੀ: 2,79,600.00; ਆਫਰ ਦੀ ਵੈਧਤਾ: 60 ਦਿਨ; ਪੂਰਾ ਕਰਨ ਦਾ ਸਮਾਂ: 10 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ - "CTR/TRR/TFR/TTR, ਜਿਸ ਵਿਚ ਟ੍ਰੈਕ ਨੂੰ ਉਪਰ ਉਠਾਨਾ, ਸਕੀਰਨਿੰਗ, ਟ੍ਰੈਕ ਦਾ ਸਟ੍ਰੇਸ ਹਟਾਣਾ (destressing), ਅਤੇ ਟ੍ਰੈਕ ਮੇਂਟੇਨੇਂਸ ਮਸ਼ੀਨਾਂ (ਜਿਸ ਤਰ੍ਹਾਂ ਟੈਮਪਿੰਗ ਮਸ਼ੀਨ, ਬੈਲਾਸਟ ਸਕਰੀਨਿੰਗ/ਰੇਗੂਲੇਟਿੰਗ ਮਸ਼ੀਨ) ਦੇ ਲਈ ਪ੍ਰੀ-ਅਤੇ ਪੋਸਟ-ਵਰਕ ਸ਼ਾਮਿਲ ਹੈ , ਨਾਲ ਹੀ T28 ਤੋਂ TTR ਦਾ ਕੰਮ ਵੀ ਸ਼ਾਮਿਲ ਹੈ ।" |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਨੰ: 103-2026-27-SrDEN-III-FZR & 104-2026-27-ADEN-II-ASR ਮਿਤੀ : 13.08.2026 2809/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਬੀਬੀਪੁਰ 'ਚ ਦਰਜਨਾਂ ਆਗੂ ਤੇ ਪੰਚ 'ਆਪ' 'ਚ ਸ਼ਾਮਲ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪਿੰਡ ਬੀਬੀਪੁਰ ਵਿਖੇ ਵੱਖ-ਵੱਖ ਰਵਾਇਤੀ ਪਾਰਟੀਆਂ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ, ਜਦੋਂ ਰਣਜੋਧ ਹਡਾਣਾ ਦੀ ਰਹਿਨੁਮਾਈ ਤੇ ਗੁਰਿੰਦਰਪਾਲ ਅਦਾਲਤੀਵਾਲਾ ਦੀ ਅਗਵਾਈ ਹੇਠ ਮਾਨ ਸਰਕਾਰ ਦੇ ਲੋਕ ਪੱਖੀ ਵਿਕਾਸ ਕਾਰਜਾਂ ਨੂੰ ਦੇਖਦਿਆਂ ਵੱਡੀ ਗਿਣਤੀ ਵਿੱਚ ਆਗੂ ਤੇ ਨੌਜਵਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਦਾ ਸਿਰੋਪਾਓ ਭੇਟ ਕਰਕੇ ਨਿੱਘਾ ਸਵਾਗਤ ਕੀਤਾ।'ਆਪ' ਵਿੱਚ ਸ਼ਾਮਲ ਹੋਣ ਵਾਲਿਆਂ 'ਚ ਲਾਭ ਸਿੰਘ, ਦਰਸ਼ਨ ਸਿੰਘ, ਜਸਵੰਤ ਸਿੰਘ, ਮਨਮੋਹਨ ਸਿੰਘ, ਨਛੱਤਰ ਸਿੰਘ, ਕਰਮ ਸਿੰਘ, ਗੁਰਚੈਨ ਸਿੰਘ, ਕਰਮ ਸਿੰਘ, ਧਰਮਵੀਰ ਸਿੰਘ, ਜਗਤਾਰ ਸਿੰਘ, ਗੁਰਚਰਨ ਸਿੰਘ, ਮੁਖਤਿਆਰ ਸਿੰਘ, ਦੀਦਾਰ ਸਿੰਘ, ਮਨਜੀਤ ਸਿੰਘ, ਲਾਭ ਸਿੰਘ, ਅਵਤਾਰ ਸਿੰਘ, ਦਿਲਬਾਗ ਸਿੰਘ, ਰਜਿੰਦਰ ਸਿੰਘ, ਹਰਮੇਸ਼ ਸਿੰਘ, ਰਿੰਕੂ ਸਿੰਘ, ਮਨਜਿੰਦਰ ਸਿੰਘ, ਜਸਵੀਰ ਸਿੰਘ, ਰਣਧੀਰ ਸਿੰਘ ਬਿੱਟੂ, ਬਲਵੀਰ ਸਿੰਘ, ਹਰਜਿੰਦਰ ਸਿੰਘ, ਗੁਰਦੀਪ ਸਿੰਘ, ਕੁਲਦੀਪ ਸਿੰਘ, ਮੰਗਲ ਸਿੰਘ, ਰਣਜੀਤ ਸਿੰਘ, ਹਰਵਿੰਦਰ ਸਿੰਘ ਪੰਚ, ਸਰਪੰਚ-ਪੰਚ ਬੀਬੀਪੁਰ ਤੇ ਹੋਰ ਕਈ ਨੌਜਵਾਨ ਸ਼ਾਮਲ ਸਨ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਪੱਖੀ ਵਿਕਾਸ ਕਾਰਜਾਂ ਤੋਂ ਪ੍ਰਭਾਵਤ ਹੋ ਕੇ ਹਰ ਵਰਗ ਦੇ ਲੋਕ ਲਗਾਤਾਰ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਸਾਥੀਆਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਤੇ ਅਸੀਂ ਸਾਰੇ ਰਲ ਕੇ ਹਲਕਾ ਸਨੌਰ ਦੀ ਨੁਹਾਰ ਬਦਲਣ ਲਈ ਕੰਮ ਕਰਾਂਗੇ।

# ਅਲਬਰਟਾ 'ਚ ਅੰਮ੍ਰਿਤਧਾਰੀ ਤਲਵਿੰਦਰ ਸਿੰਘ 'ਤੇ ਗੋਰੇ ਵੱਲੋਂ ਹਮਲੇ ਦੀ ਕੈਨੇਡਾ ਸਰਕਾਰ ਜਾਂਚ ਕਰਾਏ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਲਬਰਟਾ ਵਿਖੇ ਵਾਲਮਾਰਟ ਮਾਲ 'ਚ ਜਦੋਂ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ, ਜੋ ਨਿਹੰਗ ਸਿੰਘ ਬਾਣੇ ਵਿੱਚ ਸੀ ਤੇ ਜੋ ਆਪਣੇ ਟਰੱਕ ਦਾ ਮਾਲ ਭਰਨ ਵਾਸਤੇ ਆਇਆ ਸੀ ਤੇ ਸ਼ਾਪਿੰਗ ਕਰਨ ਲਈ ਵਾਲਮਾਰਟ 'ਚ ਚਲਾ ਗਿਆ ਤਾਂ ਉਥੇ ਇੱਕ ਗੋਰੇ ਤੇ ਗੋਰੀ ਜਦੋਂ ਦਾਖ਼ਲ ਹੋਏ ਤਾਂ ਉਨ੍ਹਾਂ ਨੇ ਬਹੁਤ ਹੀ ਨਫ਼ਰਤ ਭਰੇ ਢੰਗ ਨਾਲ ਇਸ ਨੌਜਵਾਨ ਨੂੰ ਦੇਖਿਆ ਹੀ ਨਹੀਂ, ਸਗੋਂ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਉਸ ਉਪਰ ਆਵਾਜ਼ਾਂ ਕੱਸਣ ਲੱਗੇ ਤਾਂ ਜਦੋਂ ਉਸ ਨੇ ਮੁੜ ਕੇ ਦੇਖਿਆ ਤਾਂ ਉਸਨੇ ਕਿਹਾ ਕਿ ਕੀ ਤਕਲੀਫ ਹੈ ਤਾਂ ਉਸਦੀ ਥੋਡੀ ਉਤੇ ਮੁੱਕਾ ਮਾਰਿਆ ਤੇ ਹਮਲਾ ਕਰ ਦਿੱਤਾ, ਜਿਸ ਨਾਲ ਸਿੱਖ ਨੌਜਵਾਨ ਜਖਮੀ ਹੋ ਗਿਆ।ਇਸ ਨਸਲਵਾਦੀ ਘਟਨਾ ਦੀ ਜਿਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖਤ ਸ਼ਬਦਾਂ ਵਿਚ ਨਿੰਦਾ ਕਰਦਾ ਹੈ, ਉਥੇ ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਪੰਜਾਬ ਸੂਬੇ ਨਾਲ ਸੰਬੰਧਤ ਅਤੇ ਸਿੱਖ ਕੌਮ ਨਾਲ ਸੰਬੰਧਤ ਬੱਚੇ ਆਪਣੀ ਤਾਲੀਮ ਹਾਸਲ ਕਰਨ ਲਈ ਤੇ ਮਿਹਨਤ ਨਾਲ ਕਮਾਈ ਕਰਨ ਲਈ ਕੈਨੇਡਾ ਵਿਚ ਜਾਂਦੇ ਹਨ ਅਤੇ ਕੈਨੇਡਾ ਮੁਲਕ ਦੀ ਤਰੱਕੀ ਵਿਚ ਪੂਰਾ ਯੋਗਦਾਨ ਪਾਉਂਦੇ ਹਨ।

ਉਥੋਂ ਦੇ ਕਾਨੂੰਨਾਂ, ਨਿਯਮਾਂ ਦੀ ਵੀ ਪਾਲਣਾ ਕਰਦੇ ਹਨ, ਫਿਰ ਅਜਿਹੀ ਘਟਨਾ ਤਾਂ ਬਹੁਤ ਹੀ ਦੁਖਦਾਇਕ ਤੇ ਫਿਰਕੂ ਸੋਚ ਵਾਲੀ ਹੈ, ਜੋ ਕੈਨੇਡਾ ਵਰਗੇ ਜਮਹੂਰੀਅਤ ਤੇ ਅਮਨਪਸੰਦ ਮੁਲਕ ਵਿੱਚ ਨਹੀਂ ਹੋਣੀ ਚਾਹੀਦੀ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੈਨੇਡਾ ਦੇ ਅਲਬਰਟਾ ਹਿਰ ਵਿੱਚ ਤਲਵਿੰਦਰ ਸਿੰਘ ਨਾਂਅ ਦੇ ਇਕ ਗੁਰਸਿੱਖ ਉਤੇ ਇਕ ਗੋਰੇ ਵੱਲੋਂ ਕੀਤੇ ਗਏ ਹਮਲੇ ਦੀ ਦੁਖਦਾਇਕ ਘਟਨਾ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਤੇ ਉਸਦੀ ਜਾਂਚ ਕਰਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ।

# ਆਜ਼ਾਦੀ ਦੀ ਸ਼ਾਨ ਤੇ ਤੀਆਂ ਦੀ ਰੌਣਕ ਨਾਲ ਸਜਿਆ ਡੀ ਏ ਵੀ ਕਕਰਾਲਾ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

ਦੇਸ਼-ਭਗਤੀ, ਭਾਰਤੀ ਸੱਭਿਆਚਾਰ ਤੇ ਵਿਦਿਆਰਥੀਆਂ ਦੀ ਕਲਾ ਨਾਲ ਰੰਗੇ ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਕਰਾਲਾ ਵਿਖੇ ਆਜ਼ਾਦੀ ਦਿਹਾੜੇ ਤੇ ਤੀਆਂ ਦੇ ਤਿਉਹਾਰ ਨੂੰ ਸਮਰਪਤ ਸ਼ਾਨਦਾਰ ਸਮਾਗਮ ਪ੍ਰਿੰਸੀਪਲ ਸ੍ਰੀਮਤੀ ਸ਼ਿਪਰਾ ਸ਼ਰਮਾ ਦੀ ਯੋਗ ਅਗਵਾਈ ਹੇਠ ਕਰਾਇਆ ਗਿਆ। ਸਮਾਗਮ ਦਾ ਮਕਸਦ ਵਿਦਿਆਰਥੀਆਂ ਅੰਦਰ ਦੇਸ਼-ਪਿਆਰ, ਏਕਤਾ, ਬਰਾਬਰੀ, ਅਨੁਸ਼ਾਸਨ ਤੇ ਆਪਣੀ ਸੱਭਿਆਚਾਰਕ ਵਿਰਾਸਤ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਐੱਨ.ਸੀ.ਸੀ. ਕੈਡਿਟਾਂ ਵੱਲੋਂ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਕੁਲਵਿੰਦਰ ਵਰਮਾ (ਸਰਪੰਚ, ਗ੍ਰਾਮ ਪੰਚਾਇਤ, ਕਕਰਾਲਾ), ਸ੍ਰੀ ਕੰਵਰਪਾਲ ਸਿੰਘ (ਐਕਸੀਅਨ, ਬਿਜਲੀ ਵਿਭਾਗ, ਕਕਰਾਲਾ) ਤੇ ਗ੍ਰਾਮ ਪੰਚਾਇਤ ਕਕਰਾਲਾ ਦੇ ਮੈਂਬਰ ਸ੍ਰੀ ਗੁਰਪਾਲ ਸਿੰਘ, ਹਰਜੀਤ ਸਿੰਘ ਤੇ ਸ੍ਰੀ ਅਵਤਾਰ ਸਿੰਘ ਨੂੰ ਸਨਮਾਨ ਸਹਿਤ ਸਮਾਗਮ ਵਾਲੀ ਥਾਂ ਤੱਕ ਲਿਆਉਣ ਨਾਲ ਹੋਈ।ਇਸ ਮਗਰੋਂ ਮੁੱਖ ਮਹਿਮਾਨ ਤੇ ਪ੍ਰਿੰਸੀਪਲ ਸ੍ਰੀਮਤੀ ਸ਼ਿਪਰਾ ਸ਼ਰਮਾ ਨੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਕੌਮੀ ਝੰਡਾ ਲਹਿਰਾਇਆ।ਐਨ.ਸੀ.ਸੀ. ਕੈਡਿਟਾਂ ਅਤੇ ਸਕੂਲ ਦੇ ਚਾਰੋਂ ਸਦਨਾਂ ਦੇ ਵਲੰਟੀਅਰਾਂ ਨੇ ਸ਼ਾਨਦਾਰ ਪਰੇਡ ਕਰਦਿਆਂ ਕੌਮੀ ਝੰਡੇ ਨੂੰ ਸਲਾਮੀ ਦਿੱਤੀ।ਪ੍ਰਿੰਸੀਪਲ ਨੇ ਸਾਰਿਆਂ ਨੂੰ ਕੌਮੀ ਏਕਤਾ, ਫ਼ਰਜ਼ ਪ੍ਰਤੀ ਵਫ਼ਾਦਾਰੀ, ਅਨੁਸ਼ਾਸਨ ਤੇ ਦੇਸ਼ ਪ੍ਰਤੀ ਸਮਰਪਣ ਦੀ ਸਹੁੰ ਚੁਕਾਈ।ਆਪਣੇ ਸੰਬੋਧਨ ਦੌਰਾਨ ਪ੍ਰਿੰਸੀਪਲ ਨੇ ਆਜ਼ਾਦੀ ਦਿਹਾੜੇ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਆਜ਼ਾਦੀ ਘੁਲਾਟੀਆਂ ਦੇ ਤਿਆਗ ਤੇ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ, ਸੰਵਿਧਾਨ ਦੇ ਅਸੂਲਾਂ ਦਾ ਸਤਿਕਾਰ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਬਣ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਗਿਆਨ, ਅਨੁਸ਼ਾਸਨ, ਬਰਾਬਰੀ, ਭਾਈਚਾਰਾ ਤੇ ਜ਼ਿੰਮੇਵਾਰ ਨਾਗਰਿਕਤਾ ਹੀ ਮਜ਼ਬੂਤ ਦੇਸ਼ ਦੀ ਨੀਂਹ ਹਨ।ਇਸੇ ਕੜੀ ਵਿੱਚ ਮੁੱਖ ਮਹਿਮਾਨਾਂ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਜ਼ਾਦੀ ਦੀ ਮਹੱਤਤਾ, ਦੇਸ਼-ਪ੍ਰੇਮ ਅਤੇ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ।ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਡੰਬਲ ਡਾਂਸ ਤੇ ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਸੱਭਿਆਚਾਰਕ ਝਲਕੀਆਂ ਨੂੰ ਦਰਸਾਉਂਦੀਆਂ ਨਾਚ ਪੇਸ਼ਕਾਰੀਆਂ ਨੇ 'ਵੰਨ ਸੁਵੰਨਤਾ ਵਿੱਚ ਏਕਤਾ' ਦਾ ਸੁੰਦਰ ਸੁਨੇਹਾ ਦਿੱਤਾ।ਉੱਥੇ ਹੀ ਭੰਗੜੇ ਦੀ ਜੋਸ਼ ਭਰੀ ਪੇਸ਼ਕਾਰੀ ਨੇ ਸਾਰੇ ਮਾਹੌਲ ਨੂੰ ਜੋਸ਼ ਅਤੇ ਖੁਸ਼ੀ ਨਾਲ ਭਰ ਦਿੱਤਾ।ਤੀਆਂ ਦੇ ਤਿਉਹਾਰ ਤਹਿਤ ਵਿਦਿਆਰਥੀਆਂ ਨੇ ਰਵਾਇਤੀ ਪਹਿਰਾਵੇ ਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਪੰਜਾਬੀ ਲੋਕ-ਵਿਰਸੇ, ਰੰਗ-ਰੰਗੀਲੇਪਣ ਅਤੇ ਖੁਸ਼ੀਆਂ ਨੂੰ ਜੀਵੰਤ ਕਰ ਦਿੱਤਾ।


## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ ਇਲੈਕਟ੍ਰਿਕ ਲੋਕੋ ਸ਼ੇਡ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-14 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 07.09.2026 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ।

| ਟੈਂਡਰ ਸੰਖਿਆ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-02B | ਲੁਧਿਆਣਾ ਦੇ ਇਲੈਕਟ੍ਰਿਕ ਲੋਕੋ ਸ਼ੇਡ ਵਿਚ ਲਗੇ EOT ਕ੍ਰੇਨ ਦੇ ਲਈ ਦੋ ਸਾਲ ਦਾ ਐਨੂੰਅਲ ਮੇਂਟੇਨੇਂਸ ਕਾਂਟਰੈਕਟ (AMC), ਜਿਸ ਵਿਚ ਸਟੈਂਡ-ਬਾਯ ਸਪੇਅਰ ਪਾਰਟਸ ਵੀ ਸ਼ਾਮਲ ਹਨ। | 52,92,182.21/- | 0 | 07.09.2026 15:00 ਵਜੇ ਤਕ | 1,05,900/- | 16 ਮਹੀਨੇ | 07.09.2026 15:00 ਵਜੇ ਦੇ ਬਾਅਦ | www.ireps.gov.in |

ਨੰ.: Tender Notice No. 230-Elect/TRS/LDH/WC/EOT Crane/2025-26/02B ਤਾਰੀਕ — 14.08.2026 2828/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਜੋਗੀਪੁਰ ਯੂਥ ਅਕਾਲੀ ਦਲ ਦੀ ਕੋਰ ਕਮੇਟੀ 'ਦੇ ਮੈਂਬਰ ਨਿਯੁਕਤ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਅਹਿਮ ਫੈਸਲਾ ਲੈਂਦਿਆਂ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਰਦਾਰ ਹਰਮਿੰਦਰ ਸਿੰਘ ਜੋਗੀਪੁਰ ਨੂੰ ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।ਪਾਰਟੀ ਹਾਈਕਮਾਨ ਵੱਲੋਂ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਹਰਮਿੰਦਰ ਸਿੰਘ ਜੋਗੀਪੁਰ ਦੀ ਪੰਥ, ਪੰਜਾਬ ਤੇ ਪਾਰਟੀ ਪ੍ਰਤੀ ਸੇਵਾ ਭਾਵਨਾ ਅਤੇ ਜ਼ਮੀਨੀ ਪੱਧਰ 'ਤੇ ਪਾਰਟੀ ਲਈ ਕੀਤੇ ਕੰਮਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।ਨਿਯੁਕਤੀ ਤੋਂ ਬਾਅਦ ਹਰਮਿੰਦਰ ਸਿੰਘ ਜੋਗੀਪੁਰ ਨੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨਾ ਅਤੇ ਪੰਜਾਬ ਦੇ ਮੁੱਦਿਆਂ ਨੂੰ ਮਜ਼ਬੂਤੀ ਨਾਲ ਅੱਗੇ ਲੈ ਕੇ ਜਾਣਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ। ਹਰਮਿੰਦਰ ਸਿੰਘ ਜੋਗੀਪੁਰ ਦੀ ਨਿਯੁਕਤੀ 'ਤੇ ਪਟਿਆਲਾ ਸਮੇਤ ਪੰਜਾਬ ਭਰ ਦੇ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ।

## ਆਜ਼ਾਦੀ ਦਿਹਾੜਾ ਜੋਸ਼-ਖਰੋਸ਼ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਡਾਕਟਰ ਕਲਾਮ ਇੰਟਰਨੈਸ਼ਨਲ ਸਕੂਲ ਵਿਖੇ ਆਜ਼ਾਦੀ ਦਿਹਾੜਾ ਬਹੁਤ ਹੀ ਉਤਸ਼ਾਹ, ਸ਼ਾਨੋ-ਸ਼ੌਕਤ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ।ਸਮਾਗਮ ਵਿੱਚ ਸਕੂਲ ਮੈਨੇਜਮੈਂਟ ਮੈਂਬਰ ਮਿਸਟਰ ਰਾਮ ਗੁਪਤਾ, ਮੈਡਮ ਅਰੁਸ਼ੀ ਗੁਪਤਾ, ਸਕੂਲ ਦੇ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਤੇ ਮੁੱਖ ਮਹਿਮਾਨਾਂ ਦੁਆਰਾ ਰਾਸ਼ਟਰੀ ਝੰਡਾ (ਤਿਰੰਗਾ) ਲਹਿਰਾਉਣ ਦੀ ਰਸਮ ਨਾਲ ਹੋਈ, ਜਿਸ ਤੋਂ ਬਾਅਦ ਸਭ ਨੇ ਮਿਲ ਕੇ ਰਾਸ਼ਟਰੀ ਗਾਨ ਗਾਇਆ।ਵਿਦਿਆਰਥੀਆਂ ਵੱਲੋਂ ਤਿਰੰਗੇ ਨੂੰ ਸਲਾਮੀ ਦਿੱਤੀ ਗਈ।ਵਿਦਿਆਰਥੀਆਂ ਦੁਆਰਾ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਦੇਸ਼ ਭਗਤੀ ਦੇ ਗੀਤ ਤੇ ਕੋਰੀਓਗ੍ਰਾਫੀ ਰਾਹੀਂ ਬੱਚਿਆ ਨੇ ਸਭ ਦਾ ਮਨ ਮੋਹ ਲਿਆ।ਭਾਸ਼ਣ ਤੇ ਕਵਿਤਾਵਾਂ ਦੁਆਰਾ ਵਿਦਿਆਰਥੀਆਂ ਨੇ ਆਜ਼ਾਦੀ ਦੇ ਪਰਵਾਨਿਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਭਾਵਪੂਰਤ ਭਾਸ਼ਣ ਤੇ ਕਵਿਤਾਵਾਂ ਪੇਸ਼ ਕੀਤੀਆਂ।ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨੂੰ ਦਰਸਾਉਂਦਾ ਇੱਕ ਵਿਸ਼ੇਸ਼ ਨਾਟਕ ਵੀ ਖੇਡਿਆ ਗਿਆ, ਜਿਸ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ।

## ਜੇ ਕੇ ਐੱਸ ਪਬਲਿਕ ਸਕੂਲ ਨੇ ਕਰਾਏ ਮਹਿੰਦੀ ਮੁਕਾਬਲੇ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਸਾਵਣ ਮਹੀਨੇ ਵਿੱਚ ਤੀਜ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜੇ.ਕੇ.ਐੱਸ ਪਬਲਿਕ ਸਕੂਲ ਵਿਖੇ ਮਹਿੰਦੀ ਮੁਕਾਬਲੇ ਕਰਾਏ ਗਏ।ਭਾਗੀਦਾਰਾਂ ਨੇ ਸੁੰਦਰ ਅਤੇ ਆਕਰਸ਼ਕ ਮਹਿੰਦੀ ਡਿਜ਼ਾਈਨਾਂ ਰਾਹੀਂ ਆਪਣੀ ਕਲਾ ਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ।ਸਾਰਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਸਕੂਲ ਨੇ ਵੀ ਹਰਿਆਲੀ ਤੀਜ ਖੁਸ਼ੀ ਤੇ ਰਵਾਇਤੀ ਢੰਗ ਨਾਲ ਮਨਾਈ।ਰੰਗੀਨ ਪੁਸ਼ਾਕਾਂ 'ਚ ਸਜੇ ਛੋਟੇ ਬੱਚਿਆਂ ਨੇ ਪੰਜਾਬੀ ਗੀਤਾਂ 'ਤੇ ਮਨਮੋਹਕ ਨਾਚ ਪੇਸ਼ ਕੀਤੇ।ਹਰੇ ਰੰਗ ਨੂੰ ਕੁਦਰਤ, ਹਰਿਆਲੀ ਅਤੇ ਵਾਤਾਵਰਣ ਸੁਰੱਖਿਆ ਦੇ ਪ੍ਰਤੀਕ ਵਜੋਂ ਅਪਣਾਇਆ ਗਿਆ।ਝੂਲਿਆਂ, ਸੰਗੀਤ, ਨਾਚ ਤੇ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਨੇ ਜਸ਼ਨ ਨੂੰ ਹੋਰ ਵੀ ਆਕਰਸ਼ਕ ਬਣਾਇਆ।ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮੀਨੂੰ ਮੋਂਗਾ ਨੇ ਹਰਿਆਲੀ ਤੀਜ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਅਜਿਹੇ ਤਿਉਹਾਰ ਨਾ ਸਿਰਫ਼ ਵਿਦਿਆਰਥੀਆਂ ਨੂੰ ਸਾਡੇ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੋੜਦੇ ਹਨ, ਸਗੋਂ ਕੁਦਰਤ ਪ੍ਰਤੀ ਪਿਆਰ ਅਤੇ ਸੰਭਾਲ ਦੀ ਭਾਵਨਾ ਨੂੰ ਵੀ ਉਤਸ਼ਾਹਤ ਕਰਦੇ ਹਨ।ਉਨ੍ਹਾਂ ਮਹਿੰਦੀ ਮੁਕਾਬਲੇ ਦੇ ਆਯੋਜਨ ਲਈ ਭਾਰਤ ਵਿਕਾਸ ਪ੍ਰੀਸ਼ਦ ਦਾ ਧੰਨਵਾਦ ਕੀਤਾ ਤੇ ਸਾਰੇ ਭਾਗੀਦਾਰਾਂ ਦੀ ਸ਼ਲਾਘਾ ਕੀਤੀ।

## ਤਿਰੰਗਾ ਯਾਤਰਾ ਤੇ ਬੂਟੇ ਲਾਉਣ ਦੀ ਮੁਹਿੰਮ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਜ਼ਾਦੀ ਦਿਵਸ ਦੇ ਮੱਦੇਨਜ਼ਰ 'ਹਰ ਘਰ ਤਿਰੰਗਾ, ਹਰ ਘਰ ਤਿਰੰਗਾ' ਮੁਹਿੰਮ ਤਹਿਤ ਐਂਟੀ ਡਰੱਗ ਐਂਡ ਸੋਸ਼ਲ ਵੈਲਫੇਅਰ ਆਰਗਨਾਈਜੇਸ਼ਨ ਪੰਜਾਬ ਅਤੇ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋਂ ਤਿਰੰਗਾ ਯਾਤਰਾ ਕੱਢੀ ਗਈ।ਇਸ ਮੌਕੇ ਵਾਤਾਵਰਣ ਦੀ ਸੰਭਾਲ ਤੇ ਸ਼ੁੱਧਤਾ ਦਾ ਸੰਦੇਸ਼ ਦਿੰਦਿਆਂ ਵੱਡੀ ਗਿਣਤੀ ਵਿੱਚ ਬੂਟੇ ਵੀ ਲਾਏ ਗਏ।ਵਿਸ਼ੇਸ਼ ਤੌਰ 'ਤੇ ਸੰਜੀਵ ਗਰਗ, ਚੇਅਰਮੈਨ ਪੰਜਾਬ ਅਤੇ ਪਰਦਮਨ ਸਿੰਘ ਵਿਰਕ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੇ ਸ਼ਿਰਕਤ ਕੀਤੀ।ਸਮਾਗਮ ਦੌਰਾਨ ਨੌਜਵਾਨਾਂ ਅਤੇ ਲੋਕਾਂ ਨੂੰ ਤਿਰੰਗੇ ਵੰਡੇ ਗਏ ਤੇ ਉਨ੍ਹਾਂ ਨੂੰ ਦੇਸ਼ ਦੀ ਏਕਤਾ, ਅਖੰਡਤਾ ਅਤੇ ਰਾਸ਼ਟਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ ਗਿਆ।ਤਿਰੰਗਾ ਯਾਤਰਾ ਦੌਰਾਨ ਦੇਸ਼ ਭਗਤੀ ਦੇ ਨਾਅਰਿਆਂ ਨਾਲ ਇਲਾਕਾ ਗੂੰਜ ਉੱਠਿਆ।ਆਯੋਜਕਾਂ ਨੇ ਕਿਹਾ ਕਿ ਤਿਰੰਗਾ ਸਿਰਫ਼ ਸਾਡੀ ਰਾਸ਼ਟਰੀ ਪਛਾਣ ਹੀ ਨਹੀਂ, ਸਗੋਂ ਇਹ ਦੇਸ਼ ਦੀ ਏਕਤਾ ਅਤੇ ਕੁਰਬਾਨੀਆਂ ਦੀ ਯਾਦ ਦਾ ਪ੍ਰਤੀਕ ਹੈ।ਇਸ ਦੇ ਨਾਲ ਹੀ ਵਾਤਾਵਰਨ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਸੱਦਾ ਦਿੱਤਾ ਗਿਆ।ਸੰਜੀਵ ਗਰਗ ਨੇ ਕਿਹਾ ਕਿ 'ਹਰ ਘਰ ਤਿਰੰਗਾ' ਮੁਹਿੰਮ ਰਾਹੀਂ ਹਰੇਕ ਨਾਗਰਿਕ ਅੰਦਰ ਦੇਸ਼ ਭਗਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਦਾ ਸੰਦੇਸ਼ ਵੀ ਘਰ-ਘਰ ਪੁਚਾਉਣਾ ਸਮੇਂ ਦੀ ਲੋੜ ਹੈ।

## ਜੇ ਐੱਮ ਕੇ ਇੰਟਰਨੈਸ਼ਨਲ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਜੇ ਐਮ ਕੇ ਇੰਟਰਨੈਸ਼ਨਲ ਸਕੂਲ ਵਿੱਚ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਨੂੰ ਰੰਗ ਬਰੰਗੇ ਸਜਾਵਟੀ ਅਤੇ ਪੰਜਾਬੀ ਵਿਰਸੇ ਨਾਲ ਸਬੰਧਿਤ ਵਸਤੂਆਂ ਨਾਲ ਸਜਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਗਿੱਧਾ, ਲੋਕ ਗੀਤ ਅਤੇ ਬੋਲੀਆਂ ਪੇਸ਼ ਕੀਤੀਆਂ।ਇਸ ਵਿੱਚ ਨਰਸਰੀ,ਐੱਲ.ਕੇ .ਜੀ, ਯੂ. ਕੇ.ਜੀ ਦੇ ਬੱਚਿਆਂ ਸਰਗੁਨ,ਸੁਖਰੀਤ,ਗੁਰਨੂਰ, ਪ੍ਰਭਗੁਨ, ਵਾਨਿਆ ਸ਼ਰਮਾਂ, ਬਵਲੀਨ ਕੌਰ, ਰਵੀਨ ਕੌਰ,ਅਭੀਜੋਤ, ਫ਼ਤਿਹਮਾਨ, ਹਿੰਮਤ, ਗੁਰਕੀਰਤ ਸਿੰਘ ਨੇ ਪੂਰੇ ਪੰਜਾਬੀ ਪਹਿਰਾਵੇ ਵਿੱਚ ਸਮਾਗਮ ਨੂੰ ਚਾਰ ਚੰਨ ਲਗਾਏ।ਸਕੂਲ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਤੀਜ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ।ਮਹਿੰਦੀ ਮੁਕਾਬਲੇ ਵਿੱਚ ਗਿਆਰਵੀਂ ਦੀ ਵਿਦਿਆਰਥਣ ਪਰਮਿੰਦਰ ਕੌਰ ਨੇ ਪਹਿਲਾ, ਜੈਸਮੀਨ ਕੌਰ ਨੇ ਦੂਜਾ, ਗੀਤਮ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਨੇਲ ਆਰਟ ਮੁਕਾਬਲੇ ਵਿੱਚ ਮਹਿਕ ਕੌਰ ਨੇ ਪਹਿਲਾ, ਅਵਨੀਤ ਕੌਰ ਨੇ ਦੂਜਾ ਅਤੇ ਕ੍ਰੀਤਿਕਾ ਤੇ ਅਨੁਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਤ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਤੀਜ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

## ਆਜ਼ਾਦੀ ਦਿਹਾੜਾ ਚਾਅ ਨਾਲ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੇਂਟ ਜ਼ੇਵੀਅਰਜ ਸਕੂਲ ਦੇ ਕਿੰਡਰਗਾਰਟਨ ਵਿੰਗ ਨੇ ਕੁਰਬਾਨੀ ਦਾ ਵਿਰਸਾ, ਭਵਿੱਖ ਦੀ ਆਸ ਨਾਲ ਅਜ਼ਾਦੀ ਦਿਵਸ ਮਨਾਇਆ, ਜਿਸ ਵਿੱਚ ਐੱਲ.ਕੇ.ਜੀ. ਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਕਿੰਡਰਗਾਰਟਨ ਵਿੰਗ ਦੇ ਅਧਿਆਪਕਾਂ ਵੱਲੋਂ ਹੱਥੀਂ ਬਣਾਏ ਗਏ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਪ੍ਰਿੰਸੀਪਲ ਫਾਦਰ ਜੈਰੀ ਪੌਲ ਲੋਬੋ ਤੇ ਮੈਨੇਜਰ ਫਾਦਰ ਆਂਦਰੇ ਫਰਨਾਂਡਿਜ ਦਾ ਨਿੱਘਾ ਸਵਾਗਤ ਕੀਤਾ।ਨੰਨ੍ਹੇ-ਮੁੰਨੇ ਬੱਚਿਆਂ ਨੇ ਆਪਣੇ ਅਧਿਆਪਕਾਂ ਵੱਲੋਂ ਬਣਾਈਆਂ ਤਿੰਨ ਰੰਗਾਂ ਦੀਆਂ ਟੋਪੀਆਂ ਤੇ ਬੈਜ ਆਪਣੇ ਪ੍ਰਿੰਸੀਪਲ ਫਾਦਰ ਜੈਰੀ ਪੌਲ ਲੋਬੋ ਤੇ ਮੈਨੇਜਰ ਫਾਦਰ ਆਂਦਰੇ ਫਰਨਾਂਡਿਜ ਨੂੰ ਪਹਿਨਾਏ।ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਹੋਏ ਨੰਨ੍ਹੇ ਮੁੰਨੇ ਬੱਚਿਆਂ ਨੇ ਆਪਣੀ ਸਰੀਰਿਕ ਤਾਕਤ, ਅਨੁਸ਼ਾਸ਼ਨ ਤੇ ਸੰਤੁਲਨ ਨੂੰ ਪੇਸ਼ ਕਰਦੇ ਹੋਏ ਬਾਲ ਦੇ ਨਾਲ ਮਾਸ ਪੀ.ਟੀ. ਕਰਕੇ ਸਭ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ।ਵੰਦੇ ਮਾਤਰਮ ਗੀਤ ਰਾਹੀਂ ਭਾਰਤ ਮਾਂ ਨੂੰ ਪ੍ਰਣਾਮ ਕਰਦੇ ਹੋਏ ਆਪਣੀ ਮਿੱਟੀ ਨਾਲ ਜੁੜੇ ਰਹਿਣ ਦਾ ਸੱਦਾ ਦਿੰਦੇ ਹੋਏ ਇੱਕ ਖ਼ੂਬਸੂਰਤ ਡਾਂਸ ਦੀ ਪੇਸ਼ਕਾਰੀ ਕੀਤੀ।ਛੋਟੇ ਬੱਚਿਆਂ ਨੇ ਮਿੱਟੀ ਦੀ ਮਹੱਤਤਾ ਦੱਸਦੇ ਹੋਏ ਡਾਂਸ ਪੇਸ਼ ਕਰਦੇ ਕਰਦੇ ਆਪਣੇ ਪ੍ਰਿੰਸੀਪਲ ਨੂੰ ਹੱਥੀਂ ਬਣਾਇਆ ਭਾਰਤ ਦਾ ਨਕਸ਼ਾ ਮਾਡਲ ਦੇ ਰੂਪ ਵਿੱਚ ਭੇਟ ਕੀਤਾ।ਹੈਪੀ ਚਿਲਡਰਨ ਇਨ ਫ੍ਰੀ ਇੰਡੀਆ ਗੀਤ ਤੇ ਡਾਂਸ ਪੇਸ਼ ਕਰਦੇ ਹੋਏ ਬੱਚਿਆਂ ਨੇ ਆਪਣੇ ਦੇਸ ਨੂੰ ਮਿਲੀ ਹੋਈ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ ਸੁਨੇਹਾ ਦਿੱਤਾ।ਪ੍ਰਿੰਸੀਪਲ ਫਾਦਰ ਜੈਰੀ ਪੌਲ ਲੋਬੋ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਰਾਹੀਂ ਬੱਚਿਆਂ ਤੇ ਅਧਿਆਪਕਾਂ ਨੂੰ ਦੇਸ ਨੂੰ ਅਜ਼ਾਦ ਕਰਾਉਣ ਲਈ ਦਿੱਤੀਆਂ ਕੁਰਬਾਨੀਆਂ ਬਾਰੇ ਵਿਸਥਾਰਪੂਰਵਕ ਦੱਸਿਆ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਚੀ ਲਗਨ ਨਾਲ ਅੱਗੇ ਵਧਣ ਤੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।ਮੈਨੇਜਰ ਫਾਦਰ ਆਂਦਰੇ ਫਰਨਾਂਡਿਜ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਨੂੰ ਦੇਸ ਸੇਵਾ ਦਾ ਜ਼ਜਬਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ।

# ਫ਼ਤਿਹ ਪ੍ਰੈੱਸ ਕਲੱਬ ਤੇ ਖੱਤਰੀ ਵੈੱਲਫੇਅਰ ਸੋਸਾਇਟੀ ਨੇ ਲਗਾਇਆ ਪੌਦਿਆਂ ਦਾ ਲੰਗਰ

■ 'ਇੱਕ ਪੌਦਾ ਲਗਾਓ, ਇੱਕ ਜ਼ਿੰਮੇਵਾਰੀ ਨਿਭਾਓ' ਰਾਹੀਂ ਦਿੱਤਾ ਵਾਤਾਵਰਣ ਬਚਾਉਣ ਦਾ ਸੁਨੇਹਾ ■ ਜਲਾਲਾਬਾਦ ਨੂੰ ਹਰਿਆ-ਭਰਿਆ ਬਣਾਉਣ ਲਈ ਲੋਕਾਂ ਨੇ ਦਿਖਾਇਆ ਭਾਰੀ ਉਤਸ਼ਾਹ




**ਜਲਾਲਾਬਾਦ (ਬਲਵਿੰਦਰ ਸਿੰਘ)**

ਵਾਤਾਵਰਣ ਦੀ ਸੰਭਾਲ ਤੇ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ ਪਿਛਲੇ ਦਿਨੀਂ ਫ਼ਤਿਹ ਪ੍ਰੈੱਸ ਕਲੱਬ ਜਲਾਲਾਬਾਦ (ਰਜਿ:) ਤੇ ਖੱਤਰੀ ਵੈੱਲਫੇਅਰ ਸੋਸਾਇਟੀ ਜਲਾਲਾਬਾਦ ਵੱਲੋਂ ਸਾਂਝੇ ਤੌਰ 'ਤੇ ਨੇੜੇ ਸ਼ਹੀਦ ਊਧਮ ਸਿੰਘ ਚੌਕ ਵਿਖੇ ਪੌਦਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਇਲਾਕਾ ਨਿਵਾਸੀਆਂ ਵਿੱਚ ਪੌਦੇ ਪ੍ਰਾਪਤ ਕਰਨ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਪੌਦਿਆਂ ਦੇ ਲੰਗਰ ਦੌਰਾਨ, ਜਿਨ੍ਹਾਂ ਲੋਕਾਂ ਨੇ ਪੌਦੇ ਪ੍ਰਾਪਤ ਕੀਤੇ, ਉਨ੍ਹਾਂ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਉਹ ਇਨ੍ਹਾਂ ਪੌਦਿਆਂ ਦੀ ਪੂਰੀ ਤਨਦੇਹੀ ਨਾਲ ਸਾਂਭ-ਸੰਭਾਲ ਕਰਨਗੇ ਤੇ ਇਨ੍ਹਾਂ ਨੂੰ ਵੱਡੇ ਕਰਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਵਿੱਚ ਆਪਣਾ ਪੂਰਨ ਯੋਗਦਾਨ ਪਾਉਣਗੇ।ਪ੍ਰਬੰਧਕਾਂ ਵੱਲੋਂ ਲੋਕਾਂ ਨੂੰ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਨਿਯਮਤ ਦੇਖਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਖੱਤਰੀ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਦੀਪਕ ਸਹਿਗਲ ਨੇ ਪੇੜ-ਪੌਦਿਆਂ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਪੌਦੇ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਰੁੱਖ ਸਾਨੂੰ ਸ਼ੁੱਧ ਹਵਾ ਦੇਣ ਦੇ ਨਾਲ-ਨਾਲ ਕੁਦਰਤੀ ਸੰਤੁਲਨ ਬਣਾਈ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

ਫ਼ਤਿਹ ਪ੍ਰੈੱਸ ਕਲੱਬ ਜਲਾਲਾਬਾਦ ਦੇ ਪ੍ਰਧਾਨ ਬਲਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਨਾਲ ਆਬੋ-ਹਵਾ ਵਿੱਚ ਵਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦ ਮਿਲੇਗੀ।ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਰੱਖਿਆ ਸਿਰਫ਼ ਕਿਸੇ ਇੱਕ ਸੰਸਥਾ ਜਾਂ ਵਿਅਕਤੀ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਨੂੰ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਿਆ ਜਾਵੇ।ਇਸ ਮੌਕੇ ਮਨੁੱਖਤਾ ਦੀ ਸੇਵਾ ਤੇ ਸਰਬੱਤ ਦੇ ਭਲੇ ਸੁਸਾਇਟੀ ਦੇ ਪ੍ਰਧਾਨ ਡਾ. ਸਤਨਾਮ ਸਿੰਘ ਨੇ ਵੀ ਪੌਦਿਆਂ ਦੀ ਸਾਂਭ-ਸੰਭਾਲ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਉੱਘੇ ਸਮਾਜ ਸੇਵੀ ਡਾ. ਰਾਜ ਮਹਿਰੋਕ ਤੇ ਐਮ.ਸੀ. ਜਰਨੈਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਇਸ ਵਾਤਾਵਰਣ-ਪੱਖੀ ਉਪਰਾਲੇ ਦੀ ਸ਼ਲਾਘਾ ਕੀਤੀ।ਪੌਦਿਆਂ ਦੇ ਲੰਗਰ ਵਿੱਚ ਫ਼ਤਿਹ ਪ੍ਰੈੱਸ ਕਲੱਬ ਜਲਾਲਾਬਾਦ (ਰਜਿ:) ਵੱਲੋਂ ਪ੍ਰਧਾਨ ਬਲਵਿੰਦਰ ਸਿੰਘ, ਵਾਈਸ ਪ੍ਰਧਾਨ ਸ੍ਰੀ ਗਗਨ ਵਾਟਸ, ਸਰਪ੍ਰਸਤ ਬਲਜੀਤ ਸਿੰਘ ਮੱਲ੍ਹੀ, ਜਨਰਲ ਸਕੱਤਰ ਬਿੱਟੂ ਦਰੋਗਾ, ਮੁੱਖ ਸਲਾਹਕਾਰ ਚਿਮਨ ਸਿੰਘ ਚਿੰਮੂ, ਪੀ.ਆਰ.ਓ. ਮੇਹਰ ਸਿੰਘ ਹੱਡੀ ਵਾਲੀਆ, ਸੰਦੀਪ ਸਿੰਘ ਸੋਨੂ ਮਹੰਤ ਕੈਸ਼ੀਅਰ, ਐਡਵੋਕੇਟ ਗੁਰਚਰਨ ਸਿੰਘ ਸੰਧੂ, ਮੀਡੀਆ ਸਲਾਹਕਾਰ, ਦੀਪਕ ਮਿੱਡਾ ਸਕੱਤਰ, ਜਗਦੀਪ ਬਹਿਲ ਸਕੱਤਰ ਤੇ ਮੈਂਬਰ ਸਤਨਾਮ ਸਿੰਘ ਸਿੱਧੂ ਆਦਿ ਹਾਜ਼ਰ ਸਨ।ਇਸੇ ਤਰ੍ਹਾਂ ਖੱਤਰੀ ਵੈੱਲਫੇਅਰ ਸੋਸਾਇਟੀ ਵੱਲੋਂ ਪ੍ਰਧਾਨ ਦੀਪਕ ਸਹਿਗਲ, ਸਰਪ੍ਰਸਤ ਵਿਜੇ ਖੰਨਾ, ਪਰੇਸ਼ ਖੰਨਾ, ਰਵਿੰਦਰ ਧਵਨ, ਅਨੂਪ ਮੈਣੀ, ਡੀ. ਸੀ. ਮੈਣੀ, ਵਿਕਾਸ ਸਹਿਗਲ, ਮਨਪ੍ਰੀਤ ਕਪੂਰ, ਅਮਨ ਹਾਂਡਾ, ਜਸਵੰਤ ਸਿੰਘ ਖੱਤਰੀ, ਪਰਮਜੀਤ ਸਿੰਘ ਪਟਵਾਰੀ ਆਦਿ ਮੌਜੂਦ ਸਨ।

# ਅੱਜ-ਨਾਮਾ

ਆਜ਼ਾਦੀ ਆਈ, ਮਨਾਈ ਸੀ ਖ਼ੁਸ਼ੀ ਲੋਕਾਂ,
ਮਿਲੀ ਬਹੁਤ ਇਹ ਮਹਿੰਗੜੇ ਭਾਅ ਬੇਲੀ।
ਪੌਣੀ ਸਦੀ ਤੋਂ ਬਾਅਦ ਹਨ ਲੋਕ ਕਹਿੰਦੇ,
ਚੜ੍ਹਦੇ ਸਾਡੇ ਨਾ ਸਿਰੇ ਕੋਈ ਚਾਅ ਬੇਲੀ।
ਦੌਰ ਜ਼ੁਲਮ ਦਾ ਕਦੇ ਨਹੀਂ ਬੰਦ ਹੋਇਆ,
ਚੜ੍ਹ-ਚੜ੍ਹ ਲੱਥਦਾ ਲੋਕਾਂ ਦਾ ਤਾਅ ਬੇਲੀ।
ਜਿਹੜੇ ਚੋਰਾਂ ਨੇ ਨੱਕ ਵਿੱਚ ਦਮ ਕਰਿਆ,
ਵਹਿੰਦੀ ਉਨ੍ਹਾਂ ਦੇ ਪੱਖ ਵਿੱਚ ਵਾਅ ਬੇਲੀ।
ਸਰਕਾਰਾਂ ਦੱਸਣ, ਤਰੱਕੀ ਕੀ ਚੰਨ ਚਾੜ੍ਹੇ,
ਆਜ਼ਾਦੀ ਆਣ ਕੇ ਕਿੱਧਰ ਹੈ ਗਈ ਬੇਲੀ।
ਲਾਰੇ ਸੁਣੀਂਦੇ, ਅਮਲ ਨਹੀਂ ਕਦੀ ਡਿੱਠਾ,
ਕਿਹੜੀ ਬਿੱਜ ਹੈ ਕਿੱਧਰ ਤੋਂ ਪਈ ਬੇਲੀ।

-ਤੀਸ ਮਾਰ ਖਾਂ

## ਕਾਮਰੇਡ ਸ਼ਬੇਗ ਸਿੰਘ ਦੀ ਮੌਤ 'ਤੇ ਕਸਬਾ ਮੱਖੂ ਵਿੱਚ ਸੋਗ ਦੀ ਲਹਿਰ



**ਮੱਖੂ (ਰਛਪਾਲ ਸਿੰਘ ਸੰਧੂ)**-ਕਾਮਰੇਡ ਸ਼ਬੇਗ ਸਿੰਘ (ਸਾਬਕਾ ਸੂਬਾ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਸਕੱਤਰ ਸੀ ਪੀ ਆਈ (ਐਮ) ਦੀ ਬੇਵਕਤੀ ਮੌਤ ਨਾਲ ਕਸਬਾ ਮੱਖੂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਕਾਮਰੇਡ ਸ਼ਬੇਗ ਸਿੰਘ ਬਹੁਤ ਇਮਾਨਦਾਰ ਅਤੇ ਸੁਲਝੇ ਹੋਏ ਆਗੂ ਸਨ ਜਿਨ੍ਹਾਂ ਨੇ ਇਸ ਹਲਕੇ ਦੀ ਪਿਛਲੇ ਲੰਬੇ ਸਮੇਂ ਤੋਂ ਸੇਵਾ ਕੀਤੀ। ਕਾਮਰੇਡ ਸ਼ਬੇਗ ਸਿੰਘ ਦੀ ਮੌਤ 'ਤੇ ਵਿਧਾਇਕ ਨਰੇਸ਼ ਕਟਾਰੀਆ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਪ੍ਰੀਤ ਸਿੰਘ ਹੀਰੋ, ਕੁਲਬੀਰ ਸਿੰਘ ਜੀਰਾ ਸਾਬਕਾ ਵਿਧਾਇਕ, ਡਾ. ਸੁਰਿੰਦਰ ਸਿੰਘ ਪੱਪਾ, ਬਲਵੀਰ ਸਿੰਘ ਲਹਿਰਾ ਸੂਬਾਈ ਆਗੂ ਲੇਬਰ ਯੂਨੀਅਨ, ਨਰਿੰਦਰ ਮੋਹਨ ਕਟਾਰੀਆ ਪ੍ਰਧਾਨ ਨਗਰ ਪੰਚਾਇਤ ਮੱਖੂ, ਕਾਮਰੇਡ ਕਸ਼ਮੀਰ ਸਿੰਘ, ਕਾਮਰੇਡ ਗੁਰਦੀਪ ਸਿੰਘ, ਕਾਮਰੇਡ ਰਛਪਾਲ ਸਿੰਘ ਸੰਧੂ, ਮਹਿਲ ਸਿੰਘ ਵਰਿਆ, ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੱਖੂ, ਸ਼ਮਸ਼ੇਰ ਸਿੰਘ ਲਹਿਰਾ, ਕਾਮਰੇਡ ਕੁਲਦੀਪ ਸਿੰਘ ਖੁੰਗਰ, ਕਾਮਰੇਡ ਸੁਰਜੀਤ ਗਗੜਾ, ਕਾਮਰੇਡ ਕਸ਼ਮੀਰ ਸਿੰਘ (ਜ਼ਿਲ੍ਹਾ ਸਕੱਤਰ ਸੀ.ਪੀ.ਆਈ.), ਕਾਮਰੇਡ ਸ਼ਮਸ਼ੇਰ ਸਿੰਘ ਪੱਟੀ, ਕਾਮਰੇਡ ਬਲਜੀਤ ਸਿੰਘ, ਕਾਮਰੇਡ ਸ਼ਮਸ਼ੇਰ ਸਿੰਘ, ਕਾਮਰੇਡ ਅਸ਼ੋਕ ਸਿੰਘ ਅਤੇ ਛਿੰਦਰ ਸਿੰਘ ਸਮਾਲਸਰ ਵੱਲੋਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਕਾਮਰੇਡ ਸ਼ਬੇਗ ਸਿੰਘ ਦਾ ਸ਼ਰਧਾਂਜਲੀ ਸਮਾਗਮ ਅਤੇ ਅੰਤਿਮ ਅਰਦਾਸ 16 ਅਗਸਤ ਐਤਵਾਰ ਨੂੰ ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲਾ ਮੱਖੂ ਵਿਖੇ ਹੋਵੇਗੀ।

## ਕੋਟਾਂ ਕਾਲਜ 'ਚ ਦੇਸ਼ ਦੀ ਵੰਡ ਦਾ ਦੁਖਾਂਤ ਵਿਸ਼ੇ 'ਤੇ ਪ੍ਰਦਰਸ਼ਨੀ

**ਦੋਰਾਹਾ (ਹਰਮਿੰਦਰ ਸੇਠ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਪੰਜਾਬ ਦੇ ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਦੀ ਇੱਕ ਅਤਿਅੰਤ ਮਹੱਤਵਪੂਰਨ ਤੇ ਦੁਖਦਾਈ ਘਟਨਾ-1947 ਦੀ ਭਾਰਤ ਵੰਡ ਨੂੰ ਯਾਦ ਕਰਨ ਤੇ ਨਵੀਂ ਪੀੜ੍ਹੀ ਨੂੰ ਇਸ ਦੇ ਇਤਿਹਾਸਕ ਤੇ ਮਨੁੱਖੀ ਪੱਖਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਪੋਸਟ ਗ੍ਰੈਜੂਏਟ ਇਤਿਹਾਸ ਤੇ ਪੰਜਾਬੀ ਵਿਭਾਗ ਦੇ ਸਾਂਝੇ ਯਤਨਾਂ ਨਾਲ ਦੇਸ਼ ਦੀ ਵੰਡ ਦਾ ਦੁਖਾਂਤ ਵਿਸ਼ੇ 'ਤੇ ਵਿਸ਼ੇਸ਼ ਪ੍ਰਦਰਸ਼ਨੀ ਲਾਈ ਗਈ, ਜਿਸ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਕੀਤਾ।



ਪ੍ਰਦਰਸ਼ਨੀ 'ਚ ਵੰਡ ਨਾਲ ਸੰਬੰਧਤ ਇਤਿਹਾਸਕ ਤਸਵੀਰਾਂ ਤੇ ਦ੍ਰਿਸ਼ਟੀਗਤ ਸਮੱਗਰੀ ਰਾਹੀਂ ਉਸ ਸਮੇਂ ਦੇ ਸਮਾਜਿਕ, ਇਤਿਹਾਸਕ ਤੇ ਮਨੁੱਖੀ ਹਾਲਾਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ।ਉੱਜੜੇ ਪਰਵਾਰਾਂ, ਸ਼ਰਨਾਰਥੀ ਕੈਂਪਾਂ, ਭੀੜ-ਭੜੱਕੇ ਵਾਲੀਆਂ ਰੇਲ ਗੱਡੀਆਂ, ਪਰਵਾਸ ਦੇ ਰਸਤਿਆਂ, ਨੁਕਸਾਨੇ ਹੋਏ ਘਰਾਂ ਤੇ ਆਪਣਾ ਸੀਮਤ ਸਮਾਨ ਲੈ ਕੇ ਅਣਜਾਣ ਥਾਵਾਂ ਵੱਲ ਜਾਂਦੇ ਲੋਕਾਂ ਦੀਆਂ ਤਸਵੀਰਾਂ ਨੇ ਦਰਸ਼ਕਾਂ ਨੂੰ ਵੰਡ ਦੀ ਭਿਆਨਕਤਾ ਤੇ ਮਨੁੱਖੀ ਕੀਮਤ ਨਾਲ ਡੂੰਘਾਈ ਨਾਲ ਜੋੜਿਆ।ਪ੍ਰਦਰਸ਼ਨੀ ਦਾ ਮੁੱਖ ਕੇਂਦਰ ਪਰਵਾਸੀਆਂ ਦੇ ਦੁਖਾਂਤ, ਉਜਾੜੇ ਤੇ ਸੰਘਰਸ਼ ਨੂੰ ਉਜਾਗਰ ਕਰਨਾ ਸੀ।ਤਸਵੀਰਾਂ ਰਾਹੀਂ ਦਰਸਾਇਆ ਗਿਆ ਕਿ 1947 ਦੀ ਵੰਡ ਕੇਵਲ ਭੂਗੋਲਿਕ ਜਾਂ ਰਾਜਨੀਤਕ ਹੱਦਬੰਦੀ ਨਹੀਂ ਸੀ, ਸਗੋਂ ਇਸ ਨੇ ਲੱਖਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਵੱਡੀ ਮਨੁੱਖੀ ਤ੍ਰਾਸਦੀ ਦਾ ਰੂਪ ਧਾਰ ਲਿਆ ਸੀ।ਲੋਕਾਂ ਨੂੰ ਆਪਣੇ ਜੱਦੀ ਘਰ, ਜ਼ਮੀਨਾਂ, ਯਾਦਾਂ ਅਤੇ ਆਪਣਿਆਂ ਨੂੰ ਛੱਡ ਕੇ ਅਣਜਾਣ ਥਾਵਾਂ 'ਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਮਜਬੂਰ ਹੋਣਾ ਪਿਆ।

ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਪ੍ਰਦਰਸ਼ਨੀ ਸੰਬੰਧੀ ਵਿਚਾਰ ਪ੍ਰਗਟਾਉਂਦਿਆਂ ਦੱਸਿਆ ਕਿ ਇਤਿਹਾਸ ਸਿਰਫ਼ ਘਟਨਾਵਾਂ ਦਾ ਵੇਰਵਾ ਨਹੀਂ ਹੁੰਦਾ, ਬਲਕਿ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ, ਯਾਦਾਂ ਤੇ ਸੰਘਰਸ਼ਾਂ ਦੀ ਕਹਾਣੀ ਵੀ ਹੈ, ਜਿਨ੍ਹਾਂ ਨੇ ਇਤਿਹਾਸਕ ਘਟਨਾਵਾਂ ਨੂੰ ਆਪਣੇ ਜੀਵਨ ਵਿੱਚ ਹੰਢਾਇਆ।

## 2027 'ਚ ਪੰਜਾਬ ਦੀ ਖੁਸ਼ਹਾਲੀ ਲਈ ਭਾਜਪਾ ਦੀ ਸਰਕਾਰ ਬਣਾਉਣਾ ਜ਼ਰੂਰੀ : ਸਤਪਾਲ ਪੂਨੀਆ



**ਸਨੌਰ (ਰਾਜਿੰਦਰ ਸਿੰਘ ਥਿੰਦ)**-2027 ਦੀਆਂ ਚੋਣਾਂ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਵੱਲੋਂ ਆਪਣੀ ਚੋਣ ਮੁਹਿੰਮ ਤੇ ਜਨ ਸੰਪਰਕ ਅਭਿਆਸ ਨੂੰ ਤੇਜ਼ ਕਰ ਦਿੱਤਾ ਗਿਆ ਹੈ।ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਜਕਾਰੀ ਨੂੰ ਲੈ ਕੇ ਤਿੱਖੇ ਨਿਸ਼ਾਨੇ ਸਾਧੇ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ ਤੇ ਸੂਬੇ ਵਿੱਚ ਲਗਾਤਾਰ ਵਧ ਰਿਹਾ ਕਰਜ਼ਾ ਮੌਜੂਦਾ ਸਰਕਾਰ ਦੀ ਨਾਕਾਮੀ ਦਾ ਪ੍ਰਮਾਣ ਹੈ।ਉਨ੍ਹਾਂ ਪੰਜਾਬ ਦੇ ਸਰਵਪੱਖੀ ਵਿਕਾਸ ਤੇ ਉੱਜਵਲ ਭਵਿੱਖ ਲਈ ਜਨਤਾ ਨੂੰ 2027 ਵਿੱਚ ਭਾਜਪਾ ਨੂੰ ਸੱਤਾ ਵਿੱਚ ਲਿਆਉਣ ਦੀ ਅਪੀਲ ਕੀਤੀ।ਪੂਨੀਆ ਨੇ ਗੁਆਂਢੀ ਸੂਬੇ ਹਰਿਆਣਾ 'ਚ ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉੱਥੇ ਔਰਤਾਂ ਲਈ ਵਿਸ਼ੇਸ਼ ਸਹੂਲਤਾਂ, ਬੁਢਾਪਾ ਤੇ ਵਿਧਵਾ ਪੈਨਸ਼ਨਾਂ ਸਮੇਤ ਨੌਜਵਾਨਾਂ ਨੂੰ ਰੁਜ਼ਗਾਰ ਦੇ ਭਰਪੂਰ ਮੌਕੇ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਕਾਰ ਕਰਨ ਲਈ ਪੰਜਾਬ ਵਿੱਚ ਵੀ ਭਾਜਪਾ ਦੀ ਸਰਕਾਰ ਬਣਾਉਣੀ ਜ਼ਰੂਰੀ ਹੈ ਤਾਂ ਜੁ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸੂਬੇ ਨੂੰ ਤਰੱਕੀ ਦੇ ਰਾਹ ਉੱਤੇ ਲਿਆਂਦਾ ਜਾ ਸਕੇ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਦੀਆਂ ਲੜਕੀਆਂ ਦੀ ਸ਼ਾਨਦਾਰ ਜਿੱਤ



**ਕੋਟਕਪੂਰਾ (ਰਛਪਾਲ ਭੁੱਲਰ)**-ਸਿੱਖਿਆ ਵਿਭਾਗ ਪੰਜਾਬ ਦੁਆਰਾ 70ਵੀਆਂ ਪੰਜਾਬ ਰਾਜ ਜ਼ੋਨ ਖੇਡ ਮੁਕਾਬਲੇ ਕਰਾਏ ਜਾ ਰਹੇ ਹਨ।ਇਨ੍ਹਾਂ ਮੁਕਾਬਲਿਆਂ 'ਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਨ੍ਹਾਂ ਖੇਡ ਮੁਕਾਬਲਿਆਂ 'ਚ ਲੜਕੀਆਂ ਨੇ ਅੰਡਰ-14 (ਖੋ-ਖੋ), ਅੰਡਰ- 17 (ਗੱਤਕਾ), ਅੰਡਰ-19 (ਵੇਟ ਲਿਫਟਿੰਗ), ਅੰਡਰ-19 (ਪਾਵਰ ਲਿਫਟਿੰਗ), ਅੰਡਰ-19 (ਵਾਲੀਬਾਲ) ਨੇ ਪਹਿਲਾ ਸਥਾਨ, ਅੰਡਰ-19 (ਟਗ ਆਫ ਵਾਰ), ਅੰਡਰ- 19 (ਨੈੱਟਬਾਲ), ਅੰਡਰ-17 (ਟਗ ਆਫ ਵਾਰ), ਅੰਡਰ-14 (ਟਗ ਆਫ ਵਾਰ) ਨੇ ਦੂਜਾ ਸਥਾਨ ਹਾਸਲ ਕੀਤਾ।ਅੰਡਰ-17 (ਬੈਡਮਿੰਟਨ) ਲੜਕੀਆਂ ਨੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਬੱਚਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਇਸ ਸਫਲਤਾ ਦਾ ਸਿਹਰਾ ਸਕੂਲ ਦੇ ਡੀ.ਪੀ. ਜਸਕਰਨ ਸਿੰਘ ਗਿੱਲ, ਜਸ਼ਨਪ੍ਰੀਤ ਸਿੰਘ ਤੇ ਸ੍ਰੀਮਤੀ ਹਰਪ੍ਰੀਤ ਕੌਰ ਨੂੰ ਜਾਂਦਾ ਹੈ।

# ਕਾਂਗਰਸ ਵੱਲੋਂ ਚੋਣਾਂ ਲਈ ਤਿਆਰੀਆਂ ਤੇਜ਼ ਕਰਨ ਦੀਆਂ ਕਨਸੋਆਂ, ਰਾਹੁਲ ਗਾਂਧੀ ਆਉਣਗੇ ਪੰਜਾਬ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਇਸੇ ਮਹੀਨੇ ਪੰਜਾਬ ਦੌਰੇ 'ਤੇ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਸੂਤਰਾਂ ਅਨੁਸਾਰ ਰਾਹੁਲ ਗਾਂਧੀ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਪੰਜਾਬ 'ਚ ਕਾਂਗਰਸ ਦੀ ਚੋਣ ਮੁਹਿੰਮ ਨੂੰ ਗਤੀ ਦੇ ਸਕਦੇ ਹਨ!

ਉਨ੍ਹਾਂ ਨਾਲ ਪਾਰਟੀ ਦੇ ਕਈ ਸੀਨੀਅਰ ਆਗੂ ਵੀ ਪੰਜਾਬ ਪਹੁੰਚ ਸਕਦੇ ਹਨ।ਰਾਹੁਲ ਗਾਂਧੀ ਦੇ ਸੰਭਾਵੀ ਦੌਰੇ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਆਗੂਆਂ ਨੇ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਸੂਬੇ ਦੇ ਸੀਨੀਅਰ ਆਗੂ ਲਗਾਤਾਰ ਦਿੱਲੀ 'ਚ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨਾਲ ਮੁਲਾਕਾਤ ਕਰਕੇ ਪੰਜਾਬ ਦੀ ਮੌਜੂਦਾ ਰਾਜਨੀਤਕ ਸਥਿਤੀ ਤੇ ਸੰਗਠਨ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਕਰ ਰਹੇ ਹਨ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਹਾਲ ਹੀ ਵਿੱਚ ਦਿੱਲੀ ਵਿੱਚ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਹੈ।ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੰਸਦ ਮੈਂਬਰ ਰਾਣਾ ਗੁਰਜੀਤ ਸਿੰਘ ਸਮੇਤ ਪੰਜਾਬ ਕਾਂਗਰਸ ਦੇ ਕਈ ਆਗੂ ਕਾਂਗਰਸ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ।ਇਨ੍ਹਾਂ ਮੀਟਿੰਗਾਂ ਦੌਰਾਨ ਪੰਜਾਬ ਕਾਂਗਰਸ ਦੀ ਮੌਜੂਦਾ ਸਥਿਤੀ, ਸੰਗਠਨ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਨੂੰ ਲੈ ਕੇ ਚਰਚਾ ਹੋਈ।

ਪਾਰਟੀ ਪੱਧਰ 'ਤੇ ਆਗੂਆਂ ਦੀ ਸਰਗਰਮੀ, ਸੰਗਠਨ ਦੀ ਸਥਿਤੀ ਤੇ ਸੰਭਾਵੀ ਚੋਣ ਰਣਨੀਤੀ ਨੂੰ ਲੈ ਕੇ ਵੱਖ-ਵੱਖ ਪੱਧਰਾਂ 'ਤੇ ਫੀਡਬੈਕ ਇਕੱਠਾ ਕੀਤਾ ਜਾ ਰਿਹਾ ਹੈ।

ਕਾਂਗਰਸ ਹਾਈਕਮਾਨ ਵੱਲੋਂ ਪੰਜਾਬ 'ਚ ਪ੍ਰਮੁੱਖ ਆਗੂਆਂ ਦੀ ਸਵੀਕਾਰਤਾ ਅਤੇ ਚੋਣ ਸੰਭਾਵਨਾਵਾਂ ਨੂੰ ਲੈ ਕੇ ਸਰਵੇ ਵੀ ਕਰਾਏ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ।ਰਾਹੁਲ ਗਾਂਧੀ ਦੇ ਅੰਮ੍ਰਿਤਸਰ ਪਹੁੰਚਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਪੰਜਾਬ 'ਚ ਚੋਣ ਸਰਗਰਮੀਆਂ ਨੂੰ ਤੇਜ਼ ਕਰਨ ਦੀ ਸੰਭਾਵਨਾ ਨੂੰ ਪਾਰਟੀ ਦੀ ਰਣਨੀਤੀ ਦੇ ਲਿਹਾਜ਼ ਨਾਲ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।ਮੰਨਿਆ ਜਾ ਰਿਹਾ ਹੈ ਕਿ ਇਸ ਦੌਰੇ 'ਤੇ ਪੰਜਾਬ ਕਾਂਗਰਸ ਦੇ ਸਾਰੇ ਆਗੂ ਇੱਕੋ ਬੱਸ ਵਿੱਚ ਸਵਾਰ ਹੋ ਕੇ ਚੋਣ ਪ੍ਰਚਾਰ ਸ਼ੁਰੂ ਕਰਨਗੇ ਅਤੇ ਇਕਜੁਟ ਹੋਣ ਦਾ ਸੁਨੇਹਾ ਦੇਣਗੇ।

## 16 ਦੀ ਸੰਗਰੂਰ ਰੈਲੀ ਦਾ ਡੀ ਟੀ ਐੱਫ ਵੱਲੋਂ ਸਮਰਥਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਰੀਕਾਸਟ ਸੂਚੀਆਂ ਪ੍ਰਭਾਵਿਤ ਅਧਿਆਪਕ ਫਰੰਟ ਦੇ ਦਿੱਤੇ ਸੱਦੇ 'ਤੇ 16 ਅਗਸਤ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਹੋਣ ਵਾਲੀ ਰੈਲੀ ਦਾ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਡੱਟਵਾਂ ਸਮਰਥਨ ਕਰੇਗਾ।ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ ਅਤੇ ਕਾਰਜਕਾਰੀ ਸਕੱਤਰ ਸੁਖਵਿੰਦਰ ਸਿੰਘ ਘੋਲੀਆਂ ਨ ਇਹ ਐਲਾਨ ਕੀਤਾ। ਆਗੂਆਂ ਨੇ ਕਿਹਾ ਕਿ ਸੰਗਰੂਰ ਵਿਖੇ ਹੋਣ ਵਾਲੀ ਰੈਲੀ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਭਰਵੀ ਸ਼ਮੂਲੀਅਤ ਕਰੇਗਾ।ਆਗੂਆਂ ਨੇ ਕਿਹਾ ਕਿ ਰੀਕਾਸਟ ਸੂਚੀਆਂ ਕਰਕੇ ਅਧਿਆਪਕਾਂ ਤੋਂ ਰੁਜਗਾਰ ਖੋਹਣ ਨੀਤੀ ਬੰਦ ਕੀਤੀ ਜਾਵੇ। ਸਕੂਲਾਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀ ਵੱਡੀ ਘਾਟ ਨੂੰ ਦੇਖਦੇ ਹੋਏ, ਤੁਰੰਤ ਇਸ ਸੰਵੇਦਨਸ਼ੀਲ ਮਸਲੇ ਵੱਲ ਧਿਆਨ ਦੇ ਕੇ ਜਲਦੀ ਤੋਂ ਜਲਦੀ ਇਸ ਸਮੱਸਿਆ ਨੂੰ ਹੱਲ ਕੀਤਾ ਜਾਵੇ।

## ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ 'ਘਰ-ਘਰ ਤਿਰੰਗਾ' ਦਾ ਦਿੱਤਾ ਸੰਦੇਸ਼



**ਮੋਗਾ (ਇਕਬਾਲ ਸਿੰਘ ਖਹਿਰਾ)**-80ਵੇਂ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਸ਼ਹਿਰ ਵਿੱਚ ਤਿਰੰਗਾ ਯਾਤਰਾ ਕੱਢੀ ਗਈ। ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਦਫ਼ਤਰ ਤੋਂ ਸ਼ੁਰੂ ਹੋਈ ਇਹ ਮੋਟਰਸਾਈਕਲ ਤਿਰੰਗਾ ਯਾਤਰਾ ਚੈਂਬਰ ਰੋਡ, ਰੇਲਵੇ ਰੋਡ, ਸ਼ਾਮ ਲਾਲ ਥਾਪਰ ਚੌਕ, ਮੇਨ ਬਾਜ਼ਾਰ ਆਦਿ ਇਲਾਕਿਆਂ ਵਿੱਚੋਂ ਲੰਘੀ। ਇਸ ਦੌਰਾਨ ਨੌਜਵਾਨਾਂ ਨੇ ਮੋਟਰਸਾਈਕਲਾਂ 'ਤੇ ਤਿਰੰਗੇ ਲਹਿਰਾਉਂਦੇ ਹੋਏ 'ਘਰ-ਘਰ ਤਿਰੰਗਾ' ਦੇ ਨਾਅਰੇ ਲਗਾਏ ਅਤੇ ਲੋਕਾਂ ਨੂੰ 15 ਅਗਸਤ ਨੂੰ ਆਪਣੇ ਘਰਾਂ 'ਤੇ ਕੌਮੀ ਝੰਡਾ ਲਹਿਰਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਸੀਮਾਂਤ ਗਰਗ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਦੇਸ਼ ਭਰ ਵਿੱਚ 9 ਤੋਂ 17 ਅਗਸਤ ਤੱਕ 'ਹਰ ਘਰ ਤਿਰੰਗਾ' ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਮਜ਼ਬੂਤ ਕਰਨਾ, ਕੌਮੀ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਹਰ ਨਾਗਰਿਕ ਨੂੰ ਆਪਣੇ ਘਰ 'ਤੇ ਤਿਰੰਗਾ ਲਹਿਰਾਉਣ ਲਈ ਪ੍ਰੇਰਿਤ ਕਰਨਾ ਹੈ।

## ਪਟਿਆਲਾ 'ਚ ਖੁੱਡੀਆਂ ਤਿਰੰਗਾ ਲਹਿਰਾਉਣਗੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੇਸ਼ ਦੇ 80ਵੇਂ ਆਜ਼ਾਦੀ ਦਿਹਾੜੇ ਮੌਕੇ 15 ਅਗਸਤ ਨੂੰ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ, ਪੋਲੋ ਗਰਾਊਂਡ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਸ਼ੁੱਕਰਵਾਰ ਨੂੰ ਕਰਵਾਈ ਗਈ ਫੁੱਲ ਡਰੈੱਸ ਰਿਹਰਸਲ ਦਾ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਐੱਸ ਪੀ (ਸਥਾਨਕ) ਵੈਭਵ ਚੌਧਰੀ ਅਤੇ ਏਡੀਸੀ (ਜ) ਅਨੁਪ੍ਰਿਤਾ ਜੌਹਲ ਵੀ ਮੌਜੂਦ ਸਨ।ਡੀ ਸੀ ਨੇ ਦੱਸਿਆ ਕਿ ਇਸ ਸਾਲ ਪਟਿਆਲਾ ਵਿਖੇ ਇਹ ਸਮਾਰੋਹ ਸ਼ਾਨਦਾਰ ਤਰੀਕੇ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਤੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਪਟਿਆਲਾ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਤੇ ਜ਼ਿਲ੍ਹਾ ਵਾਸੀਆਂ ਦੇ ਨਾਮ ਆਪਣਾ ਸੰਦੇਸ਼ ਦੇਣਗੇ।

## ਸਫਾ 2 ਦੇ ਬਾਕੀ...

### ਭਗਤ-ਸਰਾਭਾ ਵਰਗੇ ਕ੍ਰਾਂਤੀਕਾਰੀਆਂ ...




ਸਤੰਬਰ ਨੂੰ ਦਿੱਲੀ ਵਿਖੇ ਹੋ ਰਹੀ ਮਹਾਂਰੈਲੀ ਦੀ ਤਿਆਰੀ ਅਤੇ ਦੇਸ਼ ਭਰ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾ ਕੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਪਰਦੇਫਾਸ਼ ਕਰਨ ਵਾਸਤੇ ਕੀਤਾ ਜਾ ਰਿਹਾ ਹੈ।ਬੀ ਜੇ ਪੀ ਦੀ ਅਗਵਾਈ ਹੇਠ ਚੱਲ ਰਹੀ ਕੇਂਦਰ ਦੀ ਸਰਕਾਰ ਜਿਹੜੇ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮਸਲੇ ਹਨ, ਉਨ੍ਹਾਂ ਤੋਂ ਧਿਆਨ ਪਾਸੇ ਕਰਨ ਦਾ ਕੰਮ ਕਰ ਰਹੀ ਹੈ।ਕੇਂਦਰ ਦੀ ਹਕੂਮਤ ਉਕਤ ਮਸਲੇ ਹੱਲ ਕਰਨ ਦੀ ਥਾਂ ਦੇਸ਼ ਵਿੱਚ ਘੱਟ ਗਿਣਤੀ ਵੱਸੋਂ 'ਤੇ ਆਰ ਐੱਸ ਐੱਸ ਦੇ ਗੁੰਡਿਆਂ ਤੋਂ ਹਮਲੇ ਕਰਾਉਂਦੀ ਅਤੇ ਡਰਾਉਂਦੀ-ਧਮਕਾਉਂਦੀ ਹੈ।ਜਿਹੜਾ ਵੀ ਕੋਈ ਕੇਂਦਰ ਸਰਕਾਰ ਵਿਰੁੱਧ ਬੋਲਦਾ, ਉਸ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਹੈ। ਪੰਜਾਬ ਦੇ ਵੋਟਰ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪਛਤਾਉਂਦੇ ਪਏ ਹਨ।ਗਰੀਬ ਤੇ ਮੱਧ ਵਰਗੀ ਲੋਕਾਂ ਦਾ ਮਹਿੰਗਾਈ ਨੇ ਕਚੂੰਬਰ ਕੱਢਿਆ ਹੋਇਆ ਹੈ।ਰਸੋਈ ਵਾਲੇ ਤੇਲ 200 ਰੁਪਏ ਲੀਟਰ ਤੱਕ ਪਹੁੰਚ ਚੁੱਕੇ ਹਨ। ਇਸ ਤੋਂ ਇਲਾਵਾ ਬਾਕੀ ਖਾਣਪੀਣ ਵਾਲੀਆਂ ਵਸਤਾਂ ਦਾ ਵੀ ਇਹੋ ਹਾਲ ਹੈ। ਨਰੇਗਾ ਕਾਮੇ ਜਦੋਂ ਖੇਤੀਬਾੜੀ ਦਾ ਕੰਮ ਨਹੀਂ ਸੀ ਹੁੰਦਾ, ਉਸ ਵਕਤ ਨਰੇਗਾ ਦਾ ਕੰਮ ਕਰ ਲੈਂਦੇ ਸਨ, ਉਹ ਵੀ ਸਰਕਾਰ ਨੇ ਬੰਦ ਕੀਤਾ ਹੋਇਆ ਹੈ।ਆਗੂਆਂ ਨੇ ਸਰਕਾਰ 'ਤੇ ਜ਼ੋਰ ਪਾਇਆ ਕਿ ਨਰੇਗਾ ਕਾਮਿਆਂ ਨੂੰ ਫੌਰੀ ਤੌਰ 'ਤੇ ਕੰਮ ਦਿੱਤਾ ਜਾਵੇ। ਇਸੇ ਤਰ੍ਹਾਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ।ਪੰਜਾਬ ਦੇ ਦਰਿਆਵਾਂ ਦਾ ਪਾਣੀ ਰਾਜਸਥਾਨ ਤੇ ਹਰਿਆਣੇ ਨੂੰ ਦੇਣਾ ਬੰਦ ਕੀਤਾ ਹੈ।ਮੀਟਿੰਗਾਂ ਵਿੱਚ ਮੁੱਖ ਤੌਰ 'ਤੇ ਬੀਬੀ ਵੀਰੋ ਸਾਂਡਪੁਰਾ, ਸਰਬਜੀਤ ਕੌਰ ਤੇ ਨਿਸ਼ਾਨ ਸਿੰਘ ਸੁਰਵਿੰਡ, ਅਮਰਜੀਤ ਸਿੰਘ ਬਾਠ ਅਤੇ ਧਨਵੰਤ ਸਿੰਘ ਮੌਜੂਦ ਸਨ।

### ਐੱਸ ਜੀ ਪੀ ਸੀ ਨੂੰ...

ਹੈ ਅਤੇ ਜੇ ਇਸ ਦੀ ਵਰਤੋਂ ਕਿਸੇ ਨੇਕ ਅਤੇ ਧਾਰਮਕ ਸਮਾਰੋਹ ਵਿੱਚ ਕੀਤੀ ਜਾਂਦੀ ਹੈ ਤਾਂ ਇਹ ਕਾਪੀਰਾਈਟ ਦੀ ਉਲੰਘਣਾ ਨਹੀਂ ਮੰਨਿਆ ਜਾਵੇਗਾ। ਅਦਾਲਤ ਨੇ ਕਾਪੀਰਾਈਟ ਐਕਟ ਦੀ ਧਾਰਾ 52 (1) (ਜ਼ੈੱਡ ਏ) ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਕਿਸੇ ਵੀ ਧਾਰਮਕ ਸਮਾਰੋਹ ਦੌਰਾਨ ਸਾਹਿਤਕ, ਨਾਟਕੀ ਜਾਂ ਸੰਗੀਤਕ ਰਚਨਾ ਦੀ ਪੇਸ਼ਕਾਰੀ ਕਰਨਾ ਕਾਪੀਰਾਈਟ ਦੀ ਉਲੰਘਣਾ ਨਹੀਂ ਹੈ। ਦੂਜੇ ਪਾਸੇ, ਨਿੱਜੀ ਚੈਨਲ ਦੇ ਸੀਨੀਅਰ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਇਸ ਮਾਮਲੇ ਵਿੱਚ ਬੌਧਿਕ ਸੰਪਤੀ ਜਾਂ ਕਾਪੀਰਾਈਟ ਦੀ ਕੋਈ ਉਲੰਘਣਾ ਨਹੀਂ ਹੋਈ ਹੈ, ਕਿਉਂਕਿ ਇਸ ਤੋਂ ਕੋਈ ਕਮਾਈ ਜਾਂ ਪੈਸਾ ਨਹੀਂ ਬਣਾਇਆ ਜਾ ਰਿਹਾ ਹੈ। ਅਦਾਲਤ ਨੇ ਨਿੱਜੀ ਚੈਨਲ ਨੂੰ ਐੱਸ ਜੀ ਪੀ ਸੀ ਦੀ ਅਰਜ਼ੀ ਦਾ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ 24 ਸਤੰਬਰ ਤੱਕ ਤੈਅ ਕਰਦਿਆਂ ਨਿੱਜੀ ਚੈਨਲ ਨੂੰ ਨੋਟਿਸ ਵੀ ਜਾਰੀ ਕਰ ਦਿੱਤਾ ਹੈ।

## ਗੁਰਧਾਮਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ



**ਰਾਜਪੁਰਾ (ਰਮੇਸ਼ ਕਟਾਰੀਆ)**-ਰਘਵੀਰ ਸਿੰਘ ਗੋਪਾਲਪੁਰ ਜਿਲ੍ਹਾ ਪ੍ਰਧਾਨ ਵਿਰਾਸਤ ਸੇਵਾ ਸੰਗਠਨ ਪਟਿਆਲਾ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਰੋਹਣਾਂ ਤੋਂ ਬੱਸ ਨੂੰ ਝੰਡੀ ਦੇ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਗੁਰੂਧਾਮਾਂ ਦੇ ਦਰਸ਼ਨਾਂ ਲਈ ਸੰਗਤਾਂ ਨੂੰ ਰਵਾਨਾ ਕੀਤਾ।ਇਸ ਮੌਕੇ ਕੈਬਿਨੇਟ ਮੰਤਰੀ ਡਾਕਟਰ ਬਲਬੀਰ ਸਿੰਘ ਦੀ ਟੀਮ, ਸਰਪੰਚ ਬਲਜੀਤ ਕੌਰ ਰੋਹਣਾਂ, ਸਰਪੰਚ ਜਸਪਾਲ ਸਿੰਘ ਬਹਾਦਰਗੜ੍ਹ, ਆਪ ਆਗੂ ਹਰਮੇਲ ਸਿੰਘ, ਗੁਰਪ੍ਰੀਤ ਸਿੰਘ, ਅਰਬਿੰਦਰ ਸਿੰਘ ਅਤੇ ਹੋਰ ਵੀ ਪਤਵੰਤੇ ਆਗੂ ਮੌਜੂਦ ਸਨ।

## ਅਕਾਲ ਅਕੈਡਮੀ ਵਿਖੇ ਸੁਤੰਤਰਤਾ ਦਿਵਸ ਸਮਾਗਮ ਆਯੋਜਿਤ



**ਚੀਮਾ ਮੰਡੀ (ਰਵਿੰਦਰ ਚੀਮਾ)**-ਅਕਾਲ ਅਕੈਡਮੀ ਉੱਭਿਆ ਵਿਖੇ ਸੁਤੰਤਰਤਾ ਦਿਵਸ ਬੜੇ ਉਤਸ਼ਾਹ, ਜੋਸ਼ ਅਤੇ ਦੇਸ਼-ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ-ਗੁਰਬਾਣੀ ਨਾਲ ਹੋਈ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗੀਤ ਅਤੇ ਦੇਸ਼-ਭਗਤੀ ਦੇ ਗੀਤ ਪੇਸ਼ ਕੀਤੇ ਗਏ।ਸਕੂਲ ਦੀ ਪ੍ਰਿੰਸੀਪਲ ਗੁਰਜੀਤ ਕੌਰ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਦੇਸ਼ ਦੀ ਸੇਵਾ, ਸਮਾਜ ਦੀ ਭਲਾਈ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੇ ਫ਼ਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ।

## ਬਜ਼ੁਰਗਾਂ ਦੇ ਆਧਾਰ ਤੇ ਵੋਟਰ ਕਾਰਡ ਬਣਾਏ ਜਾਣਗੇ : ਭਾਵਨਾ ਬਾਂਸਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੰਬੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਜੁਟੀ ਪ੍ਰਭ ਆਸਰਾ ਵੈਲਫੇਅਰ ਕਲੱਬ ਦੀ ਪ੍ਰਧਾਨ ਭਾਵਨਾ ਬਾਂਸਲ ਅਤੇ ਪੰਜਾਬ ਪ੍ਰਧਾਨ ਜਸਵੀਰ ਕੌਰ ਰਾਏ ਨੇ ਕਲੱਬ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਸਮੇਤ ਸ਼ਿਵ ਕ੍ਰਿਪਾ ਬਿਰਧ ਆਸ਼ਰਮ ਬੇਦੀ ਨਗਰ ਮੋਗਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਅਤੇ ਬਜ਼ੁਰਗ ਮਾਤਾਵਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਬਣਵਾਉਣ ਅਤੇ ਇਨ੍ਹਾਂ ਵਿੱਚ ਦਰਜ ਪਤੇ ਨੂੰ ਸਹੀ ਕਰਵਾਉਣ ਸੰਬੰਧੀ ਗੱਲਬਾਤ ਕੀਤੀ।ਬਜ਼ੁਰਗਾਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਵਨਾ ਬਾਂਸਲ ਅਤੇ ਜਸਵੀਰ ਕੌਰ ਰਾਏ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਕਲੱਬ ਵੱਲੋਂ ਉਨ੍ਹਾਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਬਣਵਾਉਣ ਅਤੇ ਲੋੜੀਂਦੀਆਂ ਸੋਧਾਂ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

## ਡਿਪਟੀ ਕਮਿਸ਼ਨਰ ਨੇ ਪਰੇਡ, ਮਾਰਚ ਪਾਸਟ ਤੇ ਸੱਭਿਆਚਾਰਕ ਵੰਨਗੀਆਂ ਦਾ ਲਿਆ ਜਾਇਜ਼ਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-15 ਅਗਸਤ ਨੂੰ ਡਾ. ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਗਈਆਂ ਹਨ।ਇਸ ਰਾਸ਼ਟਰੀ ਦਿਹਾੜੇ 'ਤੇ ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਸਮਾਗਮ ਦੇ ਸੁਚੱਜੇ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਸਟੇਡੀਅਮ ਵਿਖੇ ਫੁੱਲ ਡਰੈੱਸ ਰਿਹਰਸਲ ਕਰਾਈ ਗਈ, ਜਿਸ ਦਾ ਨਿਰੀਖਣ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਕੀਤਾ।ਰਿਹਰਸਲ ਦੌਰਾਨ ਡਿਪਟੀ ਕਮਿਸ਼ਨਰ ਨੇ ਪਰੇਡ, ਮਾਰਚ ਪਾਸਟ, ਝੰਡਾ ਲਹਿਰਾਉਣ ਦੀ ਪ੍ਰਕਿਰਿਆ ਤੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਸੱਭਿਆਚਾਰਕ ਵੰਨਗੀਆਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਇਸ ਮੌਕੇ ਵੱਖ-ਵੱਖ ਪਰੇਡ ਟੁਕੜੀਆਂ ਨੇ ਪ੍ਰਭਾਵਸ਼ਾਲੀ ਮਾਰਚ ਪਾਸਟ ਕੀਤਾ, ਜਦਕਿ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਜਜ਼ਬੇ ਤੇ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਰਸਾਉਂਦੀਆਂ ਰੰਗਾਰੰਗ ਪੇਸ਼ਕਾਰੀਆਂ ਰਾਹੀਂ ਸਮਾਂ ਬੰਨ੍ਹਿਆ।ਰਿਹਰਸਲ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਸਮੀਖਿਆ ਮੀਟਿੰਗ ਕੀਤੀ।ਉਨ੍ਹਾਂ ਹਦਾਇਤ ਕੀਤੀ ਕਿ ਸਮਾਗਮ 'ਚ ਪਹੁੰਚਣ ਵਾਲੇ ਮਹਿਮਾਨਾਂ, ਸਕੂਲੀ ਬੱਚਿਆਂ ਤੇ ਆਮ ਸੰਗਤ ਦੀ ਸਹੂਲਤ ਦਾ ਖਾਸ ਧਿਆਨ ਰੱਖਿਆ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ਹੀਦਾਂ ਦੀ ਯਾਦ ਵਿੱਚ ਕੱਢਿਆ ਤਿਰੰਗਾ ਮਾਰਚ

Web: www.sarupindustries.com, E-mail: shareholders@bawastl.com, Ph: 0181-5021037

30 ਜੂਨ 2026 ਨੂੰ ਖ਼ਤਮ ਹੋਈ ਤਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖ਼ਤਮ 30.06.2026 (ਅਣਪੜਤਾਲੇ) | ਤਿਮਾਹੀ ਖ਼ਤਮ 31.03.2026 (ਪੜਤਾਲੇ) | ਤਿਮਾਹੀ ਖ਼ਤਮ 30.06.2025 (ਅਣਪੜਤਾਲੇ) | ਸਾਲ ਖ਼ਤਮ 31.03.2026 (ਪੜਤਾਲੇ) |
|---|---|---|---|---|
| 1. ਕਾਰੋਬਾਰਾਂ ਤੋਂ ਕੁੱਲ ਆਮਦਨ | 327.32 | 482.38 | 392.79 | 1656.62 |
| 2. ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ #) | 5.48 | 7.00 | 11.60 | 36.63 |
| 3. ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਪਹਿਲਾਂ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 5.48 | 7.00 | 11.60 | 36.63 |
| 4. ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ (ਖਾਸ ਅਤੇ ਜਾਂ ਅਸਧਾਰਨ ਆਈਟਮਾਂ ਮਗਰੋਂ #) | 5.48 | 27.21 | 11.60 | 56.83 |
| 5. ਮਿਆਦ ਲਈ ਕੁੱਲ ਵਿਆਪਕ ਆਮਦਨ (ਸ਼ਾਮਲ ਲਾਭ/(ਹਾਨੀ) ਮਿਆਦ ਵਾਸਤੇ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 5.48 | 27.21 | 11.60 | 56.83 |
| 6. ਇਕੁਇਟੀ ਸ਼ੇਅਰ ਕੈਪੀਟਲ | 325.24 | 325.24 | 325.24 | 325.24 |
| 7. ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | -626.41 | -626.41 | -650.76 | -626.41 |
| 8. ਪ੍ਰਤੀ ਸ਼ੇਅਰ ਕਮਾਈ (ਰੁਪਏ 10/- ਹਰੇਕ) (ਚਾਲੂ ਅਤੇ ਬੰਦ ਕਾਰੋਬਾਰਾਂ ਲਈ) | | | | |
| (1) ਬੇਸਿਕ | 0.17 | 0.84 | 0.36 | 1.75 |
| (2) ਡਲਿਊਟਿਡ | 0.17 | 0.84 | 0.36 | 1.75 |

(ਏ) ਉਪਰੋਕਤ 30 ਜੂਨ 2026 ਨੂੰ ਖਤਮ ਹੋਈ ਤਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਅਤੇ ਹੋਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) ਅਤੇ ਸੂਚੀਬੱਧ ਇਕਾਈ (www.sarupindustries.com) 'ਤੇ ਉਪਲੱਬਧ ਹੈ।
(ਬੀ) ਉਪਰੋਕਤ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਰੀਵਿਊ ਕੀਤੇ ਜਾ ਚੁੱਕੇ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ 14 ਅਗਸਤ 2026 ਨੂੰ ਹੋਈ ਮੀਟਿੰਗ 'ਚ ਇਸ ਨੂੰ ਅਪਣਾਇਆ ਗਿਆ ਹੈ।
(ਸੀ) ਕੰਪਨੀ ਸਿੰਗਲ ਖੰਡ 'ਚ ਕੰਮ ਕਰ ਰਹੀ ਹੈ, ਜੋ ਕਿ ਸ਼ੂਜ਼ /ਸ਼ੂਜ਼ ਅੱਪਰਜ਼ ਦੀ ਮੈਨੂਫੈਕਚਰਿੰਗ ਹੈ।
(ਡੀ) ਉਪਰੋਕਤ ਵਿੱਤੀ ਨਤੀਜੇ ਇੰਡੀਅਨ ਅਕਾਊਂਟਿੰਗ ਸਟੈਂਡਰਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ ਅਤੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 133 ਅਨੁਸਾਰ ਨਿਰਧਾਰਤ ਕੰਪਨੀਜ਼ (ਇੰਡੀਅਨ ਅਕਾਊਂਟਿੰਗ ਸਟੈਂਡਰਜ਼) ਰੂਲਜ਼ 2015 ਅਧੀਨ ਨੋਟੀਫਾਈਡ ਹਨ।

ਵਾਸਤੇ ਸਰੂਪ ਇੰਡਸਟਰੀਜ਼ ਲਿਮਟਿਡ
ਸਹੀ/-
ਆਤਮਜੀਤ ਸਿੰਘ ਬਾਵਾ
ਡਾਇਰੈਕਟਰ, ਡੀ ਆਈ ਐੱਨ : 00807400
ਸਥਾਨ : ਜਲੰਧਰ
ਮਿਤੀ : 14.08.2026


## ਸੁਖਬੀਰ ਬਾਦਲ 'ਤੇ ਹਮਲਾ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ : ਖੁਰਾਣਾ

ਫਗਵਾੜਾ (ਡਾ. ਰਮਨ)- ਸ਼੍ਰੋਮਣੀ ਅਕਾਲੀ ਦਲ ਫਗਵਾੜਾ (ਸ਼ਹਿਰੀ) ਦੇ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ (ਸਾਬਕਾ ਕੋਰ ਕਮੇਟੀ ਮੈਂਬਰ ਇੰਟਰਨੈਸ਼ਨਲ ਅਤੇ ਵਾਈਸ ਚੇਅਰਮੈਨ ਪੰਜਾਬ) ਨੇ ਸੁਖਬੀਰ ਸਿੰਘ ਬਾਦਲ 'ਤੇ ਮਹਾਰਾਸ਼ਟਰ ਦੇ ਨਾਂਦੇੜ ਸਾਹਿਬ ਵਿਖੇ ਹੋਏ ਹਮਲੇ ਨੂੰ ਮੰਦਭਾਗੀ ਘਟਨਾ ਦੱਸਦਿਆਂ ਇਸਦੀ ਸਖ਼ਤ ਨਿੰਦਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬ ਤੋਂ ਦੂਸਰੀ ਵਾਰ ਗੁਰਦੁਆਰਾ ਸਾਹਿਬ ਦੇ ਬਾਹਰ ਹਮਲਾ ਕਰਕੇ ਆਖਿਰ ਕੌਣ ਸੂਬੇ ਦੀ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ ਘੜ ਰਿਹਾ ਹੈ, ਇਸ ਦਾ ਪਰਦਾਫਾਸ਼ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਵੀ ਬਾਦਲ 'ਤੇ ਇੱਕ ਸਰਾਂਜਾਮਦੇਵਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਨਿਰਪੱਖ ਜਾਂਚ ਕਰਕੇ ਪੂਰੀ ਸੱਚਾਈ ਲੋਕਾਂ ਸਾਹਮਣੇ ਲਿਆਂਦੀ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

## ਪਰਾਧੀਨਤਾ ਦਾ ਅੰਤ ਤੇ ਬੇਗਮਪੁਰੇ ਦਾ ਸੰਕਲਪ ਯਾਤਰਾ ਅੱਜ ਪਹੁੰਚੇਗੀ ਹੁਸ਼ਿਆਰਪੁਰ



ਹੁਸ਼ਿਆਰਪੁਰ (ਓ ਪੀ ਰਾਣਾ)- ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਪਰਾਧੀਨਤਾ ਦਾ ਅੰਤ ਤੇ ਬੇਗਮਪੁਰੇ ਦਾ ਸੰਕਲਪ' ਗੁਰੂ ਰਵਿਦਾਸ ਸਨਮਾਨ ਯਾਤਰਾ 15 ਅਗਸਤ ਨੂੰ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਪਹੁੰਚੇਗੀ ਜਿਥੇ ਹੁਸ਼ਿਆਰਪੁਰ ਦੀਆਂ ਸੰਗਤਾਂ ਵਲੋਂ ਯਾਤਰਾ ਦਾ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਇੰਚਾਰਜ ਐਡਵੋਕੇਟ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਇਤਿਹਾਸਿਕ ਸ੍ਰੀ ਗੁਰੂ ਰਵਿਦਾਸ ਮੰਦਿਰ ਤੁਗਲਕਾਬਾਦ ਦਿੱਲੀ ਤੋਂ ਸ਼ੁਰੂ ਹੋਈ 'ਪਰਾਧੀਨਤਾ ਦਾ ਅੰਤ ਬੇਗਮਪੁਰੇ ਦਾ ਸੰਕਲਪ' ਯਾਤਰਾ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੋਂ ਹੁੰਦੀ ਹੋਈ ਅੱਜ 15 ਅਗਸਤ ਨੂੰ ਹੁਸ਼ਿਆਰਪੁਰ ਵਿਖੇ ਪਹੁੰਚੇਗੀ ਜਿਥੇ ਸੰਗਤਾਂ ਵਲੋਂ ਯਾਤਰਾ ਦਾ ਨਿੱਘਾ ਭਰਪੂਰ ਸਵਾਗਤ ਕੀਤਾ ਜਾਵੇਗਾ। ਬਸਪਾ ਆਗੂਆਂ ਨੇ ਕਿਹਾ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਪ੍ਰਾਧੀਨਤਾ ਦਾ ਅੰਤ ਅਤੇ ਬੇਗਮਪੁਰੇ ਦਾ ਸੰਕਲਪ ਸ੍ਰੀ ਗੁਰੂ ਰਵਿਦਾਸ ਮਹਾਰਾਜ ਸਨਮਾਨ ਯਾਤਰਾ ਦਾ ਸੰਗਤਾਂ ਵਲੋਂ ਢੋਲ ਢਮੱਕਿਆ ਫੁੱਲਾਂ ਦੀ ਵਰਖਾ ਨਾਲ ਕੀਤਾ ਸਵਾਗਤ ਕੀਤਾ ਜਾ ਰਿਹਾ ਹੈ।


### DEBTS RECOVERY TRIBUNAL CHANDIGARH(DRT 3)
Ground Floor, SCO No.33-34-35, Sector-17-A, Chandigarh - 160017

ਫਾਰਮ ਨੰ. 3
[ਦੇਖੋ ਰੈਗੂਲੇਸ਼ਨ- 13 (1) (ਏ)]

ਮੁਕੱਦਮਾ ਨੰ. ਓ ਏ/907/2021

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐੱਕਸ ਐੱਚ ਨੰ. 31634

ਪੰਜਾਬ ਐਂਡ ਸਿੰਧ ਬੈਂਕ
ਬਨਾਮ
ਮੈਸਰਜ਼ ਹਰਿਆਣਾ ਪਲਾਸਟਿਕ ਇੰਡਸਟ੍ਰੀਜ਼ ਅਤੇ ਹੋਰ

ਸੇਵਾ 'ਚ
(1) ਮੈਸਰਜ਼ ਹਰਿਆਣਾ ਪਲਾਸਟਿਕ ਇੰਡਸਟ੍ਰੀਜ਼ ਇੱਕ ਪ੍ਰੋਪਰਾਈਟਰਸ਼ਿਪ ਕਨਸਰਨ 10266 ਗਲੀ ਨੰ. 4, ਭਗਵਾਨ ਚੌਕ, ਜਨਤਾ ਨਗਰ, ਲੁਧਿਆਣਾ, ਪੰਜਾਬ-141003 ਰਾਹੀਂ ਇਸ ਦੇ ਪ੍ਰੋਪਰਾਈਟਰ ਸ੍ਰੀ ਘੀਸਾ ਰਾਮ ਪੁੱਤਰ ਗੋਪੀ ਰਾਮ।
(2) ਘੀਸਾ ਰਾਮ ਪੁੱਤਰ ਸ੍ਰੀ ਗੋਪੀ ਰਾਮ ਪ੍ਰੋਪਰਾਈਟਰ ਮੈਸਰਜ਼ ਹਰਿਆਣਾ ਪਲਾਸਟਿਕ ਇੰਡਸਟ੍ਰੀਜ਼ ਵਾਸੀ 10266, ਗਲੀ ਨੰ. 4, ਭਗਵਾਨ ਚੌਕ, ਜਨਤਾ ਨਗਰ, ਲੁਧਿਆਣਾ, ਪੰਜਾਬ 141003

ਸੰਮਨ

ਜਦੋਂ ਕਿ ਓ ਏ/907/2021 ਨੂੰ ਮਾਣਯੋਗ ਪ੍ਰੀਜ਼ਾਈਡਿੰਗ ਅਫ਼ਸਰ/ਰਜਿਸਟਰਾਰ ਸਨਮੁੱਖ 11/08/2026 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 51,38,046.81/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19(4)(ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐਸੇਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐਸੇਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਊਰਡ ਐਸੇਟਸ ਜਾਂ ਅਜਿਹੇ ਹੋਰ ਐਸੇਟਸ, ਲੰਬਿਤ ਸੁਣਵਾਈ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਊਰਿਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐਸੇਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੰਮਕਾਜ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਊਰਡ ਐਸੇਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੰਮਕਾਜ 'ਚ ਹੋਰ ਐਸੇਟਸ ਅਤੇ ਜਾਇਦਾਦਾਂ ਅਤੇ ਅਜਿਹੇ ਐਸੇਟਸ 'ਤੇ ਸਕਿਊਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਮਾਚਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 25/09/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖ਼ਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 12/08/2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਦੇ ਅਧਿਕਾਰਤ ਅਫਸਰ ਦੇ ਦਸਤਖਤ



### DEBTS RECOVERY TRIBUNAL CHANDIGARH(DRT 3)
Ground Floor, SCO No.33-34-35, Sector-17-A, Chandigarh - 160017

ਫਾਰਮ ਨੰ. 3
[ਦੇਖੋ ਰੈਗੂਲੇਸ਼ਨ- 13 (1) (ਏ)]

ਮੁਕੱਦਮਾ ਨੰ. ਓ ਏ/170/2018

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐੱਕਸ ਐੱਚ ਨੰ. 33265

ਇੰਡੀਅਨ ਬੈਂਕ
ਬਨਾਮ
ਮੈਸਰਜ਼ ਪ੍ਰਾਈਮ ਪੈਕਰਜ਼ ਅਤੇ ਹੋਰ

ਸੇਵਾ 'ਚ
(1) ਮੈਸਰਜ਼ ਪ੍ਰਾਈਮ ਪੈਕਰਜ਼, 360-4, ਨੇੜੇ ਪੰਜਾਬ ਐਂਡ ਸਿੰਧ ਬੈਂਕ ਸਲੇਮ ਟਾਬਰੀ, ਲੁਧਿਆਣਾ, ਪੰਜਾਬ ਰਾਹੀਂ ਇਸ ਦੇ ਪ੍ਰੋਪਰਾਈਟਰ ਸ੍ਰੀ ਤਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ। ਦੂਜਾ ਪਤਾ : ਸਾਹਮਣੇ ਸੇਕਰਡ ਹਾਰਟ ਕਾਨਵੈਂਟ ਸਕੂਲ, ਪਿੰਡ ਭੱਟੀਆਂ ਬੇਟ, ਜੀ ਟੀ ਰੋਡ, ਪੱਛਮੀ ਲੁਧਿਆਣਾ।
(2) ਸ੍ਰੀ ਤਰਨਜੀਤ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਵਾਸੀ ਮਕਾਨ ਨੰ. 330-ਆਰ, ਮਾਡਲ ਟਾਊਨ ਲੁਧਿਆਣਾ।

ਸੰਮਨ

ਜਦੋਂ ਕਿ ਓ ਏ/170/2018 ਨੂੰ ਮਾਣਯੋਗ ਪ੍ਰੀਜ਼ਾਈਡਿੰਗ ਅਫ਼ਸਰ/ਰਜਿਸਟਰਾਰ ਸਨਮੁੱਖ 07/08/2026 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 14,48,693.00/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19(4)(ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐਸੇਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐਸੇਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਊਰਡ ਐਸੇਟਸ ਜਾਂ ਅਜਿਹੇ ਹੋਰ ਐਸੇਟਸ, ਲੰਬਿਤ ਸੁਣਵਾਈ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਊਰਿਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐਸੇਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੰਮਕਾਜ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਊਰਡ ਐਸੇਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੰਮਕਾਜ 'ਚ ਹੋਰ ਐਸੇਟਸ ਅਤੇ ਜਾਇਦਾਦਾਂ ਅਤੇ ਅਜਿਹੇ ਐਸੇਟਸ 'ਤੇ ਸਕਿਊਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਮਾਚਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 21/09/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 10/08/2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਦੇ ਅਧਿਕਾਰਤ ਅਫਸਰ ਦੇ ਦਸਤਖਤ



## ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

CFM thoughtful regeneration

ਕਾਰਪੋਰੇਟ ਦਫਤਰ : ਪਹਿਲੀ ਮੰਜ਼ਲ, ਵੇਕਫੀਲਡ ਹਾਊਸ, ਸਪਰੌਟ ਰੋਡ, ਬੈਲਾਰਡ ਈਸਟ, ਮੁੰਬਈ-400038

ਕਬਜ਼ਾ ਨੋਟਿਸ
ਅੰਤਿਕਾ IV (ਅਚੱਲ ਜਾਇਦਾਦ ਲਈ) ਰੂਲ 8 (1) ਨਾਲ ਪੜ੍ਹੇ ਜਾਣਗੇ

ਜਦੋਂ ਕਿ ਨਿਮਨਹਸਤਾਖਰੀ ਨੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ 'ਚ ਕਾਰਜਸ਼ੀਲ) ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12), 13(2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਨੋਟਿਸ 'ਚ ਦਰਸਾਈ ਰਕਮ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਇਸ ਤੋਂ ਇਲਾਵਾ ਸਰਫੇਸੀ ਐਕਟ 2002 ਦੇ ਸੈਕਸ਼ਨ 5 ਦੀਆਂ ਵਿਵਸਥਾਵਾਂ ਅਧੀਨ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਅਤੇ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਦਰਮਿਆਨ ਮਿਤੀ 30.09.2025 ਨੂੰ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਪੱਖ 'ਚ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਨੇ ਉਕਤ ਕਰਜ਼ਾ ਖਾਤੇ 'ਚ ਆਪ ਦੇ ਸਾਰੇ ਅਧਿਕਾਰਾਂ, ਸਿਰਲੇਖ ਅਤੇ ਹਿੱਤ ਸਮੁੱਚੀ ਬਕਾਇਆ ਕਰਜ਼ ਰਕਮ ਸਕਿਉਰਟੀਜ਼ ਸਹਿਤ ਸੌਂਪ ਦਿੱਤੇ ਹਨ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਜਾਇਦਾਦ ਉਕਤ ਦਰਸਾਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਪਰੋਕਤ ਦਰਸਾਈ ਜਾਇਦਾਦ ਦਾ "ਕਬਜ਼ੇ ਦੀ ਮਿਤੀ ਕਾਲਮ" ਤਹਿਤ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਸੀ ਐੱਫ ਐੱਮ ਏ ਆਰ ਸੀ ਦੁਆਰਾ ਲਏ ਗਏ ਗਿਰਵੀ ਜਾਇਦਾਦ ਦੇ ਕਬਜ਼ੇ ਦੇ ਨਾਲ-ਨਾਲ ਧਿਰਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

| ਗਾਹਕ (ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ/ਭਾਈਵਾਲ/ਰਹਿਣਕਾਰ) ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ ਰੁਪਏ | ਕਬਜ਼ੇ ਦੀ ਮਿਤੀ |
|---|---|---|
| ਰਤਨ ਸਿੰਘ (ਕਰਜ਼ਦਾਰ), ਨਾਨਕੀ ਕੌਰ (ਸਹਿ-ਕਰਜ਼ਦਾਰ), ਪ੍ਰਿਤਪਾਲ ਸਿੰਘ (ਸਹਿ-ਕਰਜ਼ਦਾਰ),ਅੰਮ੍ਰਿਤਪਾਲ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਬੀ ਏ ਟੀ-128 | ਡਿਮਾਂਡ ਨੋਟਿਸ ਦੀ ਮਿਤੀ : 18.02.2026 ਰੁਪਏ 313486/- (ਤਿੰਨ ਲੱਖ ਤੇਰਾਂ ਹਜ਼ਾਰ ਚਾਰ ਸੌ ਛਿਆਸੀ ਰੁਪਏ ਕੇਵਲ) 31.12.2025 ਨੂੰ | 12.08.2026 |
| ਰਹਿਣ ਕੀਤੀ ਜਾਇਦਾਦ : ਕੇ ਐੱਚ ਨੰ. 24//2/2, 23,29//3/2, 4/1, 8/1, 32//12/1/1, 18/1, 112, 24//12/1, 29//3/1, 32//12/1/2, 29/21/2, ਖੇਵਟ ਨੰ. 91, ਖਤੌਨੀ 145 ਤੋਂ 149, ਪਿੰਡ ਖਵਾਜਾ ਵਰਦਾਗ, ਧਿਆਨਪੁਰ, ਗੁਰਦਾਸਪੁਰ, ਪੰਜਾਬ-143605 ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਲਖਵਿੰਦਰ ਸਿੰਘ ਦੀ ਜਾਇਦਾਦ, ਦੱਖਣ : ਜਸਬੀਰ ਸਿੰਘ ਦੀ ਜਾਇਦਾਦ, ਪੂਰਬ : ਗਲੀ, ਪੱਛਮ : ਗਲੀ। | | |
| ਸਤਨਾਮ ਸਿੰਘ (ਕਰਜ਼ਦਾਰ), ਜਸਵਿੰਦਰ ਕੌਰ (ਸਹਿ-ਕਰਜ਼ਦਾਰ), ਸਤਨਾਮ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-419 | ਡਿਮਾਂਡ ਨੋਟਿਸ ਦੀ ਮਿਤੀ : 03.02.2026 ਰੁਪਏ 16,76,063.41/- (ਸੋਲਾਂ ਲੱਖ ਛੇਹੱਤਰ ਹਜ਼ਾਰ ਤਰੇਂਹਠ ਰੁਪਏ ਅਤੇ ਇਕਤਾਲੀ ਪੈਸੇ ਕੇਵਲ) 30.11.2025 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 148, ਖਤੌਨੀ ਨੰ. 163, ਖਸਰਾ ਨੰ. 8 ਐੱਮ//15/1(7-0), 16/1(4-0), 9 ਐੱਮ//88(8-0), 9/1(6-0), 10(7-4), 12/1(6-0), 13(8-0), ਵਾਕਿਆ ਰਕਬਾ ਪਿੰਡ ਮਾਹਲੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਮੁਖਤਿਆਰ ਸਿੰਘ ਦੀ ਜਾਇਦਾਦ, ਦੱਖਣ : ਮੁਖਤਿਆਰ ਸਿੰਘ ਦੀ ਜਾਇਦਾਦ, ਪੂਰਬ : ਮੁਖਤਿਆਰ ਸਿੰਘ ਦੀ ਜਾਇਦਾਦ, ਪੱਛਮ : ਸੜਕ | | |
| ਸੁਖਵਿੰਦਰ ਸਿੰਘ (ਕਰਜ਼ਦਾਰ), ਰਮਨਦੀਪ ਕੌਰ (ਸਹਿ-ਕਰਜ਼ਦਾਰ), ਬਲੀਹਾਰ ਸਿੰਘ (ਸਹਿ-ਕਰਜ਼ਦਾਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1167 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 6,23,044/- (ਛੇ ਲੱਖ ਤੇਈ ਹਜ਼ਾਰ ਚੁਤਾਲੀ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 216, ਖਤੌਨੀ ਨੰ. 257, ਖਸਰਾ ਨੰ. 18 ਐੱਮ//27 (7-4), ਹੱਦਬਸਤ ਨੰ. 222, ਵਾਕਿਆ ਰਕਬਾ ਮਾਹਲੇਵਾਲਾ, ਫਤਹਿਗੜ੍ਹ ਪੰਜਤੂਰ ਰੋਡ, ਨੇੜੇ ਗੌਰਮਿੰਟ ਪ੍ਰਾਇਮਰੀ ਸਕੂਲ, ਤਹਿਸੀਲ ਜ਼ੀਰਾ, ਫਿਰੋਜ਼ਪੁਰ-142043. ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਹੰਸਾ ਸਿੰਘ ਅਤੇ ਬੱਲਕਾਰ ਦੀ ਜਾਇਦਾਦ 79', ਦੱਖਣ : ਬਲਕਾਰ ਸਿੰਘ ਦੀ ਖੇਤੀਬਾੜੀ ਵਾਲੀ ਜਾਇਦਾਦ 82', ਪੂਰਬ : ਬਲਿਹਾਰ ਸਿੰਘ ਦੀ ਜਾਇਦਾਦ ਅਤੇ ਖੇਤੀਬਾੜੀ ਵਾਲੀ ਜਾਇਦਾਦ ਪੱਛਮ : ਗਲੀ 47' | | |
| ਗੁਰਮੇਜ ਸਿੰਘ (ਕਰਜ਼ਦਾਰ), ਭਜਨੋ (ਸਹਿ-ਕਰਜ਼ਦਾਰ), ਸੁਖਦੇਵ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1257 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 5,86,715/- (ਪੰਜ ਲੱਖ ਛਿਆਸੀ ਹਜ਼ਾਰ ਸੱਤ ਸੌ ਪੰਦਰਾਂ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 155, ਖਤੌਨੀ ਨੰ. 170,171 ਖਸਰਾ ਨੰ. 11, ਜਾਇਦਾਦ ਪਿੰਡ ਤੇ ਡਾਕਖਾਨਾ ਮਾਹਲੇਵਾਲਾ, ਬਣ ਰੋਡ, ਫਤਹਿਗੜ੍ਹ ਪੰਜਤੂਰ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-144629. ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਗਲੀ 65', ਦੱਖਣ : ਬਲਵੀਰ ਸਿੰਘ ਦੀ ਖੇਤੀਬਾੜੀ ਵਾਲੀ ਜਾਇਦਾਦ 65', ਪੂਰਬ : ਛਿੰਦਰਪਾਲ ਸਿੰਘ ਦੀ ਜਾਇਦਾਦ 65', ਪੱਛਮ : ਗੁਰਮੇਲ ਸਿੰਘ ਦੀ ਖੇਤੀਬਾੜੀ ਵਾਲੀ ਜਾਇਦਾਦ 65' | | |
| ਬਲਜੀਤ ਸਿੰਘ (ਕਰਜ਼ਦਾਰ), ਪੂਰਨ ਕੌਰ (ਸਹਿ-ਕਰਜ਼ਦਾਰ), ਮਲਕੀਤ ਸਿੰਘ (ਸਹਿ-ਕਰਜ਼ਦਾਰ), ਬਲਵਿੰਦਰ ਸਿੰਘ (ਸਹਿ-ਕਰਜ਼ਦਾਰ), ਗੁਰਮੇਜ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1260 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 12,89,745/- (ਬਾਰਾਂ ਲੱਖ ਉਨਾਨਵੇਂ ਹਜ਼ਾਰ ਸੱਤ ਸੌ ਪੰਤਾਲੀ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : 18 ਐੱਮ//9/2/2/2/2(0-10), 11/2/1 (1-0) ਜਾਇਦਾਦ ਪਿੰਡ ਡਾਕ. ਫਤਹਿਗੜ੍ਹ ਪੰਜਤੂਰ, ਮਾਹਲੇਵਾਲਾ, ਡਾਕ. ਕੋਟ ਈਸੇ ਖਾਨ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142043, ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ, ਉੱਤਰ : ਖੇਤੀਬਾੜੀ ਵਾਲੀ ਜ਼ਮੀਨ 55', ਦੱਖਣ : : ਖੇਤੀਬਾੜੀ ਵਾਲੀ ਜ਼ਮੀਨ 55', ਪੂਰਬ : ਸੜਕ 148', ਪੱਛਮ : ਖੇਤੀਬਾੜੀ ਵਾਲੀ ਜ਼ਮੀਨ 148' | | |
| ਸਾਜਲ ਸਿੰਘ (ਕਰਜ਼ਦਾਰ), ਕੈਲਾਸ਼ ਕੌਰ (ਸਹਿ-ਕਰਜ਼ਦਾਰ), ਬਲਵਿੰਦਰ ਸਿੰਘ (ਸਹਿ-ਕਰਜ਼ਦਾਰ), ਕਰਨੈਲ ਸਿੰਘ (ਸਹਿ-ਕਰਜ਼ਦਾਰ), ਦਲਜੀਤ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1329 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 8,04,464/- (ਅੱਠ ਲੱਖ ਚਾਰ ਹਜ਼ਾਰ ਚਾਰ ਸੌ ਚੌਂਹਠ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖਸਰਾ ਨੰ. 155, ਖਤੌਨੀ ਨੰ. 170, 171, ਜਾਇਦਾਦ ਗੁਰਦੁਆਰਾ ਸਾਹਿਬ ਦੇ ਨੇੜੇ ਸਥਿਤ, ਪਿੰਡ ਮਹਿਲੇਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ (144629) ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਗੁਰਮੇਲ ਸਿੰਘ ਦੀ ਜਾਇਦਾਦ, ਖੇਤੀਬਾੜੀ ਵਾਲੀ 78', ਦੱਖਣ : ਮਕਾਨ 33'+50', ਪੂਰਬ : ਗਲੀ 38', ਪੱਛਮ : ਹੋਰ 66' | | |
| ਪਰਮਜੀਤ ਸਿੰਘ (ਕਰਜ਼ਦਾਰ), ਰਾਜਵਿੰਦਰ ਸਿੰਘ (ਸਹਿ-ਕਰਜ਼ਦਾਰ), ਮਨਜੀਤ ਕੌਰ (ਸਹਿ-ਕਰਜ਼ਦਾਰ), ਬਲਜੀਤ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1397 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 10,04,071/- (ਦਸ ਲੱਖ ਚਾਰ ਹਜ਼ਾਰ ਇਕੱਤਰ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 141, ਖਤੌਨੀ ਨੰ. 156, ਖਸਰਾ ਨੰ. 9 ਐੱਮ//1798-0, 19(8-0), 20(7-0), 21(7-4), 22/1(6-4), 23(8-0), 24(8-0) ਜਾਇਦਾਦ ਪਿੰਡ ਤੇ ਡਾਕ. ਮਾਹਲੇਵਾਲਾ ਵਿਖੇ ਸਥਿਤ, ਮਾਹਲੇਵਾਲਾ ਰੋਡ, ਫਤਹਿਗੜ੍ਹ ਪੰਜਤੂਰ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ (144629) ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਸੜਕ 114', ਦੱਖਣ : ਹਰਪ੍ਰੀਤਮ ਸਿੰਘ ਦੀ ਜਾਇਦਾਦ 114', ਪੂਰਬ : ਪਰਮਜੀਤ ਸਿੰਘ ਦੀ ਜਾਇਦਾਦ 46', ਪੱਛਮ : ਪਰਮਜੀਤ ਸਿੰਘ ਦੀ ਜਾਇਦਾਦ ਖੇਤੀਬਾੜੀ ਵਾਲੀ 46' | | |
| ਕੁਲਵਿੰਦਰ ਸਿੰਘ (ਕਰਜ਼ਦਾਰ), ਮਨਜਿੰਦਰ ਸਿੰਘ (ਸਹਿ-ਕਰਜ਼ਦਾਰ), ਗੁਰਦੀਪ ਸਿੰਘ (ਸਹਿ-ਕਰਜ਼ਦਾਰ), ਕੌਸ਼ਲਿਆ (ਸਹਿ-ਕਰਜ਼ਦਾਰ), ਸ਼ਮਸ਼ੇਰ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1439 | ਡਿਮਾਂਡ ਨੋਟਿਸ ਦੀ ਮਿਤੀ : 24.02.2026 ਰੁਪਏ 9,82,581/- (ਨੌਂ ਲੱਖ ਬਿਆਸੀ ਹਜ਼ਾਰ ਪੰਜ ਸੌ ਇਕਿਆਸੀ ਰੁਪਏ ਕੇਵਲ) 31.01.2026 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 141, ਖਤੌਨੀ ਨੰ. 156, ਖਸਰਾ ਨੰ. 9 ਐੱਮ//17 (8-0), 18 (8-0), 19 (8-0), 20 (7-4), 21 (7-4), 22/1(6-4), 23(8-0), 24(8-0), ਜਾਇਦਾਦ ਨੇੜੇ ਗੁਰਦੁਆਰਾ ਸਾਹਿਬ, ਪਿੰਡ ਮਾਹਲੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-144629, ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ :- ਉੱਤਰ : ਗੁਰਵਿੰਦਰ ਸਿੰਘ ਦੀ ਜਾਇਦਾਦ ਗਲੀ 70', ਦੱਖਣ : ਬੂਟਾ ਸਿੰਘ ਦੀ ਜਾਇਦਾਦ ਖੇਤੀਬਾੜੀ ਵਾਲੀ 70', ਪੂਰਬ : ਬਣ ਦੀ ਜਾਇਦਾਦ ਖੇਤੀਬਾੜੀ ਵਾਲੀ 50', ਪੱਛਮ : ਪਰਮਜੀਤ ਸਿੰਘ ਦੀ ਜ਼ਮੀਨ 50' | | |
| ਸੁਰਜੀਤ ਸਿੰਘ (ਕਰਜ਼ਦਾਰ), ਭਜਨ ਕੌਰ (ਸਹਿ-ਕਰਜ਼ਦਾਰ), ਬਲਿਹਾਰ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-1090 | ਡਿਮਾਂਡ ਨੋਟਿਸ ਦੀ ਮਿਤੀ : 15.12.2025 ਰੁਪਏ 14,59,591.31/- (ਚੌਦਾਂ ਲੱਖ ਉਨਾਹਠ ਹਜ਼ਾਰ ਪੰਜ ਸੌ ਇਕਾਨਵੇਂ ਰੁਪਏ ਅਤੇ ਇਕੱਤੀ ਪੈਸੇ ਕੇਵਲ) 31.10.2025 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 302, ਖਤੌਨੀ ਨੰ. 353, ਖਸਰਾ ਨੰ. 19 ਐੱਮ/2/1 (4-0), ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਾਹਲੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਰਕਬਾ 13 ਮਰਲਾ। ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ ਉੱਤਰ : ਗਲੀ, ਦੱਖਣ : ਜੋਗਾ ਸਿੰਘ ਦਾ ਮਕਾਨ, ਪੂਰਬ : ਗਲੀ, ਪੱਛਮ : ਹਰਬੰਸ ਸਿੰਘ ਦੀ ਜ਼ਮੀਨ | | |
| ਕੁਲਵੰਤ ਸਿੰਘ (ਕਰਜ਼ਦਾਰ), ਕੁਲਜੀਤ ਸਿੰਘ (ਸਹਿ-ਕਰਜ਼ਦਾਰ), ਹਰਜਿੰਦਰ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-718 | ਡਿਮਾਂਡ ਨੋਟਿਸ ਦੀ ਮਿਤੀ : 15.12.2025 ਰੁਪਏ 20,83,562.56/- (ਵੀਹ ਲੱਖ ਤਰਿਆਸੀ ਹਜ਼ਾਰ ਪੰਜ ਸੌ ਬਾਹਠ ਰੁਪਏ ਅਤੇ ਛਪੰਜਾ ਪੈਸੇ ਕੇਵਲ) 31.10.2025 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 62 ਅਤੇ 54, ਖਤੌਨੀ ਨੰ. 96 ਅਤੇ 80/81, ਖਸਰਾ ਨੰ. 63(1-19), 64(2-0) ਅਤੇ 4 ਐੱਮ//20/1/2(1-10), 20/1/2(1-9), 18/1(2-6) ਜਮ੍ਹਾਂਬੰਦੀ ਸਾਲ 2017-18, ਵਾਕਿਆ ਰਕਬਾ ਬੁਰਜ ਮੁਹੰਮਦ ਸ਼ਾਹ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਰਕਬਾ 12 ਮਰਲਾ 1/2 ਸਰਸਾਈ । ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਗਲੀ, ਦੱਖਣ : ਸਰਾਜ ਸਿੰਘ, ਪੂਰਬ : ਹਰਜੀਤ ਸਿੰਘ, ਪੱਛਮ : ਕਰੌਜ ਸਿੰਘ। | | |
| ਬਿਮਲਾ ਰਾਣੀ (ਕਰਜ਼ਦਾਰ), ਗੁਰਵਿੰਦਰ ਸਿੰਘ (ਸਹਿ-ਕਰਜ਼ਦਾਰ), ਗੁਰਭੇਜ ਸਿੰਘ (ਗਰੰਟਰ), ਕਰਜ਼ਾ ਖਾਤਾ ਨੰਬਰ : ਐੱਲ ਏ ਪੀ-ਜੇ ਡੀ ਐੱਚ-853 | ਡਿਮਾਂਡ ਨੋਟਿਸ ਦੀ ਮਿਤੀ : 16.12.2025 ਰੁਪਏ 57,31,67.45/- (ਸਤਵੰਜਾ ਲੱਖ ਇਕੱਤੀ ਹਜ਼ਾਰ ਸਤਾਹਠ ਰੁਪਏ ਅਤੇ ਪੰਤਾਲੀ ਪੈਸੇ ਕੇਵਲ) 31.10.2025 ਨੂੰ | 11.08.2026 |
| ਰਹਿਣ ਕੀਤੀ ਜਾਇਦਾਦ : ਖੇਵਟ ਨੰ. 141, ਖਤੌਨੀ ਨੰ. 156, ਖਸਰਾ ਨੰ. 9 ਐੱਮ//17(8-0), 18(8-0), 20(7-04), 21(7-04), 22(6-04), 23(8-0), 24(8-0), ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਾਹਲੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ। ਜਾਇਦਾਦ ਦੀਆਂ ਹੱਦਾਂ ਹੇਠ ਅਨੁਸਾਰ : ਉੱਤਰ : ਪਰਮਜੀਤ ਸਿੰਘ ਦੀ ਜਾਇਦਾਦ, ਦੱਖਣ : ਗੁਰਭੇਜ ਸਿੰਘ ਦੀ ਜਾਇਦਾਦ, ਪੂਰਬ : ਖੇਤੀਬਾੜੀ ਵਾਲੀ ਜ਼ਮੀਨ, ਪੱਛਮ : ਗਲੀ। | | |

ਉਕਤ ਦਰਸਾਏ ਕਰਜ਼ਦਾਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਇਸ ਨੋਟਿਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ। ਇਸ ਨਾਲ ਕੀਤਾ ਕੋਈ ਵੀ ਲੈਣ-ਦੇਣ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਦੇ ਚਾਰਜ ਅਧੀਨ ਹੋਵੇਗਾ, ਜੋ ਕਿ ਇਸ ਨੋਟਿਸ 'ਚ ਦੱਸੀ ਰਕਮ ਸਮੇਤ ਇਕਰਾਰਨਾਮਾ ਦਰ 'ਤੇ ਵਿਆਜ, ਅਚਨਚੇਤੀ ਖਰਚੇ, ਲਾਗਤਾਂ ਅਤੇ ਚਾਰਜਿਜ਼ ਆਦਿ ਉਪਰੋਕਤ ਵੇਰਵਿਆਂ ਵਿੱਚ ਦਰਸਾਈ ਗਈ ਬਕਾਇਆ ਰਕਮ ਦੀ ਕਿਸਮ ਦੀ ਅਗਲੀ ਮਿਤੀ ਤੋਂ ਪੂਰੀ ਅਦਾਇਗੀ ਅਤੇ/ਜਾਂ ਪ੍ਰਾਪਤੀ ਮਿਤੀ ਦੀ ਮਿਤੀ ਤੱਕ। ਇਸ ਤੋਂ ਇਲਾਵਾ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐਸਟ ਦੇ ਪੁਨਰਗ੍ਰਹਿਣ ਲਈ ਉਪਲਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।
ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਦਰਸਾਈਆਂ ਜਾਇਦਾਦਾਂ ਦਾ ਵੇਰਵਾ ਉਕਤ ਦੱਸਿਆ ਗਿਆ ਹੈ।

ਅਧਿਕਾਰਤ ਅਫਸਰ
ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ
(ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੀ ਹੈਸੀਅਤ ਵਜੋਂ ਕਾਰਜਸ਼ੀਲ)
ਮਿਤੀ : 15.08.2026
ਸਥਾਨ : ਪੰਜਾਬ



## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁਆਟਰ ਫਿਰੋਜਪੁਰ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟੀਲ ਵਾਲੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 07.09.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ।। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਗ ਇਨ ਕਰੋ

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 12.08.2026 | 24.08.2026 | 07.09.2026 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ ਮਿਤੀ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 100-2026-27-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ 20 ਲੇਵਲ ਕ੍ਰਾਸਿੰਗ ਦੀ ਇੰਟਰਲਾਕਿੰਗ, ਜੋ ਟਾਈਪ ਪਲਾਨ ਨੰਬਰ HQ/01/02-2017/R-1 ਦੇ ਅਨੁਸਾਰ ਕੁਲ 74 ਲੇਵਲ ਕ੍ਰਾਸਿੰਗ (FZR ਡਵੀਜਨ ਵਿਚ 55 ਮੈਨਡ L-Xing ਗੇਟ ਅਤੇ JAT ਡਵੀਜਨ ਵਿਚ 19) ਦੀ ਇੰਟਰਲਾਕਿੰਗ ਨਾਲ ਸਬੰਧਿਤ ਹੈ। | | | |
| | | ਵਿਗਿਆਪਨ ਮੁੱਲ (₹) | ਬਿਆਨਾ ਰਾਸ਼ੀ(₹) | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 21038603.68 | 420800.00 | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਇਮਾਰਤ/ਆਵਾਸ ਦੀ ਉਸਾਰੀ।" | | | |
| 2. | 101-2026-27-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ 21 ਲੇਵਲ ਕ੍ਰਾਸਿੰਗ ਦੀ ਇੰਟਰਲਾਕਿੰਗ, ਜੋ ਟਾਈਪ ਪਲਾਨ ਨੰਬਰ 0-97/2017/R1 ਦੇ ਅਨੁਸਾਰ ਕੁਲ 74 ਲੇਵਲ ਕ੍ਰਾਸਿੰਗ (FZR ਡਵੀਜਨ ਵਿਚ 55 ਮੈਨਡ L-Xing ਗੇਟ ਅਤੇ JAT ਡਵੀਜਨ ਵਿਚ 19) ਦੀ ਇੰਟਰਲਾਕਿੰਗ ਨਾਲ ਸਬੰਧਿਤ ਹੈ। | | | |
| | | ਵਿਗਿਆਪਨ ਮੁੱਲ (₹) | ਬਿਆਨਾ ਰਾਸ਼ੀ(₹) | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 25686963.12 | 513700.00 | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਪ੍ਰੀ-ਕਾਸਟ PSC/RCC ਪੈਨਲ ਨਾਲ ਬਣਿਆ ਕੋਈ ਵੀ ਸਟ੍ਰਕਚਰਲ ਕੰਮ।" | | | |
| 3. | 102-2026-27-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਫਿਰੋਜਪੁਰ ਡਵੀਜਨ ਦੇ ਨਾਨ-ਇੰਟਰਲਾਕ ਲੇਵਲ ਕ੍ਰਾਸਿੰਗ ਗੇਟਸ (TVU 10,000 ਤੋਂ 20,000 ਦੇ ਵਿਚ) ਤੇ ਗੇਟ ਸਿਗਨਲਿੰਗ ਦੇ ਲਈ 18 ਲੇਵਲ ਕ੍ਰਾਸਿੰਗ ਤੇ ਰਿਲੇ ਹਟ ਦਾ ਪ੍ਰਬੰਧ, ਟਾਈਪ ਪਲਾਨ ਨੰਬਰ HQ/01/02-20-2017/R-1 ਦੇ ਅਨੁਸਾਰ। | | | |
| | | ਵਿਗਿਆਪਨ ਮੁੱਲ (₹) | ਬਿਆਨਾ ਰਾਸ਼ੀ(₹) | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 32688725.44 | 653800.00 | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਇਮਾਰਤ/ਆਵਾਸ ਦੀ ਉਸਾਰੀ।" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਨੰਬਰ:- 100,101 & 102-2026-27-DEN-HQ-FZR ਤਾਰੀਕ 13.08.2026 2810/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## YES BANK

ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਯੈੱਸ ਬੈਂਕ ਹਾਊਸ, ਆਫ ਵੈਸਟਰਨ ਐਕਸਪ੍ਰੈੱਸ ਹਾਈਵੇਅ, ਸਾਂਤਾਕਰੂਜ਼ ਈਸਟ, ਮੁੰਬਈ-400055 ਭਾਰਤ, ਯੈੱਸ ਬੈਂਕ ਲਿਮਟਿਡ, ਗਰਾਊਂਡ ਫਲੋਰ, ਬੀ-XX2427-928 ਗੋਵਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141007, ਵੈੱਬਸਾਈਟ : www.yesbank.in ਈ-ਮੇਲ : communications@yesbank.in ਸੀ ਆਈ ਐੱਨ : L65190MH2003PLC143249

### ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ (ਕਰਜ਼ਦਾਰਾਂ)/(ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ/(ਗਰੰਟਰਾਂ)/ਗਿਰਵੀਕਾਰ (ਗਿਰਵੀਕਾਰਾਂ), ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਰਹਿਣਕਾਰਾਂ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ |
|---|---|
| (1) ਮੈਸਰਜ਼ ਅਨੰਤ ਸਟੀਲ ਇੰਡਸਟਰੀਜ਼ ਰਾਹੀਂ ਇਸ ਦੇ ਭਾਈਵਾਲ-ਸ੍ਰੀ ਅਨਿਲ ਕਪੂਰ ਅਤੇ ਖੁਸ਼ਬੂ ਕਪੂਰ, ਰਜਿਸਟਰਡ ਦਫਤਰ ਪਤਾ : ਪਹਿਲੀ ਮੰਜ਼ਲ, ਚੈਂਬਰ ਨੰ. 5, ਗੁਰੀਸ਼ ਟਾਵਰ, ਮਿਲਰਗੰਜ, ਲੁਧਿਆਣਾ, ਪੰਜਾਬ 141001, ਨਾਲ ਹੀ : ਪਤਾ : ਸਾਹਨੇਵਾਲ-ਡੇਹਲੋਂ ਰੋਡ, ਪਿੰਡ ਟਿੱਬਾ, ਲੁਧਿਆਣਾ, ਪੰਜਾਬ-141120 (ਕਰਜ਼ਦਾਰ) (2) ਸ੍ਰੀ ਅਨਿਲ ਕਪੂਰ ਪੁੱਤਰ ਫਕੀਰ ਚੰਦ ਕਪੂਰ ਪਤਾ: ਮਕਾਨ ਨੰ. 35-ਐੱਚ, ਨੇੜੇ ਟੈਲੀਫੋਨ ਐਕਸਚੇਂਜ, ਅਸ਼ੋਕ ਵਿਹਾਰ, ਰਿਸ਼ੀ ਨਗਰ, ਲੁਧਿਆਣਾ-ਪੰਜਾਬ-141001 (ਭਾਈਵਾਲ ਅਤੇ ਗਰੰਟਰ) (3) ਮਿਸ ਖੁਸ਼ਬੂ ਕਪੂਰ ਪੁੱਤਰੀ ਅਨਿਲ ਕਪੂਰ ਪਤਾ : ਮਕਾਨ ਨੰ. 35-ਐੱਚ, ਨੇੜੇ ਟੈਲੀਫੋਨ ਐਕਸਚੇਂਜ, ਅਸ਼ੋਕ ਵਿਹਾਰ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141001 (ਭਾਈਵਾਲ ਅਤੇ ਗਰੰਟਰ) (4) ਸ੍ਰੀਮਤੀ ਨੀਨਾ ਕਪੂਰ ਪਤਨੀ ਸ੍ਰੀ ਅਨਿਲ ਕਪੂਰ ਪਤਾ : ਮਕਾਨ ਨੰ. 35 ਐੱਚ, ਨੇੜੇ ਟੈਲੀਫੋਨ ਐਕਸਚੇਂਜ, ਅਸ਼ੋਕ ਵਿਹਾਰ, ਰਿਸ਼ੀ ਨਗਰ, ਲੁਧਿਆਣਾ, ਪੰਜਾਬ-141001 (ਗਰੰਟਰ ਅਤੇ ਰਹਿਣਕਾਰ) | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਇੰਡਸਟਰੀਅਲ ਜਾਇਦਾਦ ਰਕਬਾ 2345 ਵਰਗ ਗਜ਼, ਖਸਰਾ ਨੰ. 30//20 ਖੱਤਾ ਨੰ. 557/588, ਹੱਦਬਸਤ ਨੰ. 89, ਜਮ੍ਹਾਂਬੰਦੀ ਸਾਲ 2013-14, ਪਿੰਡ ਭੱਟੀਆਂ ਵਿਖੇ ਸਥਿਤ, ਨਿਸ਼ਾਂਤ ਬਾਗ ਕਾਲੋਨੀ ਵਜੋਂ ਜਾਣੀ ਜਾਂਦੀ ਜਗ੍ਹਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਹੋਰਨਾਂ ਦੀ ਨਿਰਮਤ ਜਗ੍ਹਾ, ਪੱਛਮ : ਗਲੀ, ਉੱਤਰ : ਥਪਸਨ ਟੈਕਸਟਾਈਲ, ਦੱਖਣ : ਸ੍ਰੀ ਅਚਿੰਤ ਜੈਨ ਅਤੇ ਅਨੀਤਾ ਜੈਨ। ਰਹਿਣਕਾਰ : ਸ੍ਰੀਮਤੀ ਨੀਨਾ ਕਪੂਰ ਪਤਨੀ ਸ੍ਰੀ ਅਨਿਲ ਕਪੂਰ। |

| ਐੱਨ ਪੀ ਏ ਦੀ ਮਿਤੀ | ਨੋਟਿਸ ਦੀ ਮਿਤੀ | |
|---|---|---|
| 10 ਜੂਨ 2026 | 10 ਅਗਸਤ 2026 | 13 (2) ਨੋਟਿਸ ਅਨੁਸਾਰ ਬਕਾਇਆ ਰਕਮ : 04 ਅਗਸਤ 2026 ਨੂੰ ਬਕਾਇਆ ਰਕਮ ਰੁਪਏ ਆਈ ਐੱਨ ਆਰ 8,53,28,076.01/- (ਅੱਠ ਕਰੋੜ ਤਿਰਵੰਜਾ ਲੱਖ ਅਠਾਈ ਹਜ਼ਾਰ ਛਿਅੱਤਰ ਰੁਪਏ ਅਤੇ ਇੱਕ ਪੈਸਾ ਕੇਵਲ) |

ਖਾਤਾ ਨੰ./ ਕਰਜ਼ੇ ਦੀ ਕਿਸਮ : 039084600005730/-ਸੀ ਸੀ ਸਹੂਲਤ 039063700002965/ਸੀ ਜੀ ਟੀ ਸੀ ਸੀ ਸਹੂਲਤ, C42LA43242990001/ ਡਬਲਯੂ ਸੀ ਟੀ ਐੱਲ ਲੋਨ ਪ੍ਰਾਜੈਕਟ

ਉਪਰੋਕਤ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਰਹਿਣਕਾਰ (ਰਹਿਣਕਾਰਾਂ) (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਸਰਫੇਸੀ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਕਿਉਰਡ ਕ੍ਰੈਡਿਟਰ ਦੇ ਬਕਾਏ ਸਮੇਤ ਉਸ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 15.08.2026, ਸਥਾਨ : ਪੰਜਾਬ
ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ



## AXIS BANK

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਸਰੀ ਮੰਜ਼ਲ, ਜਾਇਦਾਦ # 7-ਈ ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਰਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

1 ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀਮਤੀ ਕਿਰਨ ਦੇਵੀ ਪਤਨੀ ਰਵੀ ਕੁਮਾਰ (ਕਰਜ਼ਦਾਰ/ਰਹਿਣਕਾਰ) ਅਤੇ ਸ੍ਰੀਮਤੀ ਮਹਿੰਦਰ ਕੌਰ ਪਤਨੀ ਹਰਬੰਸ ਲਾਲ (ਸਹਿ-ਕਰਜ਼ਦਾਰ) ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 0-6 ਮਰਲੇ ਕੁੱਲ ਖੇਤਰ 126 ਕਨਾਲ 07 ਮਰਲੇ ਦਾ 6/2527 ਹਿੱਸਾ, ਖਸਰਾ ਨੰ. 2070/1-15, 2074/0-18, 2061 ਮਿੰਨ/3-0, 2062 ਮਿੰਨ/3-13, 2063 ਮਿੰਨ/2-15, 2064 ਮਿੰਨ/2-15, 2065 ਮਿੰਨ/1-10, 2072 ਮਿੰਨ/2-1, 2073 ਮਿੰਨ/1-17, 2079 ਮਿੰਨ/2-10, 2080/2-13, 2081/5-5, 2082/5-3, 2083 ਮਿੰਨ/2-2, 2084 ਮਿੰਨ/9-8, 2076/5-0, 2077/4-16, 2078/5-0, 2061 ਮਿੰਨ/2-9, 2062 ਮਿੰਨ/3-0, 2063 ਮਿੰਨ/2-0, 2064 ਮਿੰਨ/2-0, 2065 ਮਿੰਨ/3-0, 2066 ਮਿੰਨ/3-0, 2067 ਮਿੰਨ/2-0, 2071/0-19, 2072 ਮਿੰਨ/2-0, 2073 ਮਿੰਨ/2-0, 2083 ਮਿੰਨ/6-0, 2056/2-12, 2057/5-13, 2058/2-19, 2059/2-16, 2060/6-19, 2066/2-2, 2067 ਮਿੰਨ/3-2, 2068/4-17, 2069/4-18, ਕਿੱਤੇ 38, ਖੇਵਟ ਨੰ. 1087/1761 ਤੋਂ 1767, ਜਮ੍ਹਾਂਬੰਦੀ ਸਾਲ 2015-2016, ਵਾਕਿਆ ਰਕਬਾ ਕਪੂਰਥਲਾ ਸ਼ਰਕੀ, ਅਬਾਦੀ ਮੁਹੱਲਾ ਸੰਤਪੁਰਾ, ਜ਼ਿਲ੍ਹਾ ਕਪੂਰਥਲਾ ਸ੍ਰੀਮਤੀ ਕਿਰਨਾ ਦੇਵੀ ਪਤਨੀ ਰਵੀ ਕੁਮਾਰ ਦੇ ਨਾਂਅ ਰਜਿਸਟਰਡ, ਬੈਨਾਮਾ 2021-22/30/1/3539 ਮਿਤੀ 15 ਫਰਵਰੀ 2022 ਅਨੁਸਾਰ ਜਾਇਦਾਦ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਰਣਜੀਤ ਸਿੰਘ, ਪੱਛਮ : ਸੰਜੀਵ ਕੁਮਾਰ, ਉੱਤਰ : ਲਾਂਘਾ, ਦੱਖਣ : ਹੋਰ ਮਾਲਕ ਦਾ ਪਲਾਟ।

| ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|
| 10 ਅਪ੍ਰੈਲ 2026 | 23 ਅਪ੍ਰੈਲ 2026 | 11 ਅਗਸਤ 2026 |

ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 1965171 (ਉੱਨੀ ਲੱਖ ਪੈਂਹਠ ਹਜ਼ਾਰ ਇੱਕ ਸੌ ਇਕੱਤਰ ਰੁਪਏ ਕੇਵਲ)

2 ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀ ਜੌਹਨਸਨ ਮਸੀਹ ਪੁੱਤਰ ਸੁੰਦਰ ਮਸੀਹ (ਕਰਜ਼ਦਾਰ) ਅਤੇ (2) ਸ੍ਰੀਮਤੀ ਐਲਿਜ਼ਾਬੈਥ ਪਤਨੀ ਜੌਹਨਸਨ ਮਸੀਹ (ਸਹਿ-ਕਰਜ਼ਦਾਰ/ਰਹਿਣਕਾਰ) ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਰਿਹਾਇਸ਼ੀ ਜਾਇਦਾਦ/ਮਕਾਨ ਨੰ. 204-ਬੀ ਨਾਲ ਸੰਬੰਧਤ ਸਭ ਕੁਝ। ਰਕਬਾ 01 ਮਰਲਾ 214 ਵਰਗ ਫੁੱਟ, ਖਸਰਾ ਨੰ. 21//16, 17, 24, 25, 22//11 ਮਿੰਨ, 12, 19, 20 ਮਿੰਨ, 22//11 ਮਿੰਨ, 20 ਮਿੰਨ, ਖੇਵਟ/ਖਤੌਨੀ ਨੰ. 212/241-242, ਹੱਦਬਸਤ ਨੰ. 160, ਜਮ੍ਹਾਂਬੰਦੀ ਸਾਲ 2017-2018, ਵੀਨਸ ਵੈਲੀ ਵਿਖੇ ਸਥਿਤ, ਪਿੰਡ ਸਲੇਮਪੁਰ ਮੁਸਲਮਾਨਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਸ੍ਰੀਮਤੀ ਐਲਿਜ਼ਾਬੈੱਥ ਪਤਨੀ ਜੌਹਨਸਨ ਮਸੀਹ ਦੇ ਨਾਂਅ ਰਜਿਸਟਰਡ, ਬੈਨਾਮਾ ਦਸਤਾਵੇਜ਼ ਨੰ. 2020-21/187/1/5962 ਮਿਤੀ 21-12-2020 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 204-ਬੀ ਦਾ ਬਾਕੀ ਹਿੱਸਾ, ਪੱਛਮ : ਪਲਾਟ ਨੰ. 205-ਬੀ, ਉੱਤਰ : ਪਲਾਟ ਨੰ. 204-ਬੀ ਦਾ ਬਾਕੀ ਹਿੱਸਾ, ਦੱਖਣ : ਸੜਕ।

| ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|
| 01 ਦਸੰਬਰ 2025 | 16 ਜਨਵਰੀ 2026 | 12 ਅਗਸਤ 2026 |

ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 1036085 (ਦਸ ਲੱਖ ਛੱਤੀ ਹਜ਼ਾਰ ਪਚਾਸੀ ਰੁਪਏ ਕੇਵਲ)

3 ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਅਮਰ ਪੁੱਤਰ ਸ੍ਰੀ ਕਾਰਤਿਕ (ਕਰਜ਼ਦਾਰ) ਅਤੇ (2) ਸ੍ਰੀ ਕਾਰਤਿਕ ਪੁੱਤਰ ਸ੍ਰੀ ਗੋਪਾਲ (ਸਹਿ-ਕਰਜ਼ਦਾਰ/ਰਹਿਣਕਾਰ) ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 2 ਮਰਲੇ 6-3/4 ਸਰਸਾਈ, ਕੁੱਲ ਜ਼ਮੀਨੀ ਖੇਤਰ 43 ਕਨਾਲ 12 ਮਰਲੇ ਦਾ 74/23544 ਹਿੱਸਾ, ਖਸਰਾ ਨੰ. 93//23/2/1 (1-0), 1364 (1-2), 1387(1-2), 1382/2 (1-10), 1386/2 (1-4), 1387/1/2 (1-16), 1363/2 (1-10), 1384/1 (1-12), 1369 (0-17), 1370 (0-7), 1383/1 (1-5), 1388/2 (1-18), 1389/2(1-1), 1371/2 (2-0), 1367/1 (3-7), 1368/1(1-7), 1433/2 (0-6), 1434 (1-3), 1437/1 (2-2), 1439/1(1-1), 1440/1 (1-3), 1435/1 (1-3), 1436/1 (2-9), 1438/1 (1-5), 1441 (5-10), 1442/1/2 (0-4), 1442/2/2(2-8), 1390/2(1-0) ਖੇਵਟ ਨੰ. 385, ਪਿੰਡ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਥਿਤ, ਜੀਤ ਸਿੰਘ-2, ਤਹਿਸੀਲ ਤੇ ਜ਼ਿਲ੍ਹਾ ਮੋਗਾ, ਪੰਜਾਬ ਨਾਲ ਸੰਬੰਧਤ ਸਭ ਕੁਝ, ਬੈਨਾਮਾ ਨੰ. 2019-20/2/1/4386 ਮਿਤੀ 17.01.2020 ਅਨੁਸਾਰ ਸ੍ਰੀ ਅਮਰ ਪੁੱਤਰ ਸ੍ਰੀ ਕਾਰਤਿਕ ਦੇ ਨਾਂਅ ਰਜਿਸਟਰਡ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਲਾਂਘਾ 25'-0", ਪੱਛਮ : ਹੋਰ ਮਾਲਕ 25'-0", ਉੱਤਰ : ਰਾਕੇਸ਼ ਕੁਮਾਰ 30'-0", ਦੱਖਣ : ਮੋਹਨ ਸਿੰਘ 30'-0"

| ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|
| 08 ਜੂਨ 2025 | 20 ਜੂਨ 2025 | 12 ਅਗਸਤ 2026 |

ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 15,09,392 (ਪੰਦਰਾਂ ਲੱਖ ਨੌਂ ਹਜ਼ਾਰ ਤਿੰਨ ਸੌ ਬਾਨਵੇਂ ਰੁਪਏ)

ਸਥਾਨ : ਲੁਧਿਆਣਾ, ਮਿਤੀ : 15-08-2026 ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਨਿੰਦਾ

**ਅੱਡਾ ਸਰਾਂ (ਜਸਵੀਰ ਕਾਜਲ)**- ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰਦੁਆਰਾ ਮਾਤਾ ਸਾਹਿਬ ਦੇਵਾ ਜੀ ਵਿਖੇ ਦਰਸ਼ਨ ਦੀਦਾਰ ਕਰਨ ਦੌਰਾਨ ਇਕ ਵਿਅਕਤੀ ਵਲੋਂ ਕੀਤੇ ਗਏ ਹਮਲੇ ਦੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਮੀਤ ਪ੍ਰਧਾਨ ਗੁਰਕਮਲ ਸਿੰਘ ਸੋਢੀ ਹੁਸ਼ਿਆਰਪੁਰ, ਸਤਨਾਮ ਸਿੰਘ ਢਿਲੋਂ ਮੀਤ ਪ੍ਰਧਾਨ ਅਕਾਲੀ ਦਲ (ਬ) ਹੁਸ਼ਿਆਰਪੁਰ, ਸੀਨੀਅਰ ਮੀਤ ਪ੍ਰਧਾਨ ਸੈਕਟਰੀ ਮਨਜੀਤ ਸਿੰਘ ਹੁਸ਼ਿਆਰਪੁਰ, ਅਕਾਲੀ ਦਲ (ਬ) ਦੇ ਸੀਨੀਅਰ ਆਗੂ ਮਨਜੀਤ ਸਿੰਘ ਧਾਲੀਵਾਲ ਵਲੋਂ ਸਖਤ ਸਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਸਿੱਖ ਕੌਮ ਦੀ ਆਸਥਾ ਦੇ ਪਰਵਾਰ ਕੇਂਦਰ ਤੇ ਨੁਮਾਇਦਾ ਸਿੱਖ ਸਿਆਸੀ ਜਥੇਬੰਦੀ ਦੇ ਮੁਖੀ ਤੇ ਹਮਲਾ ਕਰਨਾ ਬੇਹੱਦ ਦੁਖਦਾਈ ਅਤੇ ਮੰਦਭਾਗੀ ਘਟਨਾ ਹੈ ਉਕਤ ਆਗੂਆਂ ਨੇ ਕਿਹਾ ਕਿ ਪਰਵਾਰ ਸਮੇਤ ਗੁਰੂ ਘਰ ਦੇ ਦਰਸ਼ਨਾਂ ਲਈ ਗਏ ਸੁਖਬੀਰ ਸਿੰਘ ਬਾਦਲ ਤੇ ਹਮਲਾ ਕਰਨਾ ਨਾ ਸਿਰਫ ਨਿੰਦਣਯੋਗ ਗੱਲ ਹੈ ਸਗੋਂ ਗੁਰੂ ਘਰ ਦੀ ਮਾਣ ਮੁਰਿਯਾਦਾ ਨੂੰ ਵੀ ਠੇਸ ਨੂੰ ਪਹੁਚਾਉਣ ਵਾਲੀ ਕਾਰਵਾਈ ਹੈ। ਉਕਤ ਆਗੂਆਂ ਨੇ ਕਿਹਾ ਸੁਖਵੀਰ ਸਿੰਘ ਬਾਦਲ ਜੋ ਪੰਜਾਬ ਦੇ ਲੋਕਾਂ ਲਈ ਅਤੇ ਪੰਜਾਬ, ਪੰਜਾਬੀਅਤ ਦੀ ਰਾਖੀ ਲਈ ਦਿਨ ਰਾਤ ਹਰ ਵੇਲੇ ਅਵਾਜ਼ ਬੁਲੰਦ ਕਰਦੇ ਹਨ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਦਾ ਇਕ ਇਕ ਵਰਕਰ ਸੁਖਬੀਰ ਸਿੰਘ ਬਾਦਲ ਨਾਲ ਚਟਾਨ ਵਾਂਗ ਖੜਾ ਹੈ।



ਉਨ੍ਹਾਂ ਕਿਹਾ ਸਿੱਖ ਪੰਥ ਨੂੰ ਆਪਸੀ ਭਾਈਚਾਰਾ, ਸ਼ਾਤੀ ਤੇ ਗੁਰੂ ਸਾਹਿਬਾਨਾਂ ਵਲੋਂ ਦਰਸਾਏ ਮਾਰਗ ਤੇ ਚਲਦਿਆਂ ਅਜਿਹੀਆਂ ਕਾਰਵਾਈਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਕਤ ਆਗੂਆਂ ਨੇ ਸਰਕਾਰ ਤੋ ਮੰਗ ਕੀਤੀ ਹੈ ਕਿ ਇਹ ਘਟਨਾ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀ ਵਿਅਕਤੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਪਰਮਜੀਤ ਸਿੰਘ ਧਾਮੀ ਮੀਤ ਪ੍ਰਧਾਨ, ਸੁਰਜੀਤ ਸਿੰਘ ਜੋੜਾ ਸਰਕਲ ਪ੍ਰਧਾਨ ਅੱਡਾ ਸਰਾਂ ਹਾਜਰ ਸਨ।

# ਕੇਂਦਰੀ ਜੇਲ੍ਹ ਕਪੂਰਥਲਾ 'ਚ ਵਿਸ਼ੇਸ਼ ਕੈਂਪ ਕੋਰਟ

**ਜਲੰਧਰ (ਨ ਜ਼ ਸ)** ਕੈਂਪ ਕੋਰਟ ਦਾ ਆਯੋਜਨ ਰਾਹੁਲ ਕੁਮਾਰ, ਮੁੱਖ ਨਿਆਇਕ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੁਆਰਾ ਕੀਤਾ ਗਿਆ। ਪ੍ਰਿਯਾ ਸੂਦ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-



ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ ਐੱਲ ਐੱਸ ਏ), ਜਲੰਧਰ ਦੀ ਰਹਿਨੁਮਾਈ ਹੇਠ ਕੇਂਦਰੀ ਜੇਲ੍ਹ ਕਪੂਰਥਲਾ ਦੇ ਅੰਦਰ ਇੱਕ ਵਿਸ਼ੇਸ਼ ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ।ਇਹ ਕੈਂਪ ਕੋਰਟ ਰਾਹੁਲ ਕੁਮਾਰ, ਮੁੱਖ ਨਿਆਇਕ ਮੈਜਿਸਟ੍ਰੇਟ-ਕਮ-ਸਕੱਤਰ, ਡੀ ਐੱਲ ਐੱਸ ਏ ਜਲੰਧਰ ਦੁਆਰਾ ਲਗਾਈ ਗਈ।ਕਾਰਵਾਈ ਦੌਰਾਨ, ਹਵਾਲਾਤੀ ਕੈਦੀਆਂ ਦੇ ਛੋਟੇ-ਮੋਟੇ ਅਪਰਾਧਾਂ ਅਤੇ ਬਕਾਇਆ ਮਾਮਲਿਆਂ 'ਤੇ ਵਿਚਾਰ ਕੀਤਾ ਗਿਆ।ਤੇਜ਼ੀ ਨਾਲ ਇਨਸਾਫ਼ ਦਵਾਉਣ ਅਤੇ ਜੇਲ੍ਹਾਂ ਵਿੱਚ ਭੀੜ ਘਟਾਉਣ ਦੇ ਅਸਲ ਮਕਸਦ ਨੂੰ ਦਰਸਾਉਂਦੇ ਹੋਏ 9 ਕੈਦੀਆਂ/ਹਵਾਲਾਤੀਆਂ ਦੁਆਰਾ ਛੋਟੇ-ਮੋਟੇ ਅਪਰਾਧਾਂ ਵਿੱਚ ਸਵੈ-ਇੱਛਾ ਨਾਲ ਆਪਣਾ ਦੋਸ਼ ਕਬੂਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਮੌਕੇ 'ਤੇ ਹੀ ਰਿਹਾਅ ਕਰਨ ਦੇ ਹੁਕਮ ਦਿੱਤੇ ਗਏ। ਇਸ ਮੌਕੇ ਬੋਲਦਿਆਂ ਰਾਹੁਲ ਕੁਮਾਰ ਨੇ ਦੱਸਿਆ ਕਿ ਜੇਲ੍ਹ ਪਰਿਸਰ ਦੇ ਅੰਦਰ ਅਜਿਹੀਆਂ ਕੈਂਪ ਕੋਰਟਾਂ ਦਾ ਆਯੋਜਨ ਕਰਨ ਦਾ ਮੁੱਖ ਉਦੇਸ਼ ਇਨਸਾਫ਼ ਤੱਕ ਛੇਤੀ ਪਹੁੰਚ ਯਕੀਨੀ ਬਣਾਉਣਾ, ਛੋਟੇ-ਮੋਟੇ ਅਪਰਾਧਾਂ ਲਈ ਦਫ਼ਤਰੀ ਦੇਰੀ ਨੂੰ ਘਟਾਉਣਾ ਅਤੇ ਆਪਣਾ ਦੋਸ਼ ਮੰਨਣ ਲਈ ਤਿਆਰ ਹਵਾਲਾਤੀਆਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕਰਨਾ ਹੈ। ਜੇਲ੍ਹ ਦੌਰੇ ਦੌਰਾਨ ਸਕੱਤਰ ਡੀ ਐੱਲ ਐੱਸ ਏ ਜਲੰਧਰ ਨੇ ਕੈਦੀਆਂ ਨੂੰ ਦਿੱਤੀਆਂ ਜਾ ਰਹੀਆਂ ਰਹਿਣ-ਸਹਿਣ ਦੀਆਂ ਸਥਿਤੀਆਂ, ਰਸੋਈ ਦੀਆਂ ਸੁਵਿਧਾਵਾਂ, ਮੈਡੀਕਲ ਦੇਖਭਾਲ ਅਤੇ ਸਾਫ਼-ਸਫ਼ਾਈ ਦੇ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਕਈ ਕੈਦੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਨੂੰ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ ਤਹਿਤ ਮਿਲਣ ਵਾਲੀ ਮੁਫ਼ਤ ਕਾਨੂੰਨੀ ਸਹਾਇਤਾ ਸਮੇਤ ਉਨ੍ਹਾਂ ਦੇ ਮੌਲਿਕ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ।

# ਸੁਖਬੀਰ ਬਾਦਲ 'ਤੇ ਹਮਲੇ ਦੀ ਨਿੰਦਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਨੂੰ ਲੈ ਕੇ ਹਲਕਾ ਸੁਲਤਾਨਪੁਰ ਲੋਧੀ ਤੋਂ ਅਕਾਲੀ ਦਲ ਦੇ ਨੌਜਵਾਨ ਆਗੂ ਇੰਦਰਜੀਤ ਸਿੰਘ ਜੋਸਨ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ, ਖ਼ਾਸ ਕਰਕੇ ਗੁਰੂ ਘਰ ਦੀ ਪਵਿੱਤਰਤਾ ਦਰਮਿਆਨ ਅਜਿਹੀ ਘਟਨਾ ਵਾਪਰਨਾ ਬੇਹੱਦ ਗੰਭੀਰ ਅਤੇ ਚਿੰਤਾਜਨਕ ਹੈ। ਜੋਸਨ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ 'ਤੇ ਹੋਇਆ ਇਹ ਕਾਇਰਾਨਾ ਹਮਲਾ ਸਿਰਫ਼ ਇੱਕ ਸਿਆਸੀ ਆਗੂ ਨੂੰ ਨਿਸ਼ਾਨਾ ਬਣਾਉਣ ਦੀ ਘਟਨਾ ਨਹੀਂ, ਸਗੋਂ ਪੰਜਾਬ ਦੀ ਸ਼ਾਂਤੀ, ਭਾਈਚਾਰਕ ਸਾਂਝ ਅਤੇ ਕਾਨੂੰਨ-ਵਿਵਸਥਾ ਨੂੰ ਚੁਣੌਤੀ ਹੈ।



ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਧਾਰਮਿਕ ਅਸਥਾਨਾਂ ਦੇ ਅੰਦਰ ਵੀ ਸਿਆਸੀ ਰੰਜਿਸ਼ ਜਾਂ ਹਿੰਸਾ ਲਈ ਥਾਂ ਬਣਨ ਲੱਗ ਪਈ ਤਾਂ ਇਹ ਪੂਰੇ ਸਮਾਜ ਲਈ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਸਾਨੂੰ ਸ਼ਾਂਤੀ, ਸਹਿਣਸ਼ੀਲਤਾ, ਨਿਮਰਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੇ ਹਨ। ਅਜਿਹੇ ਪਵਿੱਤਰ ਸਥਾਨਾਂ ਦੀ ਮਰਿਆਦਾ ਨੂੰ ਭੰਗ ਕਰਨ ਵਾਲੀ ਕਿਸੇ ਵੀ ਘਟਨਾ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇੰਦਰਜੀਤ ਸਿੰਘ ਜੋਸਨ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਸਿੱਧੇ ਤੌਰ 'ਤੇ ਅਪੀਲ ਕੀਤੀ ਕਿ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਕਰਕੇ ਹਮਲੇ ਦੇ ਪਿੱਛੇ ਅਸਲ ਕਾਰਨਾਂ ਅਤੇ ਸਾਜ਼ਿਸ਼ ਦੀਆਂ ਸਾਰੀਆਂ ਕੜੀਆਂ ਸਾਹਮਣੇ ਲਿਆਂਦੀਆਂ ਜਾਣ।

# ਟਾਇਰ ਫਟਣ ਨਾਲ ਹਾਈਵੇ 'ਤੇ ਪਲਟਿਆ ਕੈਂਟਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਚੰਡੀਗੜ੍ਹ-ਅੰਬਾਲਾ ਹਾਈਵੇ 'ਤੇ ਕੇ ਐੱਫ ਸੀ ਦੇ ਬਿਲਕੁਲ ਸਾਹਮਣੇ ਉਸ ਸਮੇਂ ਵੱਡਾ ਹਾਦਸਾ ਹੋਣ ਤੋਂ ਟਲ ਗਿਆ, ਜਦੋਂ ਹਰਿਆਣਾ ਨੰਬਰ ਦਾ ਇੱਕ ਲੋਡਿੰਗ ਕੈਂਟਰ ਅਚਾਨਕ ਟਾਇਰ ਫਟਣ ਕਾਰਨ ਬੇਕਾਬੂ ਹੋ ਕੇ ਸੜਕ 'ਤੇ ਪਲਟ ਗਿਆ। ਹਾਦਸੇ ਵਿੱਚ ਕੈਂਟਰ ਚਾਲਕ ਨੂੰ ਸੱਟਾਂ ਲੱਗੀਆਂ, ਪਰ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ।ਜਾਣਕਾਰੀ ਅਨੁਸਾਰ ਲੋਡਿੰਗ ਕੈਂਟਰ ਚੰਡੀਗੜ੍ਹ ਤੋਂ ਅੰਬਾਲਾ ਵੱਲ ਜਾ ਰਿਹਾ ਸੀ।ਜਦੋਂ ਗੱਡੀ ਕੇ ਐੱਫ ਸੀ ਦੇ ਸਾਹਮਣੇ ਪਹੁੰਚੀ ਤਾਂ ਅਚਾਨਕ ਇਸ ਦਾ ਇੱਕ ਟਾਇਰ ਫੱਟ ਗਿਆ। ਟਾਇਰ ਫਟਣ ਕਾਰਨ ਡਰਾਈਵਰ ਦਾ ਗੱਡੀ 'ਤੇ ਕੰਟਰੋਲ ਨਹੀਂ ਰਿਹਾ ਅਤੇ ਕੈਂਟਰ ਸੜਕ 'ਤੇ ਪਲਟ ਗਿਆ।ਹਾਦਸਾ ਹੁੰਦੇ ਹੀ ਮੌਕੇ 'ਤੇ ਮੌਜੂਦ ਰਾਹਗੀਰਾਂ ਨੇ ਤੁਰੰਤ ਮਦਦ ਲਈ ਅੱਗੇ ਆਉਂਦਿਆਂ ਕੈਂਟਰ ਵਿੱਚ ਫਸੇ ਡਰਾਈਵਰ ਨੂੰ ਬਾਹਰ ਕੱਢਿਆ। ਲੋਕਾਂ ਵੱਲੋਂ ਉਸ ਨੂੰ ਮੁੱਢਲੀ ਸਹਾਇਤਾ ਵੀ ਦਿੱਤੀ ਗਈ। ਹਾਦਸੇ ਕਾਰਨ ਹਾਈਵੇ 'ਤੇ ਕੁਝ ਸਮੇਂ ਲਈ ਆਵਾਜਾਈ ਪ੍ਰਭਾਵਿਤ ਹੋਈ।ਟਰੈਫਿਕ ਇੰਚਾਰਜ ਸੁਰਿੰਦਰ ਸਿੰਘ ਨੇ ਦੱਸਿਆ ਕਿ ਹਾਦਸੇ ਵਿੱਚ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ।



# 18 ਦੀ ਰੈਲੀ 'ਚ ਮੁਲਾਜ਼ਮ ਵਹੀਰਾਂ ਘੱਤ ਕੇ ਸ਼ਾਮਲ ਹੋਣਗੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਦੀ ਪ੍ਰਧਾਨਗੀ ਹੇਠ ਲੁਧਿਆਣਾ ਵਿਖੇ ਹੋਈ। ਇਸ ਮੀਟਿੰਗ ਵਿੱਚ ਯੂਨੀਅਨ ਵੱਲੋਂ 18 ਅਗਸਤ ਨੂੰ ਵਾਟਰ ਸਪਲਾਈ ਸੀਵਰੇਜ ਬੋਰਡ ਦੇ ਹੈਡ ਆਫਿਸ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੈਲੀ ਰੱਖੀ ਗਈ। ਇਸ ਮੌਕੇ ਸੂਬਾ ਜਨਰਲ ਸਕੱਤਰ ਡੁੰਮਣ ਸਿੰਘ ਕਾਠਗੜ੍ਹ, ਕੈਸ਼ੀਅਰ ਬਲਜਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਰਾਜ ਮੌੜ ਅਤੇ ਸੂਬਾ ਪ੍ਰੈੱਸ ਸਕੱਤਰ ਸੰਜੀਵ ਕੌਂਡਲ ਵੀ ਮੌਜੂਦ ਹੋਏ।

# ਪਲੇਵੇ ਸਕੂਲ/ਪ੍ਰੀ ਨਰਸਰੀ ਸਕੂਲ ਨੂੰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ

**ਨਵਾਂ ਸ਼ਹਿਰ (ਮਨੋਜ ਲਾਡੀ)**- ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ 3 ਤੋਂ 6 ਸਾਲ ਤੱਕ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਅਰਲੀ ਚਾਇਲਡ ਹੁਡ ਕੇਅਰ ਐਂਡ ਐਜੂਕੇਸ਼ਨ ਸਕੀਮ ਅਧੀਨ ਜ਼ਿਲ੍ਹੇ ਵਿੱਚ ਚੱਲ ਰਹੇ ਪ੍ਰਾਈਵੇਟ ਪਲੇਵੇ ਸਕੂਲਾਂ ਦੀ ਰਜਿਸਟ੍ਰੇਸ਼ਨ ਕੀਤੀਆਂ ਜਾਣੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਵਲੋਂ ਦੱਸਿਆ ਗਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪ੍ਰਾਈਵੇਟ ਸੰਸਥਾਵਾਂ ਜੋ ਕਿ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਲਈ ਅਰਲੀ ਚਾਇਲਡ ਕੇਅਰ ਅਤੇ ਐਜੂਕੇਸ਼ਨ/ਪਲੇਵੇ ਸਕੂਲ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦਿਆ ਹਨ, ਲਈ ਸਮਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ ਹੈ, ਜਿਸ ਦੇ ਚਲਦੇ ਹੁਣ ਤੱਕ ਜ਼ਿਲ੍ਹੇ ਵਿੱਚ 21 ਪਲੇਵੇ ਸਕੂਲ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਰਜਿਸਟਰ ਕੀਤੇ ਜਾ ਚੁੱਕੇ ਹਨ। ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵਿਭਾਗ ਵਲੋਂ ਜਾਰੀ ਹਿਦਾਇਤਾ ਅਨੁਸਾਰ ਜ਼ਿਲ੍ਹੇ ਅਧੀਨ ਚੱਲ ਰਹੇ ਸਾਰੇ ਪਲੇਵੇ ਸਕੂਲਾਂ ਦੇ ਨਾਲ ਨਾਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਅਧੀਨ ਐਫੀਲੇਟਿਡ ਪ੍ਰਾਈਵੇਟ ਸਕੂਲਾਂ (ਜਿਨ੍ਹਾਂ ਵਿੱਚ ਪ੍ਰੀ ਪਰਾਈਮਰੀ ਵਿੰਗ ਚੱਲ ਰਹੇ ਹਨ) ਦੀਆਂ ਰਜਿਸਟ੍ਰੇਸ਼ਨਾਂ ਵੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਕਰਵਾਈਆ ਜਾਣੀਆ ਲਾਜ਼ਮੀ ਹਨ। ਇਸ ਲਈ ਜ਼ਿਲ੍ਹੇ ਅਧੀਨ ਆਉਂਦੇ ਸਮੂਹ ਪ੍ਰੀ ਨਰਸਰੀ ਅਤੇ ਪਲੇਵੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਕੂਲਾਂ ਦੀ ਰਜਿਸਟਰੇਸ਼ਨ ਪ੍ਰਕਿਰਿਆ ਆਨਲਾਈਨ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਸਕੂਲ/ਟਰੱਸਟ ਈ ਸੇਵਾ ਰਾਹੀਂ ਸੁਵਿਧਾ ਕੇਂਦਰਾਂ ਤੋਂ ਆਪਣੀ ਨਵੀਂ ਰਜਿਸਟ੍ਰੇਸ਼ਨ ਅਤੇ ਰੀਨਿਊ ਕਰਵਾ ਸਕਦੇ ਹਨ। ਸਬੰਧਤ ਵਿਭਾਗ ਅਧੀਨ ਪੰਜਾਬ ਅਧੀਨ ਚੱਲ ਰਹੇ ਸਾਰੇ ਪਲੇਵੇ ਸਕੂਲਾਂ ਦੇ ਨਾਲ ਨਾਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਅਧੀਨ ਐਫੀਲੇਟਿਡ ਪ੍ਰਾਈਵੇਟ ਸਕੂਲਾਂ (ਜਿਨ੍ਹਾਂ ਵਿੱਚ ਪ੍ਰੀ ਪਰਾਈਮਰੀ ਵਿੰਗ ਚੱਲ ਰਹੇ ਹਨ) ਦੀਆਂ ਰਜਿਸਟ੍ਰੇਸ਼ਨਾਂ ਕਰਵਾਉਣੀਆਂ ਵੀ ਲਾਜ਼ਮੀ ਹਨ।ਪਲੇਵੇ ਸਕੂਲਾਂ/ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ ਆਪਣੇ ਸਕੂਲਾਂ ਦੀ ਆਨਲਾਈਨ ਰਜਿਸਟਰੇਸ਼ਨ ਜਲਦ ਤੋਂ ਜਲਦ ਕਰਵਾਉਣ। ਅਜਿਹਾ ਨਾ ਕਰਵਾਉਣ ਦੀ ਸੂਰਤ ਵਿੱਚ ਸਬੰਧਤ ਸਕੂਲਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



# ਸੰਗਰਾਂਦ ਦਾ ਦਿਹਾੜਾ 17 ਨੂੰ ਮਨਾਇਆ ਜਾਵੇਗਾ : ਜਥੇ. ਮਨੋਹਰ ਸਿੰਘ

**ਆਦਮਪੁਰ, (ਪਰਮਜੀਤ ਸਿੰਘ)**- ਗੁਰਦੁਆਰਾ ਧੰਨ-ਧੰਨ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ ਭਾਦੋਂ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ 17 ਅਗਸਤ ਦਿਨ ਸੋਮਵਾਰ ਨੂੰ ਸਵੇਰੇ 8 ਵਜੇ ਤੋਂ 1:30 ਵਜੇ ਤਕ ਸਮੂਹ ਨਗਰ ਨਿਵਾਸੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਤੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕਥਾ ਵਾਚਕ ਭਾਈ ਹਰਦੀਪ ਸਿੰਘ ਰਾਮ ਦਿਵਾਲੀ ਅੰਮ੍ਰਿਤਸਰ, ਹਜ਼ੂਰੀ ਰਾਗੀ ਭਾਈ ਗੁਰਜੀਤ ਸਿੰਘ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ ਜੀ ਡਰੋਲੀ ਕਲਾਂ, ਹਜ਼ੂਰੀ ਰਾਗੀ ਤਜਿੰਦਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਢਾਡੀ ਜੱਥਾ ਭਾਈ ਨਰਿੰਦਰ ਸਿੰਘ ਨਕੋਦਰ ਵਾਲਿਆ ਵਲੋਂ ਆਈਆਂ ਸੰਗਤ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਸਟੇਜ ਸਕੱਤਰ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵੱਲੋਂ ਨਿਭਾਈ ਜਾਵੇਗੀ। ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਜਾਵੇਗਾ।



# ਸਕੂਲ 'ਚ ਕ੍ਰਿਕਟ ਮੈਚ ਕਰਵਾਇਆ

**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਵਿੱਚ ਇੱਕ ਕ੍ਰਿਕਟ ਮੈਚ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੱਤਵੀਂ ਜਮਾਤ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਕ੍ਰਿਕਟ ਮੈਚ ਖੇਡਿਆ। ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ 47 ਦੌੜਾਂ ਨਾਲ ਮੈਚ ਜਿੱਤਿਆ। ਬੱਚਿਆਂ ਨੇ ਇਹ ਮੈਚ ਬਹੁਤ ਉਤਸ਼ਾਹ ਨਾਲ ਖੇਡਿਆ।ਮੈਨ ਆਫ਼ ਦ ਮੈਚ ਕੁਸ਼ ਭਾਰਦਵਾਜ ਰਿਹਾ।ਏਕਮਦੀਪ ਸਿੰਘ ਵਧੀਆ ਗੇਂਦਬਾਜ਼ ਰਿਹਾ। ਪ੍ਰਿੰਸੀਪਲ ਕੰਵਲਜੀਤ ਕੌਰ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਸਤਨਾਮ ਸਿੰਘ, ਪਲਵਿੰਦਰ ਕੌਰ, ਮਨਦੀਪ ਕੌਰ ਅਤੇ ਸਮੂਹ ਸਟਾਫ ਮੈਂਬਰ ਵੀ ਮੌਜੂਦ ਸਨ।



# ਨਸ਼ਾ ਵੇਚਣ ਵਾਲਿਆਂ ਦੀ ਪੂਰੀ ਜਾਣਕਾਰੀ ਹੋਣ 'ਤੇ ਵੀ ਕਾਰਵਾਈ ਕਿਉਂ ਨਹੀਂ : ਮਲਕੀਤ ਚੁੰਬਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਦੀ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਨਕੋਦਰ ਹਲਕੇ ਦੀ ਪ੍ਰਤੀਨਿਧਤਾ ਕਰਦੇ ਬੀਬੀ ਇੰਦਰਜੀਤ ਕੌਰ ਮਾਨ ਐਮ ਐੱਲ ਏ ਹਲਕਾ ਨਕੋਦਰ ਨਸ਼ਾ ਤਸਕਰਾਂ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲਿਆਂ 'ਤੇ ਪਰਚਾ ਦਰਜ ਕਰਨ ਦੀ ਬਜਾਏ ਪਬਲਿਕ ਦੀਆਂ ਮੀਟਿੰਗਾਂ ਵਿੱਚ ਭਾਸ਼ਨ ਦੇਣ ਨੂੰ ਤਰਜੀਹ ਕਿਉਂ ਦੇ ਰਹੇ ਹਨ, ਜਿਥੇ ਸ਼ਰੇਆਮ ਉਹ ਸਾਬਕਾ ਐਮ ਐਲ ਏ ਗੁਰਪ੍ਰਤਾਪ ਸਿੰਘ ਵਡਾਲਾ ਦਾ ਨਾ ਲੈ ਰਹੇ, ਕੀ ਮਜਬੂਰੀ ਹੈ। ਏਨੀ ਜਾਣਕਾਰੀ ਹੋਣ ਦੇ ਬਾਵਜੂਦ ਕੋਈ ਕਨੂੰਨੀ ਕਾਰਵਾਈ ਕਿਉਂ ਨਹੀਂ ਕਰਵਾਈ ਜਾ ਰਹੀ। ਕੀ ਮੈਡਮ ਬੀਬੀ ਇੰਦਰਜੀਤ ਕੌਰ ਮਾਨ ਦੇ ਖਿਲਾਫ ਗੁਰਪ੍ਰਤਾਪ ਸਿੰਘ ਵਡਾਲਾ ਕੋਲ ਕੋਈ ਸਬੂਤ ਤਾਂ ਨਹੀਂ ਹਨ ਕਿਉਂਕਿ ਬਡਾਲਾ ਸਾਹਿਬ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਆਪ ਐਮ ਐਲ ਏ ਨੇ ਡੋਡਿਆਂ ਦਾ ਟਰੱਕ ਛੁਡਾਉਣ ਬਦਲੇ 40 ਲੱਖ ਰੁਪਏ ਦੇ ਲੈਣ ਦੇਣ ਦੀ ਗੱਲ ਕਹੀ ਸੀ ਉਸ ਵਕਤ ਉਨ੍ਹਾਂ ਬੀਬੀ ਜੀ ਦਾ ਨਾਂਅ ਨਹੀਂ ਲਿਆ ਸੀ, ਪਰ ਜਿਸ ਤਰ੍ਹਾਂ ਹਰ ਰੋਜ਼ ਇੱਕ ਦੂਸਰੇ ਖਿਲਾਫ ਮੀਡੀਆ ਵਿੱਚ ਆ ਕੇ ਬਿਆਨ ਦਿੱਤੇ ਜਾ ਰਹੇ ਹਨ ਮੈਂ ਮੀਡੀਆ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੋਨਾਂ ਲੀਡਰਾਂ ਨੂੰ ਆਹਮਣੇ ਸਾਹਮਣੇ ਬੈਠ ਕੇ ਇਹਨਾਂ ਦੀ ਪੂਰੀ ਕੁੰਡਲੀ ਲੋਕ ਕਚਹਿਰੀ ਵਿੱਚ ਸਾਹਮਣੇ ਆਉਣੀ ਚਾਹੀਦੀ ਹੈ। ਇਨ੍ਹਾਂ ਦੋਨਾਂ ਲੀਡਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਮੀਡੀਆ ਸਾਹਮਣੇ ਇੱਕਠੇ ਬੈਠ ਕੇ ਇੱਕ ਦੂਸਰੇ ਦੀਆਂ ਗੱਲਾਂ ਦਾ ਜੁਆਬ ਦੇਣ।

# ਸੇਖੋਂ ਤੇ ਧਾਲੀਵਾਲ ਵੱਲੋਂ ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਨਿੰਦਾ

**ਚੰਡੀਗੜ੍ਹ (ਨ ਜ਼ ਸ)**: ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਤੇ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਸਾਬਕਾ ਉੱਪ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨ 'ਤੇ ਕਿਸੇ ਸਿਆਸੀ ਆਗੂ 'ਤੇ ਕੀਤੇ ਅਜਿਹੇ ਹਮਲੇ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦੋਵਾਂ ਕਮਿਊਨਿਸਟ ਆਗੂਆਂ ਨੇ ਕਿਹਾ ਕਿ ਗੁਰੂਘਰ 'ਚ ਕੀਤੇ ਗਏ ਇਸ ਹਮਲੇ ਦੀ ਸਮੁੱਚੇ ਤੌਰ 'ਤੇ ਨਿੰਦਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਸ ਪਾਵਨ ਪਵਿੱਤਰ ਅਸਥਾਨ 'ਤੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ, ਉਸ ਅਸਥਾਨ 'ਤੇ ਅਜਿਹਾ ਹਮਲਾ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਵਿੱਚ ਵਾਧਾ ਕਰਦਾ ਹੈ ਅਤੇ ਸੁਰੱਖਿਆ ਫੋਰਸਾਂ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਆਗੂਆਂ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਜਿਹੇ ਹਮਲੇ ਰੋਕਣ ਲਈ ਸੁਰੱਖਿਆ ਦੇ ਠੋਸ ਉਪਰਾਲੇ ਕਰਨੇ ਚਾਹੀਦੇ ਹਨ।

# ਅਗਨੀਵੀਰ ਭਰਤੀ ਰੈਲੀ ਸੰਬੰਧੀ ਮੀਟਿੰਗ

**ਜਲੰਧਰ (ਇਕਬਾਲ ਸਿੰਘ ਉਭੀ)**- ਡਿਪਟੀ ਡਾਇਰੈਕਟਰ, ਜ਼ਿਲ੍ਹਾ ਬਿਊਰੋ ਆਫ਼ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਨੀਲਮ ਮਹੇ ਨੇ ਦੱਸਿਆ ਕਿ ਅਗਨੀਵੀਰ ਭਰਤੀ ਰੈਲੀ-2026 ਸਬੰਧੀ ਜਲੰਧਰ ਕੈਂਟ ਤੋਂ ਆਰਮੀ ਰਿਕਰੂਟਿੰਗ ਅਫਸਰ ਕਰਨਲ ਰਸ਼ਮੀ ਨਰਾਇਣ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਉਨ੍ਹਾਂ ਵੱਲੋਂ ਜਲੰਧਰ ਵਿਖੇ ਚਾਰਜ ਸੰਭਾਲਿਆ ਗਿਆ ਹੈ ਸੋ ਕਿ ਇੰਡੀਅਨ ਆਰਮੀ ਵਿੱਚ ਮਹਿਲਾ ਅਫਸਰਾਂ ਦੇ ਉਸ ਪਹਿਲੇ ਬੈਚ ਵਿੱਚੋਂ ਹਨ, ਜਿਨ੍ਹਾਂ ਨੂੰ ਆਰਮੀ ਵਿੱਚ ਸਥਾਈ ਕਮਿਸ਼ਨ ਪ੍ਰਾਪਤ ਹੈ, ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਆਰਮੀ ਰਿਕਰੂਟਿੰਗ ਅਫ਼ਸਰ ਕਰਨਲ ਰਸ਼ਮੀ ਨਰਾਇਣ ਆਰਮੀ ਵਿੱਚ ਹੁਣ ਤੱਕ ਆਪਣਾ 22 ਸਾਲਾਂ ਦੇ ਤਜ਼ਰਬੇ ਦਾ ਸਫ਼ਰ ਤੈਅ ਕਰ ਚੁੱਕੇ ਹਨ। ਡਿਪਟੀ ਡਾਇਰੈਕਟਰ ਮਹੇ ਨੇ ਦੱਸਿਆ ਕਿ ਇਸ ਸਾਲ ਅਗਨੀਵੀਰ ਭਰਤੀ ਰੈਲੀ ਮਹੀਨਾ ਨਵੰਬਰ-2026 ਦੌਰਾਨ ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ, ਜਲੰਧਰ ਵਿਖੇ ਹੋਵੇਗੀ, ਜਿਸ ਬਾਬਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਕਾਲਜ ਦੇ ਪ੍ਰਿੰਸੀਪਲ ਨੂੰ ਬਕਾਇਦਾ ਸੂਚਿਤ ਕੀਤਾ ਜਾ ਚੁੱਕਾ ਹੈ। ਆਰਮੀ ਰਿਕਰੂਟਿੰਗ ਅਫਸਰ ਦੁਆਰਾ ਇਸ ਰੈਲੀ ਦੇ ਆਯੋਜਨ ਲਈ ਕੀਤੇ ਜਾਣ ਵਾਲੇ ਵੱਖ-ਵੱਖ ਪ੍ਰਬੰਧਾਂ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਾਸੋਂ ਲੋੜੀਂਦੇ ਸਹਿਯੋਗ ਦੀ ਮੰਗ ਕੀਤੀ ਅਤੇ ਰੋਜ਼ਗਾਰ ਬਿਊਰੋ ਦੁਆਰਾ ਆਰਮੀ ਅਧਿਕਾਰੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਤੇ ਕਰਨਲ ਵਿਪਲੋਵ ਵੀ ਮੌਜੂਦ ਸਨ।



# ਚੌਂਕੀ ਇੰਚਾਰਜ ਨੇ ਚਾਰਜ ਸੰਭਾਲਿਆ

**ਦੁਸਾਂਝ ਕਲਾਂ (ਸੁਰਿੰਦਰਪਾਲ ਕੁੱਕੂ)**- ਥਾਣਾ ਗੋਰਾਇਆ ਅਧੀਨ ਪੈਂਦੀ ਪਿੰਡ ਦੁਸਾਂਝ ਕਲਾਂ ਪੁਲਸ ਚੌਕੀ ਦੇ ਇੰਚਾਰਜ ਜੀਵਨ ਕੁਮਾਰ ਦੇ ਬਦਲ ਜਾਣ ਕਾਰਨ ਉਨ੍ਹਾਂ ਦੀ ਥਾਂ ਆਏ ਸਬ- ਇੰਸਪੈਕਟਰ ਰਜਿੰਦਰ ਕੁਮਾਰ ਨੇ ਚੌਂਕੀ ਦਾ ਕਾਰਜਭਾਗ ਸੰਭਾਲਿਆ। ਚਾਰਜ ਸੰਭਾਲਣ ਉਪਰੰਤ ਉਨ੍ਹਾਂ ਨੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਨਾਲ ਕਿਹਾ ਤੇ ਪਿੰਡਾਂ ਦੇ ਮੋਹਤਬਰਾਂ ਤੇ ਆਮ ਲੋਕਾਂ ਨੂੰ ਅਪੀਲ ਕੀਤੀ, ਕਿ ਉਹ ਪੁਲਿਸ ਦਾ ਸਹਿਯੋਗ ਕਰਨ ਤਾਂ ਜੋ ਇਲਾਕੇ ਵਿੱਚ ਅਮਨ-ਸਾਂਤੀ ਬਹਾਲ ਰਹਿ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਲੜਬਾਜਾਂ ਬੁੱਲਟ ਮੋਟਰਸਾਈਕਲ ਦੇ ਪਟਾਕੇ ਵਜਾ ਕੇ ਮਾਹੌਲ ਖਰਾਬ ਕਰਨ ਵਾਲੇ ਅਨਸਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



# ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਯੂਥ ਵਿੰਗ ਪ੍ਰਧਾਨ ਨੇ ਕੀਤੀ ਨਿੰਦਾ

**ਆਦਮਪੁਰ (ਪਰਮਜੀਤ ਸਿੰਘ)**- ਤਰੁਨਵੀਰ ਸਿੰਘ ਯੂਥ ਵਿੰਗ ਪ੍ਰਧਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਉੱਤੇ ਨਾਂਦੇੜ ਵਿਖੇ ਗੁਰਦੁਆਰਾ ਸਾਹਿਬ ਮਾਤਾ ਸਾਹਿਬ ਦੇਵਾ ਦੇ ਕੰਪਲੈਕਸ ਅੰਦਰ ਹਮਲੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੁਨੀਆ ਤੋਂ ਸਿੱਖ ਸੰਗਤ ਗੁਰਦੁਆਰਾ ਸਾਹਿਬਾਨ ਵਿਖੇ ਨਤਮਸਤਕ ਹੋਣ ਆਉਂਦੀ ਹੈ ਜਿੱਥੋਂ ਸਰਬਤ ਦੇ ਭਲੇ ਦਾ ਅਰਦਾਸ ਕੀਤੀ ਜਾਂਦੀ ਹੈ ਅਤੇ ਅਜਿਹੀ ਥਾਂ ਉੱਤੇ ਇਸ ਤਰ੍ਹਾਂ ਦੀ ਘਟਨਾ ਹੋਣੀ ਬਹੁਤ ਹੀ ਮੰਦਭਾਗਾ ਵਰਤਾਰਾ ਹੈ।ਤਰੁਨਵੀਰ ਸਿੰਘ ਯੂਥ ਵਿੰਗ ਪ੍ਰਧਾਨ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਆਪਣੇ ਪਰਵਾਰ ਸਮੇਤ ਸ਼ਰਧਾਲੂ ਸਿੱਖ ਵਜੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵਿਖੇ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਹੋਏ ਹਨ, ਜਿੱਥੇ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਬਖ਼ਸ਼ਿਆ ਗਿਆ, ਪਰੰਤੂ ਕਿਸੇ ਸ਼ਰਾਰਤੀ ਵਿਅਕਤੀ ਵੱਲੋਂ ਉਨ੍ਹਾਂ ਉੱਤੇ ਗੁਰਦੁਆਰਾ ਸਾਹਿਬ ਮਾਤਾ ਸਾਹਿਬ ਦੇਵਾਂ ਜੀ ਦੇ ਕੰਪਲੈਕਸ ਵਿੱਚ ਹਮਲਾ ਕਰਨਾ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਜਿਹੀ ਘਟਨਾ ਨਾਲ ਜਿੱਥੇ ਗੁਰਦੁਆਰਾ ਸਾਹਿਬਾਨ ਦੇ ਮਾਣ ਸਤਿਕਾਰ ਨੂੰ ਠੇਸ ਪੁੱਜਦੀ ਹੈ ਉੱਥੇ ਹੀ ਸਮੁੱਚੀ ਸਿੱਖ ਕੌਮ ਦੇ ਅਕਸ ਨੂੰ ਭਾਰੀ ਸੱਟ ਵੱਜਦੀ ਹੈ।



# ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਦੇ ਰੋਸ ਮਾਰਚ 'ਚ ਨੌਜਵਾਨ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨਗੇ : ਮੌਜੀਪੁਰ

**ਗੜ੍ਹਸ਼ੰਕਰ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇਨਸਾਫ ਮੋਰਚਾ ਮੋਹਾਲੀ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਵੱਲੋਂ ਜੋ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਦੀਆਂ ਪੈਰੋਲ 'ਤੇ ਰਿਹਾਅ ਕਰਵਾਉਣ ਅਤੇ ਦੂਸਰੇ ਬੰਦੀ ਸਿੰਘਾਂ ਦੀ ਰਿਹਾਈ ਲਈ 15 ਅਗਸਤ ਦੇ ਦਿਹਾੜੇ ਵਾਲੇ ਦਿਨ ਗਵਰਨਰ ਹਾਊਸ ਪੰਜਾਬ ਵੱਲ ਅਮਨਮਈ ਅਤੇ ਜਮਹੂਰੀਅਤ ਢੰਗ ਨਾਲ ਵੱਡਾ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ ਜਿਸ ਵਿੱਚ ਸੰਗਤ ਵੱਡੀ ਪੱਧਰ 'ਤੇ ਸ਼ਮੂਲੀਅਤ ਕਰੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੁਲਵੀਰ ਸਿੰਘ ਮੌਜੀਪੁਰ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਇਹ ਹਾਰਦਿਕ ਅਰਜੋਈ ਹੈ ਕਿ ਇਸ ਕੌਮੀ ਮਿਸ਼ਨ ਨੂੰ ਪੂਰਨ ਰੂਪ ਵਿਚ ਸਫ਼ਲ ਬਣਾਉਣ ਹਿੱਤ ਪਾਰਟੀ ਆਹੁਦੇਦਾਰ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਆਪੋ ਆਪਣੇ ਇਲਾਕਿਆਂ ਵਿੱਚੋਂ ਸੰਗਤ ਨੂੰ ਨਾਲ ਲੈ ਕੇ ਉਪਰੋਕਤ 15 ਅਗਸਤ ਦੇ ਚੰਡੀਗੜ੍ਹ ਵਿਖੇ ਹੋਣ ਵਾਲੇ ਰੋਸ ਮਾਰਚ ਵਿਚ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨ ਅਤੇ ਸਰਕਾਰ ਨੂੰ ਪ੍ਰਭਾਵਸ਼ਾਲੀ ਇਕੱਠ ਰਾਹੀਂ ਮਜਬੂਰ ਕਰ ਸਕੀਏ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ।



# ਕੈਬਨਿਟ ਮੰਤਰੀ ਵੱਲੋਂ 53 ਲੱਖ ਤੋਂ ਵੱਧ ਦੇ ਵਿਕਾਸ ਕੰਮਾਂ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਬਸਤੀ ਬਾਵਾ ਖੇਲ ਇਲਾਕੇ 'ਚ 53.9 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ।

ਇਨ੍ਹਾਂ ਵਿਕਾਸ ਕਾਰਜਾਂ ਵਿੱਚ 23.82 ਲੱਖ ਰੁਪਏ ਦੀ ਲਾਗਤ ਨਾਲ ਕਟਹਿਰਾ ਮੁਹੱਲਾ, ਬਸਤੀ ਬਾਵਾ ਖੇਲ ਦੇ ਸ਼ਮਸ਼ਾਨ ਘਾਟ ਦੇ ਨਵੀਨੀਕਰਨ ਦੇ ਕੰਮ, ਆਰੀਆ ਸਮਾਜ ਵੇਦ ਮੰਦਿਰ/ਧਰਮਸ਼ਾਲਾ, ਬਸਤੀ ਬਾਵਾ ਖੇਲ ਵਿਖੇ 15.10 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ ਦੀ ਉਸਾਰੀ ਅਤੇ ਰਾਜ ਨਗਰ ਦੇ ਰਾਮ ਲੀਲਾ ਗਰਾਊਂਡ ਵਿਖੇ 14.98 ਲੱਖ ਰੁਪਏ ਦੀ ਲਾਗਤ ਨਾਲ ਸਟੇਜ ਦਾ ਨਿਰਮਾਣ ਸ਼ਾਮਲ ਹੈ।



ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਦੇਣ ਦੇ ਨਾਲ-ਨਾਲ ਇਲਾਕਿਆਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ 'ਤੇ ਜ਼ੋਰ ਦੇ ਰਹੀ ਹੈ।

ਭਗਤ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਜ਼ ਦੀ ਕੋਈ ਘਾਟ ਨਹੀਂ ਹੈ ਅਤੇ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਪ੍ਰਵਾਨਗੀ ਦੇ ਕੇ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਜਾਇੰਟ ਫਰੰਟ ਦੇ ਵਫ਼ਦ ਦੀ ਵਿੱਤ ਮੰਤਰੀ ਨਾਲ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿਵਲ ਸਕੱਤਰੇਤ ਪੰਜਾਬ ਚੰਡੀਗੜ੍ਹ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਫ਼ਤਰ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਚਾਰ ਕਨਵੀਨਰਾਂ ਕਰਮਵਾਰ ਕਰਮ ਸਿੰਘ ਧਨੋਆ, ਹਰਭਜਨ ਸਿੰਘ ਗਿੱਲ, ਅਵਿਨਾਸ਼ ਚੰਦਰ ਸ਼ਰਮਾ, ਸੁਖਵਿੰਦਰ ਸਿੰਘ ਸੈਣੀ ਅਧਾਰਤ ਵਫਦ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਦੇ ਹੱਲ ਲਈ ਦਿੱਤੇ ਸਮੇਂ ਅਨੁਸਾਰ ਮੀਟਿੰਗ ਕੀਤੀ। ਗੱਲਬਾਤ ਦੌਰਾਨ ਮੰਗ ਪੱਤਰ ਵਿੱਚ ਦਰਜ ਸਾਰੀਆਂ ਮੰਗਾਂ ਤੇ ਇੱਕ ਇੱਕ ਕਰਕੇ ਵਿਚਾਰ ਚਰਚਾ ਹੋਈ।ਉਪਰੰਤ ਕਨਵੀਨਰਾਂ ਨੇ ਗੱਲਬਾਤ ਦੇ ਸ਼ੁਰੂ ਵਿੱਚ ਕਿਹਾ ਕਿ ਤਨਖਾਹ ਕਮਿਸ਼ਨ ਨੇ 2.59 ਸਿਫਾਰਿਸ਼ ਕੀਤੀ ਹੋਈ ਹੈ ਅਤੇ ਇਹ ਸਾਡਾ ਹੱਕ ਹੈ ਅਤੇ ਪੈਨਸ਼ਨਰਾਂ ਤੇ 6ਵਾਂ ਤਨਖਾਹ ਕਮਿਸ਼ਨ ਸਰਕਾਰ ਵੱਲੋਂ ਲਾਗੂ ਨਾ ਕਰਨ ਤੇ ਰੋਸ ਪ੍ਰਗਟ ਕੀਤਾ ਗਿਆ। ਉਹਨਾਂ ਦੱਸਿਆ ਕਿ 1-1- 2016 ਤੋਂ ਬਾਅਦ ਰਿਟਾਇਰ ਹੋਏ ਮੁਲਾਜ਼ਮਾਂ ਦੀ ਤਨਖਾਹ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਨਾਲ ਫਿਕਸ ਹੋਈ ਸੀ। ਇਸ ਤਰ੍ਹਾਂ ਉਨ੍ਹਾਂ ਦੀ ਤਨਖਾਹ 2.59 ਦੇ ਗੁਣਾਂਕ ਨਾਲ ਫਿਕਸ ਹੋਣ ਤੇ ਕਾਫੀ ਵਧ ਗਈ ਸੀ। ਇਸ ਤਰ੍ਹਾਂ ਜੂਨੀਅਰ ਪੈਨਸ਼ਨਰਾਂ ਦੀ ਪੈਨਸ਼ਨ ਸੀਨੀਅਰ ਪੈਨਸ਼ਨਰਾਂ ਨਾਲੋਂ ਵੱਧ ਫਿਕਸ ਹੋ ਚੁੱਕੀ ਹੈ। ਜਦੋਂ ਕਿ ਸੀਨੀਅਰ ਪੈਨਸ਼ਨਰਾਂ ਦੀ ਪੈਨਸ਼ਨ 2.45 ਦੇ ਗੁਣਾਕ ਨਾਲ ਫਿਕਸ ਹੋਣ ਨਾਲ ਆਰਥਿਕ ਨੁਕਸਾਨ ਹੋ ਰਿਹਾ ਹੈ। ਆਗੂਆਂ ਕਿਹਾ ਕਿ 2.59 ਸਾਡੀ ਭਖਮੀ ਮੰਗ ਹੈ ਅਤੇ 2.59 ਦੇ ਗੁਣਾਂਕ ਨਾਲ ਪੈਨਸ਼ਨ ਵਿੱਚ ਸੋਧ ਕਰਕੇ ਲਾਗੂ ਕਰਨੀ ਬਨਦੀ ਹੈ।ਪਰ ਸਰਕਾਰ ਵਲੋਂ ਅਜਿਹਾ ਨਹੀਂ ਕੀਤਾ ਗਿਆ।ਆਗੂਆਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਲਾਗੂ ਕੀਤਾ ਜਾਵੇ। ਵਿੱਤ ਮੰਤਰੀ ਜੀ ਨੇ ਵਫਦ ਨੂੰ ਵਿਸ਼ਵਾਸ਼ ਦਵਾਇਆ ਕਿ ਸਾਡੀ ਸਰਕਾਰ ਪੱਧਰ ਤੇ ਗੱਲ ਚੱਲ ਰਹੀ ਹੈ, ਜਲਦੀ ਹੀ ਇੱਕ ਮੀਟਿੰਗ ਕਰਨ ਜਾ ਰਹੇ ਹਾਂ। ਇਸ ਮੌਕੇ ਵਫਦ ਵਿੱਚ ਕਨਵੀਨਰਾਂ ਤੋਂ ਇਲਾਵਾ ਕੰਨਫੈਡਰੇਸ਼ਨ ਵਲੋਂ ਬਲਵੀਰ ਸਿੰਘ ਸੈਣੀ, ਗੁਰਦੀਪ ਸਿੰਘ ਵਾਲੀਆਂ, ਗੁਰਮੀਤ ਸਿੰਘ ਟਿਵਾਣਾ, ਮੰਗਤ ਖਾਨ, ਪੀ ਐਸ ਪੀ ਸੀ ਐਲ ਤੋਂ ਕਸਤੂਰੀ ਲਾਲ, ਦੇਵ ਰਾਜ, ਪੰਜਾਬ ਪੁਲਿਸ ਐਸੋਸੀਏਸ਼ਨ ਵਲੋਂ ਕਰਨੈਲ ਸਿੰਘ, ਨਾਹਰ ਸਿੰਘ ਅਤੇ ਪੰਜਾਬ ਗੌਰਮਿੰਟ ਪੈਨਸਨਰ ਐਸੋਸੀਏਸ਼ਨ ਵਲੋਂ ਸੁੱਖਮੰਦਰ ਸਿੰਘ ਸਿੰਘ, ਸੁਰਿੰਦਰ ਰਾਮ ਕੁੱਸਾ ਸ਼ਾਮਲ ਹੋਏ।

# ਲਕਸ਼ਮਣ ਸ਼ਰਮਾ ਪੰਜਾਬ ਯੂਥ ਫਰੰਟ ਦੇ ਇੰਚਾਰਜ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੰਡੀਅਨ ਹਿਊਮਨ ਰਾਈਟਸ ਫੈਡਰੇਸ਼ਨ ਨੇ ਲਕਸ਼ਮਣ ਸ਼ਰਮਾ ਨੂੰ ਪੰਜਾਬ ਯੂਥ ਫਰੰਟ ਇੰਚਾਰਜ ਨਿਯੁਕਤ ਕਰਕੇ ਸੰਗਠਨ ਨੂੰ ਹੋਰ ਮਜ਼ਬੂਤ ?ਕਰਨ ਲਈ ਇੱਕ ਮਹੱਤਵਪੂਰਨ ਨਿਯੁਕਤੀ ਕੀਤੀ। ਇਸ ਮੌਕੇ 'ਤੇ ਸੂਬਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਅਮਰ ਸਿੰਘ ਚੱਕ ਨੇ ਲਕਸ਼ਮਣ ਸ਼ਰਮਾ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ।ਅਧਿਕਾਰੀਆਂ ਨੇ ਉਮੀਦ ਪ੍ਰਗਟ ਕੀਤੀ ਕਿ ਲਕਸ਼ਮਣ ਸ਼ਰਮਾ ਨੌਜਵਾਨਾਂ ਨੂੰ ਸੰਗਠਨ ਨਾਲ ਜੋੜਨ, ਨੌਜਵਾਨਾਂ ਦੇ ਮੁੱਦਿਆਂ ਨੂੰ ਉਜਾਗਰ ਕਰਨ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਸੰਗਠਨ ਅਤੇ ਸਮਾਜ ਦੀ ਤਾਕਤ ਹੁੰਦੇ ਹਨ। ਨੌਜਵਾਨਾਂ ਦੀ ਭਾਗੀਦਾਰੀ ਰਾਹੀਂ ਮਨੁੱਖੀ ਅਧਿਕਾਰਾਂ ਦੀ ਆਵਾਜ਼ ਹਰ ਪਿੰਡ ਅਤੇ ਹਰ ਘਰ ਤੱਕ ਫੈਲਾਈ ਜਾ ਸਕਦੀ ਹੈ।




# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਲਹਿਰਾਉਣਗੇ ਕੌਮੀ ਝੰਡਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਆਜ਼ਾਦੀ ਦਿਵਸ ਮੌਕੇ 15 ਅਗਸਤ ਨੂੰ ਸਥਾਨਕ ਪੁਲਿਸ ਲਾਈਨ ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਕੌਮੀ ਝੰਡਾ ਲਹਿਰਾਉਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪੱਧਰੀ ਸਮਾਗਮ ਸਬੰਧੀ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲੈਣ ਉਪਰੰਤ ਦਿੱਤੀ। ਇਸ ਮੌਕੇ ਉਨ੍ਹਾਂ ਦੇ ਨਾਲ ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਫੁੱਲ ਡਰੈੱਸ ਰਿਹਰਸਲ ਦੌਰਾਨ ਕੌਮੀ ਝੰਡਾ ਲਹਿਰਾਉਣ ਉਪਰੰਤ ਪਰੇਡ ਦਾ ਨਿਰੀਖਣ ਕੀਤਾ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਮਾਸ ਪੀ.ਟੀ. ਸ਼ੋਅ, ਸੱਭਿਆਚਾਰਕ ਅਤੇ ਦੇਸ਼ ਭਗਤੀ ਦੇ ਪ੍ਰੋਗਰਾਮ ਦੇ ਨਾਲ-ਨਾਲ ਗਿੱਧਾ-ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੇਸ਼ ਭਗਤੀ ਦਾ ਜਜ਼ਬਾ ਝਲਕ ਰਿਹਾ ਸੀ, ਜਿਸ ਦੀ ਭਰਪੂਰ ਸ਼ਲਾਘਾ ਕੀਤੀ ਗਈ।



# ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਬੀ ਐਡ ਸਮੈਸਟਰ-4 ਦੇ ਨਤੀਜਿਆਂ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)** ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਅਧੀਨ ਸੀਟੀ ਕਾਲਜ ਆਫ਼ ਐਜੂਕੇਸ਼ਨ, ਮਕਸੂਦਾਂ, ਜਲੰਧਰ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਕਰਵਾਈਆਂ ਬੀ.ਐਡ. (ਸੈਸ਼ਨ 2024-26) ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਯੂਨੀਵਰਸਿਟੀ ਪੱਧਰ 'ਤੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ।ਸੰਸਥਾ ਦੀ ਵਿਦਿਆਰਥਣ ਗਰਿਮਾ ਨੇ 8.60 ਸੀ ਜੀ ਪੀ ਏ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਚੌਥਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਵੰਸ਼ਿਕਾ ਨੇ 8.38 ਸੀ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ 14ਵਾਂ ਸਥਾਨ ਪ੍ਰਾਪਤ ਕਰਕੇ ਸੰਸਥਾ ਦੀਆਂ ਅਕਾਦਮਿਕ ਪ੍ਰਾਪਤੀਆਂ ਵਿੱਚ ਇੱਕ ਹੋਰ ਮਾਨਮੱਤਾ ਅਧਿਆਇ ਜੋੜਿਆ।ਦੋਵਾਂ ਵਿਦਿਆਰਥਣਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਸੀਟੀ ਗਰੁੱਪ ਦੇ ਨਾਲ-ਨਾਲ ਜਲੰਧਰ ਦਾ ਵੀ ਮਾਣ ਵਧਿਆ ਹੈ। ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਮਕਸੂਦਾਂ ਦੇ ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ ਨੇ ਵਿਦਿਆਰਥਣਾਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ, ਇਹ ਪ੍ਰਾਪਤੀਆਂ ਸਾਡੇ ਕੈਂਪਸ ਵਿੱਚ ਮੌਜੂਦ ਉੱਤਮ ਅਕਾਦਮਿਕ ਮਾਹੌਲ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਾਂਝੇ ਯਤਨਾਂ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਨਤੀਜੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਭਵਿੱਖ ਵਿੱਚ ਹੋਰ ਬਿਹਤਰ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦੇ ਹਨ।



# ਸੁਖਬੀਰ ਬਾਦਲ 'ਤੇ ਹੋਇਆ ਜਾਨਲੇਵਾ ਹਮਲਾ ਨਿੰਦਣਯੋਗ: ਮੋਮੀ, ਜੌਹਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਪਵਿੱਤਰ ਧਰਤੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਜੋ ਜਾਨਲੇਵਾ ਹਮਲਾ ਹੋਇਆ ਉਸ ਦੀ ਸਖਤ ਸ਼ਬਦਾਂ ਦੇ ਵਿੱਚ ਜਿੱਥੇ ਨਿੰਦਿਆ ਕਰਦੇ ਹਾਂ ਉੱਥੇ ਸਰਕਾਰ ਨੂੰ ਅਪੀਲ ਕਰਦੇ ਆਂ ਕਿ ਇਸ ਸਾਰੀ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ ,ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਜੌਹਲ ਨੇ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਇੱਕ ਵਰਕਰ ਸੁਖਬੀਰ ਸਿੰਘ ਬਾਦਲ ਨਾਲ ਚਟਾਨ ਵਾਂਗ ਖੜਾ ਹੈ। ਉਹਨਾਂ ਗੁਰੂ ਚਰਨਾਂ ਵਿਚ ਸੁਖਬੀਰ ਬਾਦਲ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਿਆਂ ਕਿਹਾ ਕਿ ਜਦੋਂ ਪਹਿਲਾਂ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਾ ਸਾਹਿਬ ਦੀ ਪਾਲਣਾ ਕਰਦਿਆਂ ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾ ਰਹੇ ਸੀ ਉਦੋਂ ਵੀ ਉਹਨਾਂ ਤੇ ਜਾਨਲੇਵਾ ਹਮਲਾ ਹੋਇਆ ਸੀ। ਸਮੁੱਚਾ ਸ਼੍ਰੋਮਣੀ ਅਕਾਲੀ ਦਲ ਦਾ ਵਰਕਰ ਜਿੱਥੇ ਸੁਖਬੀਰ ਸਿੰਘ ਬਾਦਲ ਦੀ ਤੰਦਰੁਸਤੀ ਦੀ ਅਰਦਾਸ ਕਰਦਾ ਉੱਥੇ ਉਹਨਾਂ ਦੀ ਚੜ੍ਹਦੀ ਹਮੇਸ਼ਾ ਚੜ੍ਹਦੀ ਕਲਾ ਦੀ ਕਾਮਨਾ ਵੀ ਕਰਦਾ ਹੈ।



# ਸਵੱਛ ਭਾਰਤ ਅਭਿਆਨ ਮਨਾਇਆ

**ਫਿਲੌਰ (ਨਿਰਮਲ)**- ਸਵੱਛ ਭਾਰਤ ਅਭਿਆਨ ਤਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਟੀਮ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਲਈ ਨਵੇਂ ਬਾਥਰੂਮ ਮੁਹੱਈਆ ਕਰਵਾਉਣ ਸਬੰਧੀ ਕਾਲਜ ਕੈਂਪਸ ਵਿੱਚ ਢੁੱਕਵੀਂ ਜਗ੍ਹਾ ਦਾ ਨਿਰੀਖਣ ਕਰਕੇ ਲੋੜੀਂਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਦੇ ਓ ਐੱਸ ਡੀ ਡਾ. ਰਾਜਵਿੰਦਰ ਕੌਰ ਹੁੰਦਲ ਵੱਲੋਂ ਯੂਨੀਵਰਸਿਟੀ ਦੀ ਟੀਮ ਦਾ ਨਿੱਘਾ ਸੁਆਗਤ ਕੀਤਾ ਗਿਆ ਅਤੇ ਆਏ ਹੋਏ ਮਹਿਮਾਨਾਂ ਦੀ ਸੁਚੱਜੇ ਢੰਗ ਨਾਲ ਮਹਿਮਾਨ ਨਿਵਾਜ਼ੀ ਕੀਤੀ ਗਈ। ਉਨ੍ਹਾਂ ਨੇ ਟੀਮ ਨੂੰ ਕਾਲਜ ਕੈਂਪਸ ਦਾ ਦੌਰਾ ਕਰਵਾਇਆ ਅਤੇ ਵਿਦਿਆਰਥੀਆਂ ਦੀਆਂ ਸਹੂਲਤਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ।ਡਾ. ਰਾਜਵਿੰਦਰ ਕੌਰ ਹੁੰਦਲ ਨੇ ਯੂਨੀਵਰਸਿਟੀ ਦੀ ਟੀਮ ਨੂੰ ਵਿਸ਼ਵਾਸ ਦਿਵਾਇਆ ਕਿ ਕਾਲਜ ਵਿੱਚ ਯੂਨੀਵਰਸਿਟੀ ਵੱਲੋਂ ਕਰਵਾਇਆ ਜਾ ਰਿਹਾ ਇਹ ਕੰਮ ਉਨ੍ਹਾਂ ਦੀ ਦੇਖ-ਰੇਖ ਹੇਠ ਨਿਰਪੱਖ, ਪਾਰਦਰਸ਼ੀ ਅਤੇ ਸਹੀ ਢੰਗ ਨਾਲ ਪੂਰਾ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਿਹਤ, ਸੁਰੱਖਿਆ ਅਤੇ ਸਾਫ਼-ਸੁਥਰੇ ਵਾਤਾਵਰਣ ਨੂੰ ਕਾਲਜ ਪ੍ਰਸ਼ਾਸਨ ਵੱਲੋਂ ਹਮੇਸ਼ਾ ਪਹਿਲ ਦਿੱਤੀ ਜਾਂਦੀ ਹੈ।ਦੌਰੇ ਦੌਰਾਨ ਨਵੇਂ ਬਾਥਰੂਮਾਂ ਦੀ ਉਸਾਰੀ ਲਈ ਢੁੱਕਵੀਂ ਜਗ੍ਹਾ ਵੀ ਤੈਅ ਕੀਤੀ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਜੀ ਦੇ ਓ ਐੱਸ ਡੀ ਡਾ. ਹਰਇਕਬਾਲ ਸਿੰਘ, ਐਕਸੀਅਨ ਡਾ. ਮਨਿੰਦਰਪਾਲ ਸਿੰਘ ਅਤੇ ਇੰਜੀਨੀਅਰ ਅਨਮੋਲ ਵੱਲੋਂ ਕਾਲਜ ਦੀਆਂ ਵੱਖ-ਵੱਖ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦਾ ਨਿਰੀਖਣ ਕੀਤਾ ਗਿਆ।



# ਟਰਮੀਨੇਸ਼ਨ ਬਾਰੇ ਭੇਜੇ ਸ਼ੋ ਕਾਜ਼ ਨੋਟਿਸ ਰੱਦ ਕਰਨ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਰੀਕਾਸਟ ਸੂਚੀਆਂ ਪ੍ਰਭਾਵਿਤ ਅਧਿਆਪਕ ਫਰੰਟ ਦੇ ਦਿੱਤੇ ਸੱਦੇ ਤਹਿਤ ਜ਼ਿਲ੍ਹਾ ਜਲੰਧਰ ਦੇ ਅਧਿਆਪਕਾਂ ਵੱਲੋਂ ਇੱਕਤਰ ਹੋ ਕੇ ਡੀ ਸੀ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ 4161 ਮਾਸਟਰ ਕਾਡਰ ਆਗੂ ਕ੍ਰਿਸ਼ਨ ਸਿੰਘ ਅਤੇ 6635 ਈ ਟੀ ਟੀ ਕਾਡਰ ਆਗੂ ਰਤਨਦੀਪ ਨੇ ਦੱਸਿਆ ਕਿ ਵਿਭਾਗੀ /ਦਫ਼ਤਰੀ ਗਲਤੀਆਂ ਕਾਰਨ ਪੰਜਾਬ ਸਕੂਲ ਸਿੱਖਿਆ ਵਿਭਾਗ, ਪੰਜਾਬ ਅਧੀਨ ਪਿਛਲੇ ਸਮੇਂ ਵਿੱਚ ਹੋਈਆਂ ਵੱਖ-ਵੱਖ ਭਰਤੀਆਂ (4161 ਮਾਸਟਰ ਕਾਡਰ, 2392 ਮਾਸਟਰ ਕਾਡਰ, 6635 ਈਟੀਟੀ ਕਾਡਰ, 3704 ਮਾਸਟਰ ਕਾਡਰ ) ਦੀਆਂ ਸਿਲੈਕਸ਼ਨ ਸੂਚੀਆਂ ਦਫ਼ਤਰੀ /ਵਿਭਾਗੀ ਗਲਤੀਆਂ ਕਾਰਨ ਵੱਖ-ਵੱਖ ਅਧਾਰ (ਈ ਡਬਲਯੂ ਐਸ ਦੀ ਰਿਜਰਵੇਸ਼ਨ ਵੰਡ ਸਹੀ ਨਾ ਹੋਣ ਕਰਕੇ) ਬਣਾ ਕੇ ਰੀਕਾਸਟ ਕੀਤੀਆਂ ਗਈਆਂ ਹਨ। ਜਿਸ ਦੇ ਤਹਿਤ ਲੰਮੇਂ ਸਮੇਂ ਤੋਂ ਆਪਣੇ-ਆਪਣੇ ਸਕੂਲਾਂ ਵਿੱਚ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ ਨੂੰ ਸਿਲੈਕਸ਼ਨ ਜੋਨ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਟਰਮੀਨੇਸ਼ਨ ਸੰਬੰਧੀ ਸ਼ੋਕਾਜ ਨੋਟਿਸ ਜਾਰੀ ਕੀਤੇ ਗਏ ਹਨ।ਆਗੂ ਕ੍ਰਿਸ਼ਨ ਸਿੰਘ ਨੇ ਮੰਗ ਕੀਤੀ ਕਿ ਟਰਮੀਨੇਸ਼ਨ ਸੰਬੰਧੀ ਭੇਜੇ ਸ਼ੋਕਾਜ ਨੋਟਿਸ ਤੁਰੰਤ ਵਾਪਸ ਲੈ ਕੇ ਇਹਨਾਂ ਅਧਿਆਪਕਾਂ ਦਾ ਭਵਿੱਖ ਪੂਰਨ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇ। ਨੋਟਿਸ ਨਾ ਰੱਦ ਹੋਣ 'ਤੇ 16 ਅਗਸਤ ਨੂੰ ਪੰਜਾਬ ਦੀਆ ਭਰਾਤਰੀ ਜਥੇਬੰਦੀਆ ਨਾਲ ਮਿਲ ਕੇ ਮੁੱਖ ਮੰਤਰੀ ਦੇ ਨਿਵਾਸ ਸਥਾਨ ਅਗੇ ਵਿਸ਼ਾਲ ਰੈਲੀ ਕੀਤੀ ਜਾਵੇਗੀ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੋਹਾਲੀ ਤੋਂ ਤਿੰਨ ਬੱਸਾਂ ਰਵਾਨਾ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਪੰਜਾਬ ਦੇ ਸੀਨੀਅਰ ਨਾਗਰਿਕਾਂ ਨੂੰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਇੱਕ ਸ਼ਲਾਘਾਯੋਗ ਉਪਰਾਲਾ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਅੱਜ ਪਿੰਡ ਢੇਲਪੁਰ, ਸਨੇਟਾ ਅਤੇ ਬੜੀ ਤੋਂ ਅੰਮ੍ਰਿਤਸਰ ਲਈ ਤਿੰਨ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਕੀਤਾ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਤਿੰਨ ਹੋਰ ਬੱਸਾਂ ਦੇ ਰਵਾਨਾ ਹੋਣ ਨਾਲ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਹੁਣ ਤੱਕ 110 ਬੱਸਾਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਤੀਰਥ ਯਾਤਰਾ ਲਈ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੂੰ ਲੈ ਕੇ ਸੰਗਤ ਵਿੱਚ ਲਗਾਤਾਰ ਉਤਸ਼ਾਹ ਵਧ ਰਿਹਾ ਹੈ ਅਤੇ ਯਾਤਰਾ ਲਈ ਰਜਿਸਟ੍ਰੇਸ਼ਨ ਕਰਵਾਉਣ ਵਾਲਿਆਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਸੈਮੀਨਾਰ

**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਸ਼ਾਸਕ ਇੰਜੀ. ਨਿਮਰਤਾ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮੁੱਖ ਬੁਲਾਰੇ ਭਾਈ ਮਨਜੀਤ ਸਿੰਘ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਚੰਗੇ ਜੀਵਨ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਜੀਵਨ ਵਿੱਚ ਪਰਮਾਤਮਾ ਦਾ ਨਾਂਅ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਲਈ ਹਰ ਵਿਅਕਤੀ ਨੂੰ ਨਾਮ ਸਿਮਰਨ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਜ਼ਰੂਰੀ ਅੰਗ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਚਾਈ, ਨਿਮਰਤਾ, ਦਇਆ, ਸੇਵਾ-ਭਾਵਨਾ, ਵੱਡਿਆਂ ਦਾ ਸਤਿਕਾਰ ਅਤੇ ਚੰਗੇ ਆਚਰਨ ਵਰਗੀਆਂ ਕਦਰਾਂ-ਕੀਮਤਾਂ ਅਪਨਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀ. ਹਰਨਿਆਮਤ ਕੌਰ ਵੱਲੋਂ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਨ੍ਹਾਂ ਨੂੰ ਇੱਕ ਚੰਗਾ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ।



# ਜਸਵੀਰ ਮੋਰੋਂ ਨੇ ਮੌਤ ਉਪਰੰਤ ਸਰੀਰ ਦਾਨ ਕਰਨ ਲਈ ਫ਼ਾਰਮ ਭਰਿਆ



**ਬੰਗਾ (ਅਵਤਾਰ ਕਲੇਰ)**- ਵਿਸ਼ਵ ਅੰਗ ਦਾਨ ਦਿਵਸ ਮੌਕੇ ਇੱਥੇ ਲਾਇਨਜ਼ ਕਲੱਬ ਮੁਕੰਦਪੁਰ ਐਕਟਿਵ ਵਲੋਂ ਚੇਤਨਾ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਤਰਕਸ਼ੀਲ ਆਗੂ ਅਤੇ ਲੇਖਕ ਇੰਜੀਨੀਅਰ ਜਸਵੀਰ ਸਿੰਘ ਮੋਰੋਂ ਵਲੋਂ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਮੌਤ ਉਪਰੰਤ ਸਰੀਰ ਦਾਨ ਕਰਨ ਦਾ ਇਕਰਾਰ ਕੀਤਾ ਗਿਆ। ਇਸ ਇਕਰਾਰਨਾਮੇ ਦਾ ਪਛਾਣ ਪੱਤਰ ਉਕਤ ਕਲੱਬ ਦੇ ਪ੍ਰਧਾਨ ਐਡਵੋਕੇਟ ਕਮਲਜੀਤ ਸਿੰਘ ਵਲੋਂ ਪ੍ਰਦਾਨ ਕੀਤਾ ਗਿਆ। ਇਸ ਮੌਕੇ ਅੰਗ ਦਾਨ ਦੀ ਅਹਿਮੀਅਤ ਸੰਬੰਧੀ ਵਿਚਾਰ ਚਰਚਾ 'ਚ ਬੁਲਾਰਿਆਂ ਵਲੋਂ ਅੰਗ ਦਾਨ ਕਰਨ ਲਈ ਪ੍ਰੇਰਿਆ ਗਿਆ। ਕਲੱਬ ਦੇ ਪ੍ਰਧਾਨ ਐਡਵੋਕੇਟ ਕਲਮਜੀਤ ਸਿੰਘ ਤੇ ਸਕੱਤਰ ਹਰਮਿੰਦਰ ਸਿੰਘ ਨੇ ਦੱਸਿਆ ਕਿ ਮਰਨ ਉਪਰੰਤ ਸਰੀਰ ਦਾਨ ਕਰਨ ਨਾਲ ਵਿਦਿਆਰਥੀ ਵਰਗ ਨੂੰ ਮੈਡੀਕਲ ਖੇਤਰ ਵਿੱਚ ਸਿੱਖਿਆ ਹਾਸਲ ਕਰਨ ਲਈ ਸਹਾਈ ਸਿੱਧ ਹੁੰਦਾ ਹੈ। ਤਰਕਸ਼ੀਲ ਆਗੂ ਜਸਵੀਰ ਮੋਰੋਂ ਨੇ ਆਪਣੇ ਇਸ ਫ਼ੈਸਲੇ ਬਾਰੇ ਦੱਸਦਿਆਂ ਕਿਹਾ ਕਿ ਪੁਨਰਜਨਮ ਅਤੇ ਸਵਰਗ ਨਰਕ ਦੀ ਕੋਈ ਅਹਿਮੀਅਤ ਨਹੀਂ ਹੈ ਅਤੇ ਸਾਨੂੰ ਸਦਾ ਚੇਤਨ ਰਹਿੰਦਿਆਂ ਜੀਵਨ ਦੇ ਯਥਾਰਤ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਇਸ ਜੀਵਨ ਨੂੰ ਸੁਖਾਲਾ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।ਇਸ ਮੌਕੇ ਚਰਨਜੀਤ ਤਲਵੰਡੀ, ਡਾ. ਯਾਦਵਿੰਦਰ ਸਿੰਘ, ਸਤਪਾਲ ਮੰਡੇਰ, ਦਲਵੀਰ ਚੰਦ, ਸੁਖਜਿੰਦਰ ਬਖਲੌਰ, ਸ਼ੁਕੰਤਲਾ ਦੇਵੀ, ਆਸ਼ਾ ਰਾਣੀ, ਲਵਪ੍ਰੀਤ ਸਿੰਘ, ਡਾ. ਜਸਪਾਲ ਸਿੰਘ, ਵਿਸ਼ਾਖਾ ਕਲੇਰ, ਭੁਪਿੰਦਰ ਸਿੰਘ ਪਰਮਾਰ, ਮਾਸਟਰ ਜੋਗਾ ਰਾਮ ਆਦਿ ਸ਼ਾਮਲ ਸਨ।

# ਨਵਾਂਸ਼ਹਿਰ 'ਚ ਕੈਬਨਿਟ ਮੰਤਰੀ ਬੈਂਸ ਲਹਿਰਾਉਣਗੇ ਤਿਰੰਗਾ ਝੰਡਾ

**ਨਵਾਂਸ਼ਹਿਰ (ਮਨੋਜ ਲਾਡੀ)**- 80ਵੇਂ ਆਜ਼ਾਦੀ ਦਿਹਾੜੇ ਮੌਕੇ 15 ਅਗਸਤ ਨੂੰ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਸਥਾਨਕ ਆਈ ਟੀ ਆਈ ਦੀ ਗਰਾਊਂਡ ਵਿਖੇ ਫੁੱਲ ਡਰੈੱਸ ਰਿਹਰਸਲ ਹੋਈ, ਜਿਸ ਵਿੱਚ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਕੌਮੀ ਝੰਡਾ ਲਹਿਰਾਇਆ ਗਿਆ। ਕੌਮੀ ਝੰਡਾ ਲਹਿਰਾਉਣ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਐਸ.ਪੀ ਤੁਸ਼ਾਰ ਗੁਪਤਾ ਅਤੇ ਵਧੀਕ ਡਿਪਟੀ ਕਮਿਸ਼ਨਰ ਸੰਜੀਵ ਸ਼ਰਮਾ ਅਤੇ ਅਵਨੀਤ ਕੌਰ ਵੀ ਮੌਜੂਦ ਸਨ। ਪਰੇਡ ਦੇ ਨਿਰੀਖਣ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਪਰੇਡ ਕਮਾਂਡਰ ਡੀ.ਐਸ.ਪੀ ਜਤਿੰਦਰ ਸਿੰਘ ਚੌਹਾਨ ਦੀ ਅਗਵਾਈ ਵਿੱਚ ਕੱਢੇ ਗਏ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਲਈ। ਮਾਰਚ ਪਾਸਟ ਵਿੱਚ ਪੰਜਾਬ ਪੁਲਿਸ (ਪੁਰਸ਼), ਪੰਜਾਬ ਪੁਲਿਸ ਮਹਿਲਾ ਵਿੰਗ, ਕ੍ਰਿਪਾਲ ਸਾਗਰ ਅਕੈਡਮੀ, ਕੈਂਬਰਿਜ ਇੰਟਰਨੈਸ਼ਨਲ ਸਕੂਲ, ਜਵਾਹਰ ਨਵੋਦਿਆ ਸਕੂਲ ਦੀਆਂ ਟੁਕੜੀਆਂ ਅਤੇ ਕੇ.ਸੀ. ਪਬਲਿਕ ਸਕੂਲ ਦਾ ਬੈਂਡ ਸ਼ਾਮਿਲ ਸੀ। ਇਸ ਉਪਰੰਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਦੇ ਰੰਗ ਵਿੱਚ ਰੰਗੀਆਂ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਦਿੱਤੀ ਗਈ। ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਸਕੂਲ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਅਤੇ ਸਥਾਨਕ ਸਰਕਾਰ ਮੰਤਰੀ ਹਰਜੋਤ ਸਿੰਘ ਬੈਂਸ ਰਾਸ਼ਟਰੀ ਝੰਡਾ ਲਹਿਰਾਉਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪ੍ਰਬੰਧਾਂ ਸਬੰਧੀ ਲੋੜੀਂਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਇਸ ਮਹੱਤਵਪੂਰਨ ਸਮਾਗਮ ਨੂੰ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਅਧਿਕਾਰੀਆਂ ਸੌਂਪੀ ਗਈ ਡਿਊਟੀ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਹਦਾਇਤ ਕੀਤੀ।



# ਆਜ਼ਾਦੀ ਦਿਵਸ ਸਮਾਰੋਹ 'ਚ ਜਸਕਰਨ ਸਿੰਘ ਵਿਸ਼ੇਸ਼ ਮਹਿਮਾਨ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖਾਲਸਾ ਕਾਲਜ ਵਿਦਿਅਕ, ਖੇਡਾਂ ਦੇ ਨਾਲ-ਨਾਲ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਰਾਹੀਂ ਆਪਣੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਕੋਈ ਕਸਰ ਨਹੀਂ ਛੱਡਦਾ। ਇਸ ਨੂੰ ਬਰਕਰਾਰ ਰੱਖਦੇ ਹੋਏ, ਕਾਲਜ ਦੇ ਮਾਈ ਭਾਰਤ ਐਨ.ਐਸ.ਐਸ. ਵਲੰਟੀਅਰ, ਜਸਕਰਨ ਸਿੰਘ ਨੂੰ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਨੇ ਲਾਲ ਕਿਲ੍ਹੇ, ਨਵੀਂ ਦਿੱਲੀ ਵਿਖੇ 2026 ਦੇ ਆਜ਼ਾਦੀ ਦਿਵਸ ਸਮਾਰੋਹ ਦੇਖਣ ਲਈ ਵਿਸ਼ੇਸ਼ ਮਹਿਮਾਨ ਵਜੋਂ ਸੱਦਾ ਦਿੱਤਾ ਹੈ।ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ ਵਲੰਟੀਅਰ ਜਸਕਰਨ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਖ਼ਤ ਮਿਹਨਤ ਨੂੰ ਹਮੇਸ਼ਾ ਸਹੀ ਸਮੇਂ 'ਤੇ ਮਾਨਤਾ ਦਿੱਤੀ ਜਾਂਦੀ ਹੈ। ਐਨ.ਐਸ.ਐਸ. ਦੇ ਮੁੱਖ ਪ੍ਰੋਗਰਾਮ ਅਫਸਰ, ਪ੍ਰੋ. ਸਤਪਾਲ ਸਿੰਘ ਨੇ ਕਿਹਾ ਕਿ ਜਸਕਰਨ ਸਿੰਘ ਇੱਕ ਉਦਾਹਰਣ ਹੈ ਕਿ ਜੇਕਰ ਕੋਈ ਆਪਣਾ ਸਮਾਂ ਸਮਾਜ ਅਤੇ ਸਮਾਜਿਕ ਕੰਮਾਂ ਲਈ ਸਮਰਪਿਤ ਕਰਦਾ ਹੈ, ਤਾਂ ਉਸਨੂੰ ਰਾਜ ਜਾਂ ਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਨਮਾਨ ਸਮਾਰੋਹ ਦੌਰਾਨ ਜ਼ਿਲ੍ਹਾ ਪੱਧਰੀ ਨਸ਼ਾ ਮੁਕਤ ਭਾਰਤ ਅਭਿਆਨ ਨਾਲ ਸਬੰਧਤ ਸਮਾਗਮਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਹੋਰ ਐਨ.ਐਸ.ਐਸ. ਵਲੰਟੀਅਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜਸਮੀਤ ਕੌਰ ਨੇ ਕਵਿਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਬਲਪ੍ਰੀਤ ਕੌਰ ਅਤੇ ਵੰਸ਼ਿਕਾ ਨੇ ਭਾਸ਼ਣ ਪ੍ਰਤੀਯੋਗਤਾ ਵਿਚ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਐਨ.ਐਸ.ਐਸ. ਵਲੰਟੀਅਰ ਪ੍ਰਣਵ ਧਮੀਜਾ, ਧਰੁਵ ਆਨੰਦ, ਸੌਰਭ ਕੁਮਾਰ, ਦੀਪਕ ਕੁਮਾਰ ਅਤੇ ਅਨਮੋਲ ਨੇ ਪੰਜਾਬ ਸਰਕਾਰ ਦੇ ਯੁਵਾ ਮਾਮਲਿਆਂ ਦੇ ਵਿਭਾਗ ਦੁਆਰਾ ਚੰਡੀਗੜ੍ਹ ਵਿਖੇ ਆਯੋਜਿਤ 04 ਦਿਨਾਂ ਰਿਹਾਇਸ਼ੀ ਰਾਜ ਪੱਧਰੀ ਯੁਵਾ ਵਿਕਾਸ ਵਰਕਸ਼ਾਪ ਨੂੰ ਸਫਲਤਾ ਪੂਰਵਕ ਪੂਰਾ ਕੀਤਾ।



# ਯੋਗਾ ਗਰੁੱਪ ਦੀਆਂ ਔਰਤਾਂ ਨੇ ਮਨਾਈ ਤੀਜ



**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਿਖੇ ਯੋਗਾ ਗਰੁੱਪ ਦੀਆਂ ਔਰਤਾਂ ਵੱਲੋਂ ਤੀਜ ਦਾ ਤਿਉਹਾਰ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਔਰਤਾਂ ਨੇ ਵੰਨ ਸਮੰਨੇ ਸੋਹਣੇ ਕੱਪੜੇ ਪੁਸ਼ਾਕਾ ਪਹਿਨ ਕੇ ਆਈਆਂ ਅਤੇ ਗਿੱਧਾ, ਡਾਂਸ ਅਤੇ ਹੋਰ ਮਨੋਰੰਜਨ ਪ੍ਰੋਗਰਾਮ ਪੇਸ਼ ਕੀਤੇ ਗਏ ਅੰਤ ਵਿੱਚ ਸਾਰਿਆਂ ਨੇ ਮਾਲ ਪੂੜੇ ਅਤੇ ਹੋਰ ਵਿਅੰਜਨਾਂ ਦਾ ਆਨੰਦ ਲਿਆ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ, ਪ੍ਰਿੰਸੀਪਲ ਰਜਨੀ ਲਾਂਬਾ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਹੋਸਪਿਟਲ ਦਾ ਸਟਾਫ ਮੌਜੂਦ ਸਨ।

## ਈਥਾਨੌਲ ਬਣਾਉਣ ਵਾਲੀ ਫੈਕਟਰੀ ਵਿਰੁੱਧ ਲਾਮਬੰਦੀ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਸ਼ੇਰਪੁਰ-ਧੂਰੀ ਸੜਕ 'ਤੇ ਸਥਿਤ ਈਥਾਨੌਲ ਬਣਾਉਣ ਵਾਲੀ ਫੈਕਟਰੀ ਵਿਰੁੱਧ ਹਵਾ ਪਾਣੀ ਪ੍ਰਦੂਸ਼ਨ ਦੇ ਮਾਮਲੇ ਨੂੰ ਲੈ ਕੇ ਪਿੰਡ-ਪਿੰਡ ਲੋਕ ਲਾਮਬੰਦੀ ਹੋਣੀ ਸ਼ੁਰੂ ਹੋ ਗਈ ਹੈ, ਜਿਸ ਦਾ ਪਿਛਲੇ ਦਿਨੀ ਪਿੰਡ ਜਹਾਂਗੀਰ 'ਚ ਲੋਕਾਂ ਨੇ ਅਹਿਦ ਕੀਤਾ ਸੀ। ਬਲਾਕ ਸ਼ੇਰਪੁਰ ਦੇ ਪਿੰਡ ਘਨੌਰੀ ਕਲਾਂ ਵਿਖੇ ਤਿੰਨ ਦਰਜਨ ਤੋਂ ਵੱਧ ਲੋਕਾਂ ਦੀ ਇਕੱਤਰਤਾ ਹੋਈ, ਜਿੱਥੇ 41 ਮੈਂਬਰੀ ਕਮੇਟੀ ਕਾਇਮ ਕੀਤੀ ਗਈ।ਪਿੰਡ ਦੇ ਜਸਪਾਲ ਸਿੰਘ ਜੱਸਾ ਨੇ ਉਕਤ ਫੈਕਟਰੀ ਤੋਂ ਹਵਾ ਵਿੱਚ ਫੈਲਦੀ ਬਦਬੂ ਤੇ ਵਰਤੇ ਜਾ ਰਹੇ ਲੱਖਾਂ ਲਿਟਰ ਪਾਣੀ ਦੀ ਵਰਤੋਂ ਸਬੰਧੀ ਕਈ ਤਰ੍ਹਾਂ ਤੌਖਲੇ ਪ੍ਰਗਟ ਕੀਤੇ ਗਏ।ਨਵੀਂ ਕਮੇਟੀ ਦੇ ਪ੍ਰੈੱਸ ਸਕੱਤਰ ਪਵਨਪ੍ਰੀਤ ਸਿੰਘ ਘਨੌਰੀ ਨੇ ਦੱਸਿਆ ਕਿ ਮੋਹਰੀਆਂ 'ਚ ਸ਼ੁਮਾਰ ਪ੍ਰਗਟ ਸਿੰਘ, ਗੁਰਜਿੰਦਰ ਸਿੰਘ, ਜੀਵਨ ਸਿੰਘ, ਹਰਮੀਤ ਸਿੰਘ, ਗੁਰਮੁੱਖ ਸਿੰਘ, ਲਖਵੀਰ ਸਿੰਘ ਸਮੇਤ 41 ਮੈਂਬਰਾਂ ਦੇ ਨਾਮ ਲਿਖੇ ਗਏ ਹਨ।ਬੁਲਾਰਿਆ ਨੇ ਕਿਹਾ ਕਿ ਹਵਾ ਪਾਣੀ ਪ੍ਰਦੂਸ਼ਨ ਨਾਲ ਲਾ-ਇਲਾਜ ਬਿਮਾਰੀਆਂ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਤਿੱਖੇ ਸੰਘਰਸ਼ ਲਈ ਅੱਗੇ ਆਉਣਾ ਪਵੇਗਾ।ਜਸਪਾਲ ਸਿੰਘ ਜੱਸਾ ਨੇ ਦੱਸਿਆ ਕਿ ਛੇਤੀ ਹੀ ਬਲਾਕ ਸ਼ੇਰਪੁਰ ਦੇ ਬਹੁਤੇ ਪਿੰਡਾਂ 'ਚ ਕਮੇਟੀਆਂ ਬਣ ਜਾਣਗੀਆਂ, ਜਿਸ ਮਗਰੋਂ ਲੋਕ ਅਗਲੀ ਰਣਨੀਤੀ ਤੈਅ ਕਰਨਗੇ।ਉਧਰ ਸਬੰਧਤ ਫੈਕਟਰੀ ਦੇ ਮੈਨੇਜਰ ਪਹਿਲਾਂ ਹੀ ਸਾਰੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਦਾਅਵਾ ਕਰ ਚੁੱਕੇ ਹਨ ਕਿ ਫੈਕਟਰੀ ਨਾਲ ਕੋਈ ਪ੍ਰਦੂਸ਼ਣ ਨਹੀਂ ਫੈਲ ਰਿਹਾ।ਇਸ ਸਬੰਧ 'ਚ ਪਿੰਡ ਘਨੌਰ ਕਲਾਂ ਦੇ ਸਰਪੰਚ ਜਸਵਿੰਦਰ ਸਿੰਘ, ਸਰਪੰਚ ਜਸਵੰਤ ਸਿੰਘ ਬਾਦਸ਼ਾਹਪੁਰ, ਯੂਥ ਆਗੂ ਮਨਪ੍ਰੀਤ ਸਿੰਘ ਤੇ ਹੋਰਨਾਂ ਨੇ ਵਫ਼ਦ ਦੇ ਰੂਪ ਵਿੱਚ ਐੱਸ ਡੀ ਐੱਮ ਧੂਰੀ ਨੂੰ ਮੰਗ ਪੱਤਰ ਸੌਂਪਿਆ।ਸਰਪੰਚ ਜਸਵਿੰਦਰ ਸਿੰਘ ਘਨੌਰ ਨੇ ਦੱਸਿਆ ਕਿ ਉਨ੍ਹਾਂ ਨੇ ਲੋਕਾਂ ਦੇ ਤੌਖਲਿਆਂ ਨੂੰ ਲੈ ਕੇ ਹਵਾ ਪਾਣੀ ਪ੍ਰਦੂਸ਼ਨ ਸਬੰਧੀ ਜਾਂਚ ਕਰਵਾਏ ਜਾਣ ਦੀ ਮੰਗ ਰੱਖੀ ਹੈ।

## ਸਮੁੱਚਾ ਅਧਿਆਪਕ ਵਰਗ 27 ਨੂੰ ਸਮੂਹਕ ਛੁੱਟੀ ਲੈ ਕੇ ਰੋਸ ਪ੍ਰਦਰਸ਼ਨਾਂ 'ਚ ਹੋਵੇਗਾ ਸ਼ਾਮਲ

### ਗੁਰਸੇਵਕ ਸਿੰਘ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ




ਜਲਾਲਾਬਾਦ (ਜੀਤ ਕੁਮਾਰ)
ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ ਸਾਂਝਾ ਫਰੰਟ ਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ 27 ਅਗਸਤ ਦੇ ਬੰਦ ਦੇ ਸੱਦੇ ਨੂੰ ਸਫਲ ਕਰਨ ਲਈ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੂਅਲ ਮੀਟਿੰਗ ਸੁਰਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਾਂਝੇ ਅਧਿਆਪਕ ਮੋਰਚੇ ਦੀਆਂ ਸਾਰੀਆਂ ਧਿਰਾਂ ਸ਼ਾਮਲ ਹੋਈਆਂ। ਮੀਟਿੰਗ ਦੀ ਸ਼ੁਰੂਆਤ ਵਿੱਚ ਸਰਕਾਰੀ ਹਾਈ ਸਕੂਲ ਕੁੰਡੜਾ ਦੇ ਮੁੱਖ ਅਧਿਆਪਕ ਗੁਰਸੇਵਕ ਸਿੰਘ 'ਤੇ ਹੋਏ ਕਾਤਲਾਨਾ ਹਮਲੇ ਵਿੱਚ ਜ਼ਖਮੀ ਹੋਣ ਉਪਰੰਤ ਹਸਪਤਾਲ ਵਿੱਚ ਹੋਈ ਮੌਤ 'ਤੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਇਸ ਸਬੰਧੀ ਕਾਤਲਾਂ ਨੂੰ ਗ੍ਰਿਫਤਾਰ ਕਰਵਾਉਣ ਲਈ 14 ਅਗਸਤ ਨੂੰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ 7 ਅਗਸਤ 2026 ਦੀ ਚੰਡੀਗੜ੍ਹ ਵਿਖੇ ਹੋਈ ਇਤਿਹਾਸਕ ਰੈਲੀ ਦਾ ਰੀਵਿਊ ਕੀਤਾ ਗਿਆ। ਇਸ ਰੈਲੀ ਵਿੱਚ ਸਮੁੱਚੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਅਧਿਆਪਕਾਂ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਜ਼ਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ ਗਿਆ ਹੈ। ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਕਾਮਿਆਂ ਤੇ ਮਾਣ ਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਤੁਰੰਤ ਮੰਨਣ ਲਈ 27 ਅਗਸਤ 2026 ਨੂੰ ਸਮੂਹਿਕ ਛੁੱਟੀ ਲੈ ਕੇ ਸਮੁੱਚੇ ਅਦਾਰੇ ਬੰਦ ਰੱਖ ਕੇ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ। ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੇ ਚੰਡੀਗੜ੍ਹ ਰੈਲੀ ਵਿੱਚ ਅਧਿਆਪਕਾਂ, ਖਾਸ ਕਰਕੇ ਮਹਿਲਾ ਅਧਿਆਪਕਾਂ ਵੱਲੋਂ ਵੱਡੇ ਪੱਧਰ ਤੇ ਕੀਤੀ ਗਈ ਸ਼ਮੂਲੀਅਤ ਤੇ ਤਸੱਲੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਮੋਰਚੇ ਦੇ ਆਗੂਆਂ ਨੇ ਆਉਣ ਵਾਲੇ ਸਾਂਝੇ ਸੰਘਰਸ਼ਾਂ ਵਿੱਚ ਲਗਾਤਾਰ ਸ਼ਮੂਲੀਅਤ ਯਕੀਨੀ ਬਣਾਉਣ ਲਈ ਸਮੂਹ ਅਧਿਆਪਕ ਵਰਗ ਨੂੰ ਅਪੀਲ ਕੀਤੀ ਤੇ 27 ਅਗਸਤ ਦੇ ਸਮੁੱਚੇ ਮੁਲਜ਼ਮਾਂ ਵੱਲੋਂ ਸਮੂਹਕ ਛੁੱਟੀ ਦੇ ਪ੍ਰੋਗਰਾਮ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਲਈ ਮੋਰਚੇ ਤੋਂ ਬਾਹਰ ਰਹਿ ਗਈਆਂ ਅਧਿਆਪਕ ਜਥੇਬੰਦੀਆਂ ਨਾਲ ਵੀ ਸੰਪਰਕ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਸਾਥੀ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਲਛਮਣ ਸਿੰਘ ਨਬੀਪੁਰ, ਬਿਕਰਮਜੀਤ ਸਿੰਘ ਕੱਦੋਂ, ਹਰਭਜਨ ਸਿੰਘ, ਰਵਿੰਦਰਜੀਤ ਸਿੰਘ ਪੰਨੂੰ, ਗੁਰਬਿੰਦਰ ਸਿੰਘ ਸਸਕੌਰ, ਸਤਨਾਮ ਸਿੰਘ ਰੰਧਾਵਾ, ਹਰਜੀਤ ਸਿੰਘ ਜੁਨੇਜਾ, ਪਤਵੰਤ ਸਿੰਘ, ਨਵਪ੍ਰੀਤ ਬੱਲੀ, ਜਗਜੀਤ ਸਿੰਘ, ਤਰਨਵੀਰ ਸਿੰਘ ਆਦਿ ਸ਼ਾਮਲ ਹੋਏ।

## ਈਸੜੂ 'ਚ ਸੰਬੋਧਨ ਕਰਨਗੇ ਚਰਨਜੀਤ ਸਿੰਘ ਚੰਨੀ

ਦੋਰਾਹਾ (ਹਰਮਿੰਦਰ ਸੇਠ)-ਸਾਬਕਾ ਮੰਤਰੀ ਕੋਟਲੀ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਦੀ ਹਾਜ਼ਰੀ 'ਚ ਗੱਲਬਾਤ ਕਰਦੇ ਕਿਹਾ ਕਿ ਈਸੜੂ ਵਿਖੇ ਗੋਆ ਦੇ ਮਹਾਨ ਸ਼ਹੀਦ ਕਰਨੈਲ ਸਿੰਘ ਦੀ ਯਾਦ ਵਿੱਚ ਹੋਣ ਵਾਲੀ ਕਾਂਗਰਸ ਪਾਰਟੀ ਦੀ ਰੈਲੀ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਕਾਂਗਰਸ ਦੀ ਰੈਲੀ ਵਿੱਚ ਲੋਕ ਆਪ ਮੁਹਾਰੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਵਿਚਾਰ ਸੁਣਨ ਲਈ ਪਹੁੰਚਣਗੇ, ਕਿਉਂਕਿ ਅੱਜ ਹਰ ਵਰਗ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਲਿਆਉਣ ਲਈ ਉਤਾਵਲਾ ਹੈ। ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਦੀ ਅਗਵਾਈ ਹੇਠ ਈਸੜੂ ਵਿਖੇ ਕਾਂਗਰਸ ਪਾਰਟੀ ਦੀ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਲਈ ਬਲਾਕ ਮਲੋਦ ਤੋਂ ਵੱਡੇ ਕਾਫਲੇ ਬੱਸਾਂ ਤੇ ਕਾਰਾਂ ਰਾਹੀਂ ਰੈਲੀ ਵਿੱਚ ਸ਼ਮੂਲੀਅਤ ਕਰਨਗੇ। ਇਹ ਰੈਲੀ ਆਉਣ ਵਾਲੀ ਸਰਕਾਰ ਦੀ ਨੀਂਹ ਰੱਖੇਗੀ ਤੇ 'ਆਪ' ਨੂੰ ਚੱਲਦਾ ਕਰੇਗੀ।

## ਪਟਿਆਲਾ ਸ਼ਹਿਰ ਦੀ ਨੁਹਾਰ ਬਦਲੀ : ਵਿਧਾਇਕ ਕੋਹਲੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਸ਼ਹਿਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਕੰਮ ਕਰਵਾਏ ਗਏ ਹਨ ਅਤੇ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਰਾਹੀਂ ਸ਼ਹਿਰ ਦੀ ਨੁਹਾਰ ਬਦਲਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਵਿਧਾਇਕ ਕੋਹਲੀ ਨੇ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਧਾਮੋਮਾਜਰਾ ਵਿਖੇ ਵਾਰਡ ਨੰਬਰ 60 ਵਿਚ ਡੇਢ ਕਿਲੋਮੀਟਰ ਦੀਆਂ ਸੜਕਾਂ ਜੋ ਕਿ ਪਿਛਲੇ ਲੰਬੇ ਸਮੇ ਤੋ ਕੱਚੀਆਂ ਸਨ, ਦਾ ਉਦਘਾਟਨ ਕਰਨ ਦੌਰਾਨ ਕੀਤਾ।ਇਸ ਮੌਕੇ ਉਨਾ ਨਾਲ ਵਾਰਡ ਇੰਚਾਰਜ ਰੁਪਿੰਦਰ ਸਿੰਘ ਕੋਚ ਵੀ ਮੌਜੂਦ ਸਨ।ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਜੀਹ ਸ਼ਹਿਰ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਦੇਣ ਦੇ ਨਾਲ-ਨਾਲ ਪਟਿਆਲਾ ਦੇ ਇਤਿਹਾਸਕ ਅਤੇ ਵਿਰਾਸਤੀ ਸਰੂਪ ਨੂੰ ਹੋਰ ਸੁੰਦਰ ਬਣਾਉਣਾ ਹੈ।ਵਿਧਾਇਕ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਨੂੰ ਦੇਖ ਰਹੇ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।

## ਆਲੋਅਰਖ ਸਕੂਲ ਨੇ ਹਾਕੀ 'ਚ ਜਿੱਤਿਆ ਗੋਲਡ ਮੈਡਲ



ਭਵਾਨੀਗੜ੍ਹ (ਰਾਜ ਖੁਰਮੀ)-ਬਾਬਾ ਗੰਡਾ ਸਿੰਘ ਪਬਲਿਕ ਸਕੂਲ ਆਲੋਅਰਖ ਦੀਆਂ ਵਿਦਿਆਰਥਣਾਂ ਨੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੀ 9ਵੀਂ ਜਮਾਤ ਦੀਆਂ ਹੋਣਹਾਰ ਵਿਦਿਆਰਥਣਾਂ ਨਿਸ਼ੂ ਅਤੇ ਪ੍ਰਭਨੂਰ ਕੌਰ ਨੇ ਅੰਡਰ-17 ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਹਾਸਲ ਕਰਦਿਆਂ ਗੋਲਡ ਮੈਡਲ ਆਪਣੇ ਨਾਮ ਕੀਤਾ।ਸਕੂਲ ਦੇ ਚੇਅਰਮੈਨ ਬਰਜਿੰਦਰ ਸਿੰਘ ਅਤੇ ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਦੱਸਿਆ ਕਿ ਸੰਗਰੂਰ ਵਿਖੇ ਕਰਵਾਏ ਗਏ ਅੰਡਰ-17 ਜ਼ਿਲ੍ਹਾ ਪੱਧਰੀ ਹਾਕੀ ਮੁਕਾਬਲਿਆਂ ਵਿੱਚ ਵਿਦਿਆਰਥਣਾਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਪ੍ਰਾਪਤ ਕੀਤਾ।

## ਪਾਥਵੇਜ਼ ਗਲੋਬਲ ਸਕੂਲ ਨੇ ਅੰਡਰ-17 ਕ੍ਰਿਕਟ 'ਚ ਜਿੱਤਿਆ ਗੋਲਡ ਮੈਡਲ



ਕੋਟ ਈਸੇ ਖਾਂ (ਅਰੋੜਾ)-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੇ ਬਹੁਤ ਹੀ ਹੋਣਹਾਰ ਮੁੰਡਿਆਂ ਨੇ ਜ਼ੋਨ ਖੇਡਾਂ 2026 ਵਿੱਚ ਸ਼ਾਨਦਾਰ ਮੱਲਾਂ ਮਾਰੀਆਂ ਤੇ ਗੋਲਡ ਮੈਡਲ ਜਿੱਤ ਕੇ ਇਲਾਕੇ ਵਿੱਚ ਪਾਥਵੇਜ਼ ਦਾ ਨਾਮ ਰੋਸ਼ਨ ਕੀਤਾ।ਇਹ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਲੋਟੀ ਵਿਖੇ ਕਰਵਾਈਆਂ ਗਈਆਂ।ਇਸ ਵਿੱਚ ਕੈਮਬ੍ਰਿਜ ਕਾਨਵੈਂਟ ਸਕੂਲ, ਹੋਕ੍ਰੌਟ ਸੀਨੀਅਰ ਸੈਕੰਡਰੀ ਸਕੂਲ, ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ, ਆਰ.ਕੇ.ਐਸ. ਇੰਟਰਨੈਸ਼ਨਲ ਪਬਲਿਕ ਸਕੂਲ, ਆਦਰਸ਼ ਸਕੂਲ ਮਨਾਵਾਂ ਅਤੇ ਦਿੱਲੀ ਕਾਨਵੈਂਟ ਸਕੂਲ ਆਦਿ ਟੀਮਾਂ ਨੇ ਭਾਗ ਲਿਆ।ਪਾਥਵੇਜ਼ ਦੇ ਜ਼ੋਨ ਖੇਡਾਂ ਵਿੱਚ ਗੋਲਡ ਮੈਡਲ ਜਿੱਤ ਕੇ ਜ਼ਿਲ੍ਹਾ ਲੈਵਲ ਖੇਡਾਂ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ।ਪ੍ਰਿੰਸੀਪਲ ਸ੍ਰੀ ਆਸ਼ੀਸ਼ ਡੋਗਰੇਕਰ ਤੇ ਵਾਇਸ ਪ੍ਰਿੰਸੀਪਲ ਮੈਡਮ ਮਾਲਵਿਕਾ ਡੋਗਰੇਕਰ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਤੇ ਵਧਾਈਆਂ ਦਿੱਤੀਆਂ ਤੇ ਇਸ ਜਿੱਤ ਦਾ ਸਿਹਰਾ ਕੋਚ ਮਨਦੀਪ ਸਿੰਘ, ਐੱਚ. ਓ. ਡੀ. ਫਿਜ਼ੀਕਲ ਐਜੂਕੇਸ਼ਨ ਡਿਪਾਰਟਮੈਂਟ ਰਾਜਵੀਰ ਸਿੰਘ ਤੇ ਬੱਚਿਆਂ ਦੀ ਸਖ਼ਤ ਮਿਹਨਤ ਨੂੰ ਦਿੱਤਾ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਣਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੰਧੂ, ਡਾਕਟਰ ਚਾਹਤ ਕੰਬੋਜ, ਸਤਨਾਮ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਜੀ ਨੇ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਬੱਚਿਆਂ ਦੀ ਸਖਤ ਮਿਹਨਤ ਦੇ ਸਿਰ ਕੀਤਾ ਤੇ ਭਵਿੱਖ ਵਿੱਚ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਉਹਨਾਂ ਦਾ ਹੌਸਲਾਅਫਜ਼ਾਈ ਕੀਤਾ।

## ਏ.ਡੀ.ਸੀ ਨੇ ਕੀਤਾ ਈਸੜੂ ਦਾ ਵਿਸ਼ੇਸ਼ ਦੌਰਾ

ਦੋਰਾਹਾ (ਹਰਮਿੰਦਰ ਸੇਠ)-ਵਧੀਕ ਡਿਪਟੀ ਕਮਿਸ਼ਨਰ ਖੰਨਾ ਸ਼੍ਰੀਮਤੀ ਜਸ਼ਨਪ੍ਰੀਤ ਕੌਰ ਗਿੱਲ ਵੱਲੋਂ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਵਸ ਸਬੰਧੀ 15 ਅਗਸਤ ਨੂੰ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪਿੰਡ ਈਸੜੂ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਏ.ਡੀ.ਸੀ ਸ਼੍ਰੀਮਤੀ ਜਸ਼ਨਪ੍ਰੀਤ ਕੌਰ ਗਿੱਲ ਨੇ ਦੱਸਿਆ ਕਿ ਪੰਜਾਬ ਦੇ ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਕਰ ਤੇ ਆਬਕਾਰੀ ਅਤੇ ਟਰਾਂਸਪੋਰਟ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਪਿੰਡ ਈਸੜੂ ਵਿਖੇ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਵਸ ਤੇ ਰਾਜ ਪੱਧਰੀ ਸਮਾਗਮ ਮੌਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।ਰਾਜ ਪੱਧਰੀ ਸਮਾਗਮ ਸਬੰਧੀ ਪਿੰਡ ਈਸੜੂ ਵਿਖੇ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨਾਲ ਰਿਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਏ.ਡੀ.ਸੀ ਨੇ ਉਨ੍ਹਾਂ ਨੂੰ ਰਾਜ ਪੱਧਰੀ ਸਮਾਗਮ ਦੇ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ।

## ਸਰਕਾਰ ਦੀਆਂ ਨੀਤੀਆਂ ਤੋਂ ਹਰੇਕ ਵਰਗ ਖੁਸ਼ : ਕਾਕਾ ਬਰਾੜ

### ਚੱਕ ਗਾਂਧਾ ਸਿੰਘ ਵਾਲਾ ਵਿਖੇ ਅਕਾਲੀ ਤੇ ਕਾਂਗਰਸੀ ਪਰਵਾਰ ਆਪ 'ਚ ਸ਼ਾਮਲ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਅਕਾਲੀ ਦਲ ਤੇ ਕਾਂਗਰਸੀ ਪਰਵਾਰ ਲਗਾਤਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਸੇ ਲੜੀ ਤਹਿਤ ਬੀਤੇ ਦਿਨ ਪਿੰਡ ਚੱਕ ਗਾਂਧਾ ਸਿੰਘ ਵਾਲਾ ਤੇ ਵੜਿੰਗ ਤੋਂ ਵੱਡੀ ਗਿਣਤੀ ਵਿੱਚ ਪਰਵਾਰਾਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਹੈ।

ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਦਿਨੋਂ ਦਿਨ ਵੱਧ ਰਹੀ ਆਮ ਆਦਮੀ ਪਾਰਟੀ ਦੀ ਲੋਕਪ੍ਰਿਯਤਾ ਨੂੰ ਦੇਖਦਿਆਂ ਦੂਜੀਆਂ ਪਾਰਟੀਆਂ ਦੇ ਆਗੂ ਆਪ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਦੇਖਦਿਆਂ ਸੂਬੇ ਦੇ ਲੋਕ 2027 ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਨੂੰ ਕਾਹਲੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ ਕੰਮਾਂ ਨੂੰ ਤਰਜੀਹ ਦਿੰਦੀ ਹੈ ਅਤੇ ਕੰਮਾਂ ਦੇ ਅਧਾਰ 'ਤੇ ਹੀ ਵੋਟ ਮੰਗਾਂਗੇ।ਆਪ ਵਿੱਚ ਸ਼ਾਮਲ ਹੋਏ ਪਰਵਾਰਾਂ ਨੂੰ ਜੀ ਆਇਆ ਕਹਿੰਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਾਰਟੀ ਦਾ ਮੁੱਖ ਮਕਸਦ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੈ ਅਤੇ ਰੰਗਲੇ ਪੰਜਾਬੀ ਦੇ ਚਿਹਰੇ ਤੇ ਖੁਸ਼ੀ ਲਿਆਉਣਾ ਹੈ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰ ਅਮਨਦੀਪ ਸਿੰਘ, ਸੁਖਦੀਪ ਸਿੰਘ, ਚਰਨਜੀਤ ਕੌਰ, ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਸੋਹਣ ਸਿੰਘ ਸਾਬਕਾ ਮੈਂਬਰ, ਬਿਰਜ ਸਿੰਘ ਨੰਬਰਦਾਰ, ਚਾਨਣ ਸਿੰਘ ਨੰਬਰਦਾਰ, ਹਰੀ ਸਿੰਘ, ਜੂਰਾ ਸਿੰਘ, ਹਰਜਿੰਦਰ ਸਿੰਘ, ਗੱਪੂ ਸਿੰਘ, ਮੰਗਤ ਨੇ ਕਿਹਾ ਕਿ ਉਹ ਆਪ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰ ਦੇਣਗੇ।ਇਸ ਮੌਕੇ ਰਣਜੀਤ ਸਿੰਘ ਮੈਂਬਰ, ਸੁਖਰਾਜ ਸਿੰਘ ਮੈਂਬਰ, ਹਰਨੇਕ ਸਿੰਘ, ਪ੍ਰੀਤਮ ਸਿੰਘ, ਹਰਜਿੰਦਰ ਸਿੰਘ ਫੌਜੀ, ਕੁਲਵੰਤ ਸਿੰਘ, ਗੁਰਮੇਲ ਸਿੰਘ, ਡਾ ਹਰਫੂਲ ਸਿੰਘ ਸਰਪੰਚ ਤਖਤਮਲਾਣਾ, ਸ਼ਮਸ਼ੇਰ ਸਿੰਘ, ਬਲਵਿੰਦਰ ਸਿੰਘ ਖਾਲਸਾ ਸੀਨੀਅਰ ਮੀਤ ਪ੍ਰਧਾਨ ਬਰੀਵਾਲਾ ਆਦਿ ਹਾਜ਼ਰ ਸਨ।

## ਵਿੱਤ ਮੰਤਰੀ ਹਰਪਾਲ ਚੀਮਾ ਦਾ ਪੁਤਲਾ ਫੂਕਿਆ



ਮਾਨਸਾ (ਆਤਮਾ ਸਿੰਘ ਪਮਾਰ)-ਸਮੂਹ ਵਿਭਾਗਾਂ ਦੇ ਸਮੂਹੇ ਕਰਮਚਾਰੀਆਂ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਮੁਲਾਜ਼ਮਾਂ ਨੂੰ 'ਐਂਟੀ-ਸਟੇਟ' ਕਹਿਣ ਦੇ ਰੋਸ ਵਜੋਂ ਇੱਕ ਵੱਡੀ ਰੋਸ ਰੈਲੀ ਬਾਲ ਭਵਨ ਮਾਨਸਾ ਵਿਖੇ ਕੀਤੀ ਗਈ। ਇਸ ਰੈਲੀ ਦੌਰਾਨ ਭੜਕੇ ਕਰਮਚਾਰੀਆਂ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਪੁਤਲਾ ਸਾੜਿਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਜ਼ੋਰਦਾਰ ਪਿੱਟ-ਸਿਆਪਾ ਵੀ ਕੀਤਾ ਗਿਆ।ਰੈਲੀ ਨੂੰ ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਦੇ ਪ੍ਰਧਾਨ ਪ੍ਰਤਾਪ ਸਿੰਘ ਖੁਡਾਲ ,ਪੰਜਾਬ ਪੁਲਿਸ ਪੈਨਸ਼ਨਰ ਯੂਨੀਅਨ ਦੇ ਅਮਰਜੀਤ ਸਿੰਘ ਭਾਈ ਰੂਪਾ, ਜਸਵੰਤ ਸਿੰਘ ਮੌਜੋ ,ਡੀ ਸੀ ਦਫ਼ਤਰ ਪ੍ਰਧਾਨ ਤੇ ਸੂਬਾਈ ਕਾਨੂੰਨੀ ਸਲਾਹਕਾਰ ਹਰਪ੍ਰੀਤ ਸਿੰਘ , ਸੰਦੀਪ ਸਿੰਘ ਵਾਲੀਆ ਪ੍ਰਧਾਨ ਸਿਹਤ ਵਿਭਾਗ ਨੇ ਸੰਬੋਧਨ ਕੀਤਾ।ਇਸ ਮੌਕੇ ਸੰਦੀਪ ਸਿੰਘ ਬਾਲੀਆ, ਮਨਦੀਪ ਸਿੰਘ, ਨਰਿੰਦਰ ਸਿੰਘ, ਭੂਸ਼ਨ ਕੁਮਾਰ, ਗਗਨਦੀਪ ਸਿੰਘ, ਵਿਸ਼ਾਲ ਗੋਇਲ, ਲਵਜੀਤ ਸਿੰਘ, ਕੁਲਵਿੰਦਰ ਸਿੰਘ, ਹਰਦੀਪ ਸਿੰਘ, ਜਸਦੀਪ ਸਿੰਘ, ਹਰਦੀਪ ਸਿੰਘ ਮਾਨ, ਮੋਹਿਤ ਕੁਮਾਰ, ਮਨਜੀਤ ਸਿੰਘ, ਗੁਰਲਾਲ ਸਿੰਘ, ਧਰਮਜੀਤ ਸਿੰਘ, ਜਸਵੀਰ ਸਿੰਘ, ਪ੍ਰਵਿੰਦਰ ਕੌਰ, ਹਰਬੰਸ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਕੌਰ, ਹਰਪ੍ਰੀਤ ਕੌਰ, ਗਗਨਦੀਪ ਕੌਰ, ਗੁਰਮੇਲ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਵੱਡੀ ਗਿਣਤੀ ਕਰਮਚਾਰੀ ਤੇ ਪੈਨਸ਼ਨਰਜ਼ ਹਾਜ਼ਰ ਸਨ।

## ਝਾਰਖੰਡ ਵਿਖੇ ਚੱਲ ਰਹੇ ਵਿਦਿਆਰਥੀ ਪ੍ਰਦਰਸ਼ਨ ਦੇ ਹੱਕ 'ਚ ਕੀਤੀਆਂ ਰੈਲੀਆਂ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਵੱਲੋਂ ਝਾਰਖੰਡ ਵਿੱਚ ਚੱਲ ਰਹੇ ਵਿਦਿਆਰਥੀ ਪ੍ਰਦਰਸ਼ਨ ਦੇ ਹੱਕ ਵਿੱਚ, ਪੁਲਸ ਤੇ ਹਕੂਮਤੀ ਜਬਰ ਵਿਰੁੱਧ ਵੱਖ ਵੱਖ ਕਾਲਜਾਂ ਵਿੱਚ ਰੈਲੀਆਂ ਕੀਤੀਆਂ ਗਈਆਂ।ਇਸ ਮੌਕੇ ਵਿਦਿਆਰਥੀ ਆਗੂ ਗੁਰਵਿੰਦਰ ਸਿੰਘ, ਬਿੱਕਰ ਪੂਹਲਾ ਤੇ ਅੰਕਿਤਾ ਨੇ ਕਿਹਾ ਕਿ ਜੀਪੀਐੱਸਸੀ ਤੇ ਜੇਐੱਸਐੱਸਸੀ ਭਰਤੀ ਪ੍ਰੀਖਿਆਵਾਂ ਵਿੱਚ ਹੋਈਆਂ ਕੁਤਾਹੀਆਂ ਵਿਰੁੱਧ ਪਿਛਲੇ ਦਿਨਾਂ ਤੋਂ ਵਿਦਿਆਰਥੀ ਝਾਰਖੰਡ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ, ਪਰ ਝਾਰਖੰਡ ਸਰਕਾਰ ਵੱਲੋਂ ਵਿਦਿਆਰਥੀ ਮੰਗਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ, ਜਿਸ ਕਾਰਨ ਵਿਦਿਆਰਥੀਆਂ ਵੱਲੋਂ ਵਿਧਾਨ ਸਭਾ ਵੱਲ ਮਾਰਚ ਦਾ ਸੱਦਾ ਦਿੱਤਾ ਗਿਆ ਸੀ।ਝਾਰਖੰਡ ਸਰਕਾਰ ਦੀ ਸ਼ਹਿ 'ਤੇ ਪੁਲਸ ਵੱਲੋਂ ਵਿਧਾਨ ਸਭਾ ਵੱਲ ਮਾਰਚ ਕਰਦੇ ਵਿਦਿਆਰਥੀਆਂ ਉੱਪਰ ਲਾਠੀਚਾਰਜ ਕੀਤਾ ਗਿਆ, ਅੱਥਰੂ ਗੈਸ ਦੇ ਗੋਲੇ ਦਾਗੇ ਗਏ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ।ਝਾਰਖੰਡ ਸਰਕਾਰ ਤੇ ਪੁਲਸ ਦੇ ਇਸ ਜਾਬਰ ਰਵੱਈਏ ਦੀ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਮੰਗ ਕੀਤੀ ਗਈ ਕਿ ਇਸ ਐਕਸ਼ਨ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਤੇ ਸਿਆਸੀ ਨੁਮਾਇੰਦਿਆਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੀਆਂ ਮੰਗਾਂ ਦਾ ਫੌਰੀ ਹੱਲ ਕੀਤਾ ਜਾਵੇ।ਇਸ ਮੌਕੇ ਵਿਦਿਆਰਥੀਆਂ ਨੂੰ ਜਥੇਬੰਦ ਹੋ ਕੇ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ ਗਿਆ।ਪੰਜਾਬ ਦੇ ਸਰਕਾਰੀ ਅਦਾਰਿਆਂ ਵਿੱਚ ਵੱਡੀ ਪੱਧਰ 'ਤੇ ਅਸਾਮੀਆਂ ਖਾਲੀ ਹਨ ਤੇ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰ ਹਨ, ਪਰ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਅਸਾਮੀਆਂ ਭਰਨ ਤੋਂ ਪਿੱਛੇ ਹਟ ਰਹੀ ਹੈ।ਇਸ ਵਿਰੁੱਧ ਸਾਂਝੇ ਸੰਘਰਸ਼ ਉਸਾਰਨ ਦਾ ਸੱਦਾ ਦਿੱਤਾ ਗਿਆ।ਪੀ.ਐੱਸ.ਯੂ. (ਸ਼ਹੀਦ ਰੰਧਾਵਾ) ਦੀ ਅਗਵਾਈ ਵਿੱਚ ਯੂਨੀਵਰਸਿਟੀ ਕਾਲਜ ਘੁੱਦਾ, ਟੀ.ਪੀ.ਡੀ. ਮਾਲਵਾ ਕਾਲਜ (ਰਾਮਪੁਰਾ ਫੂਲ) ਅਤੇ ਯੂਨੀਵਰਸਿਟੀ ਕਾਲਜ ਮੂਨਕ ਵਿੱਚ ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਰੈਲੀਆਂ ਕੀਤੀਆਂ ਗਈਆਂ।

## ਗੁਰੂ ਨਾਨਕ ਕਾਲਜ 'ਚ ਮਨਾਇਆ ਰਾਸ਼ਟਰੀ ਏਕਤਾ ਦਿਵਸ

### ਦੇਸ਼ ਦੀ ਏਕਤਾ ਤੇ ਅਖੰਡਤਾ 'ਚ ਸਰਦਾਰ ਪਟੇਲ ਨੇ ਪਾਇਆ ਅਹਿਮ ਯੋਗਦਾਨ : ਡਾ. ਗੁਰਿੰਦਰਜੀਤ ਸਿੰਘ




ਮੋਗਾ (ਇਕਬਾਲ ਸਿੰਘ ਖਹਿਰਾ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਨਾਨਕ ਕਾਲਜ ਮੋਗਾ ਵਿਖੇ ਜ਼ਿਲ੍ਹਾ ਪੁਲਸ ਮੋਗਾ ਦੇ ਸਾਂਝ ਕੇਂਦਰ ਵੱਲੋਂ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਵਿਭਾਗ ਤੇ ਸਰੀਰਕ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਰਾਸ਼ਟਰੀ ਏਕਤਾ ਸਬੰਧੀ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਦੀ ਸ਼ੁਰੂਆਤ ਡਾ ਗੁਰਿੰਦਰਜੀਤ ਸਿੰਘ ਭੁੱਲਰ ਪ੍ਰਿੰਸੀਪਲ ਨੇ ਸਵਾਗਤੀ ਭਾਸ਼ਣ ਨਾਲ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਸਾਂਝੀ ਕਰਦੇ ਹੋਏ ਦੱਸਿਆ ਕਿ ਸਰਦਾਰ ਵੱਲਭ ਭਾਈ ਪਟੇਲ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਰਾਸ਼ਟਰੀ ਏਕਤਾ ਤੋਂ ਭਾਵ ਕੌਮੀ ਸ਼ਕਤੀ ਹੈ ਜੋ ਜਾਤ, ਧਰਮ, ਪ੍ਰਾਂਤਾਂ ਬੋਲੀ ਦੀ ਵੱਖਰਤਾ ਦੇ ਬਾਵਜੂਦ ਸਾਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦੀ ਹੈ ਕਿ ਅਸੀਂ ਇੱਕ ਗੁਲਦਸਤੇ ਵਿੱਚ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਵਾਂਗ ਹਾਂ।ਅਸੀਂ ਪੰਜਾਬੀ ਗੁਰੂ ਪੀਰ ਫਕੀਰਾਂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹੋਏ ਆਪੋ ਆਪਣੇ ਧਰਮਾਂ ਵਿੱਚ ਪ੍ਰਪੱਕ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਸਿੱਖਿਆ ਤੇ ਚੱਲਦੇ ਆਪਣੇ ਦੇਸ਼ ਤੋਂ ਆਪਾ ਵਾਰਨ ਤੋਂ ਗੁਰੇਜ ਨਹੀਂ ਕਰਦੇ ਪ੍ਰੋ: ਬਲਵਿੰਦਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਰਾਸ਼ਟਰੀ ਏਕਤਾ ਸਮਾਜ ਵਿੱਚੋਂ ਸ਼ੁਰੂ ਹੁੰਦੀ ਹੈ ਤੇ ਸਾਨੂੰ ਸਭ ਨੂੰ ਰਲ ਮਿਲ ਕੇ ਸਾਂਝੀਵਾਲਤਾ ਦਾ ਸੁਨੇਹਾ ਦੇਣਾ ਚਾਹੀਦਾ ਹੈ।ਡਾ. ਸੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਵਿਚਾਰ ਸਾਂਝੇ ਕਰਦੇ ਦੱਸਿਆ ਕਿ ਜਾਤ ਪਾਤ, ਧਰਮ ਤੇ ਆਰਥਿਕ ਹਾਲਾਤਾਂ ਤੋਂ ਉੱਪਰ ਉੱਠ ਕੇ ਜ਼ਿੰਦਗੀ ਦੇ ਵਿੱਚ ਅੱਗੇ ਵਧਣਾ ਚਾਹੀਦਾ ਹੈ।ਮਾਪਿਆਂ ਤੇ ਅਧਿਆਪਕਾਂ ਦੀ ਪ੍ਰੇਰਨਾ ਨਾਲ ਉੱਚੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ।ਡਾ. ਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਸੰਬੋਧਨ ਕਰਦੇ ਹੋਏ ਦੱਸਿਆ ਕਿ ਜ਼ਿੰਦਗੀ ਵਿੱਚ ਆਈਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਸਾਨੂੰ ਅੱਗੇ ਵਧਦੇ ਹੋਏ ਆਪਣੀ ਮੰਜ਼ਿਲ ਹਾਸਲ ਕਰਨੀ ਚਾਹੀਦੀ ਹੈ।ਅੰਤ ਵਿੱਚ ਡਾ. ਗੁਰਪਾਲ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸੁਖਬੀਰ 'ਤੇ ਹਮਲੇ ਦੀ ਹੋਵੇ ਉੱਚ ਪੱਧਰੀ ਜਾਂਚ : ਰਾਕੇਸ਼ ਬੱਗਾ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਜ਼ਾਦ ਉਮੀਦਵਾਰ ਰਾਕੇਸ਼ ਬੱਗਾ ਨੇ ਘੋਰ ਨਿੰਦਾ ਕਰਦਿਆਂ ਹਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।ਬੱਗਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਂਦੇੜ ਸਾਹਿਬ ਵਿਖੇ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਸਨ। ਇਸ ਦੌਰਾਨ ਉਨ੍ਹਾਂ 'ਤੇ ਹਮਲਾ ਕੀਤਾ ਜਾਣਾ ਮੰਦਭਾਗਾ ਹੈ।ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲੇ ਜਿਸ ਵੀ ਵਿਅਕਤੀ ਨੇ ਕਾਨੂੰਨ ਹੱਥਾਂ ਵਿੱਚ ਲਿਆ, ਉਸ ਖਿਲਾਫ਼ ਕਾਨੂੰਨ ਨੂੰ ਬਣਦੀ ਸਖਤ ਤੋਂ ਸਖਤ ਕਾਰਵਾਈ ਕਰਨੀ ਹੈ।ਉਨ੍ਹਾਂ ਕਿਹਾ ਕਿ ਗੁਰੂ ਘਰ ਨਿਮਾਣਾ ਹੋ ਕੇ ਕੋਈ ਵੀ ਸੰਗਤ ਰੂਪ ਵਿਚ ਗਿਆ, ਉਸ 'ਤੇ ਅਜਿਹਾ ਹਮਲਾ ਬਰਦਾਸ਼ਤਯੋਗ ਨਹੀਂ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਇਹ ਦੂਜਾ ਹਮਲਾ, ਅਜਿਹੀਆਂ ਸਾਜ਼ਿਸ਼ਾਂ ਰਚਣ ਵਾਲੇ ਵਿਅਕਤੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਣੀ ਬਣਦੀ ਹੈ। ਉਨ੍ਹਾਂ ਪ੍ਰਮਾਤਮਾ ਅੱਗੇ ਸੁਖਬੀਰ ਸਿੰਘ ਬਾਦਲ ਦੀ ਚੜ੍ਹਦੀ ਕਲਾ ਤੇ ਸਲਾਮਤੀ ਦੀ ਅਰਦਾਸ ਵੀ ਕੀਤੀ ਹੈ ਕਿ ਉਹ ਹਿੰਮਤ ਤੇ ਹੌਸਲੇ ਵਿਚ ਰਹਿਣ ਸਮੁੱਚਾ ਪੰਥ ਉਨ੍ਹਾਂ ਨਾਲ ਖੜਾ ਹੈ।

## ਵਣ ਮਹੋਤਸਵ ਮੌਕੇ ਵਾਤਾਵਰਣ ਸੰਭਾਲ ਦਾ ਹੋਕਾ




ਸੰਗਰੂਰ (ਪ੍ਰਵੀਨ ਸਿੰਘ)-ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਆਈ.ਸੀ.ਏ.ਆਰ.-ਅਟਾਰੀ, ਜ਼ੋਨ-1, ਲੁਧਿਆਣਾ ਦੀ ਅਗਵਾਈ ਹੇਠ ਵਣ ਮਹੋਤਸਵ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਵਾਤਾਵਰਨ ਸੰਤੁਲਨ ਬਣਾਈ ਰੱਖਣ, ਵਾਤਾਵਰਨ ਦੀ ਰੱਖਿਆ ਕਰਨ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਇੰਚਾਰਜ ਡਾ. ਮਨਦੀਪ ਸਿੰਘ ਨੇ ਵਾਤਾਵਰਨ ਸੰਤੁਲਨ ਬਣਾਈ ਰੱਖਣ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਵਿੱਚ ਰੁੱਖਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਡਾ. ਰਵਿੰਦਰ ਕੌਰ, ਸਹਿਯੋਗੀ ਪ੍ਰੋਫੈਸਰ (ਬਾਗਬਾਨੀ) ਨੇ ਮੌਸਮੀ ਫਲਦਾਰ ਬੂਟਿਆਂ ਦੇ ਫਾਇਦਿਆਂ ਨੂੰ ਸਾਂਝਾ ਕੀਤਾ।ਡਾ. ਵਿਤਸਤਾ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਸਮੂਹ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਪਿੰਡਾਂ ਵਿੱਚ ਰੁੱਖ ਲਗਾਉਣ ਅਤੇ ਉਹਨਾਂ ਦਾ ਪਾਲਣ-ਪੋਸ਼ਣ ਲਈ ਉਤਸ਼ਾਹਤ ਕੀਤਾ।

## ਨਵੇਂ ਸੈਸ਼ਨ ਦੀ ਸ਼ੁਰੂਆਤ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ



ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਗਰੁੱਪ ਆਫ ਕਾਲਜ ਬੀਰ ਕਲਾਂ ਵਿਖੇ ਨਵੇਂ ਵਿਦਿੱਅਕ ਸੈਸ਼ਨ 2026-27 ਦੀ ਸ਼ੁਰੂਆਤ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਜਿਵੇਂ ਹਰ ਨਵੇਂ ਕੰਮ ਦੀ ਸ਼ੁਰੂਆਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਓਟ ਆਸਰੇ ਨਾਲ ਹੁੰਦੀ ਹੈ ਇਸੇ ਤਰਾਂ ਨਵੇਂ ਵਿਦਿਕ ਸੈਸ਼ਨ ਦੀ ਸ਼ੁਰੂਆਤ ਸਮੇਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਹਨ। ਇਸ ਮੌਕੇ ਮੁੱਖ ਮਹਿਮਾਨ ਵਜੋਂ ਭਗਵੰਤ ਸਿੰਘ ਮਾਨ ਮੁੱਖ ਮੰ ਦੇ ਮਾਤਾ ਹਰਪਾਲ ਕੌਰ ਸ਼ਾਮਿਲ ਹੋਏ।

## ਸਿਹਤ ਸੇਵਾਵਾਂ 'ਚ ਐੱਚ ਐੱਮ ਈ ਐੱਲ ਦੇ ਯੋਗਦਾਨ ਨੂੰ ਏਮਜ਼ ਬਠਿੰਡਾ ਵੱਲੋਂ ਸਨਮਾਨ

### 59 ਪਿੰਡਾਂ 'ਚ ਲੋੜਵੰਦਾਂ ਨੂੰ ਮਿਲ ਰਿਹੈ ਸਿਹਤ ਸੇਵਾਵਾਂ ਦਾ ਲਾਭ



ਤਲਵੰਡੀ ਸਾਬੋ (ਜਗਦੀਪ ਗਿੱਲ)
ਆਸ-ਪਾਸ ਦੇ ਭਾਈਚਾਰਿਆਂ ਤੱਕ ਗੁਣਵੱਤਾਪੂਰਨ ਤੇ ਪਹੁੰਚਯੋਗ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਐੱਚ ਐੱਮ ਈ ਐੱਲ ਵੱਲੋਂ ਕੀਤੀਆਂ ਜਾ ਰਹੀਆਂ ਲਗਾਤਾਰ ਪਹਿਲਕਦਮੀਆਂ ਨੂੰ ਮਾਨਤਾ ਦਿੰਦਿਆਂ ਏਮਜ਼ ਬਠਿੰਡਾ ਵੱਲੋਂ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ।ਏਮਜ਼ ਬਠਿੰਡਾ ਦੇ ਕਾਰਜਕਾਰੀ ਨਿਰਦੇਸ਼ਕ ਦੇ ਸੱਦੇ 'ਤੇ ਐੱਚ ਐੱਮ ਈ ਐੱਲ ਦੇ ਮੁੱਖ ਸੰਚਾਲਨ ਅਧਿਕਾਰੀ ਸ਼੍ਰੀ ਐੱਮ.ਬੀ. ਗੋਹਿਲ ਦੀ ਅਗਵਾਈ ਹੇਠ ਐੱਚਐੱਮਈਐੱਲ ਦੀ ਟੀਮ ਨੇ ਸਮਾਰੋਹ ਵਿੱਚ ਸ਼ਿਰਕਤ ਕੀਤੀ।ਟੀਮ ਵਿੱਚ ਮੁੱਖ ਮੈਡੀਕਲ ਅਧਿਕਾਰੀ ਡਾ. ਪ੍ਰਵੀਨ ਮੁਦਗਲ ਤੇ ਸੀਐੱਸਆਰ ਦੇ ਡੀਜੀਐੱਮ ਸ਼੍ਰੀ ਵਿਸ਼ਵ ਮੋਹਨ ਪ੍ਰਸਾਦ ਸਮੇਤ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ। ਸਮਾਰੋਹ ਦੌਰਾਨ ਏਮਜ਼ ਬਠਿੰਡਾ ਦੇ ਪ੍ਰਬੰਧਨ ਤੇ ਸੀਨੀਅਰ ਡਾਕਟਰਾਂ ਨੇ ਸਿਹਤ ਖੇਤਰ ਵਿੱਚ ਐੱਚ ਐੱਮ ਈ ਐੱਲ ਦੇ ਲਗਾਤਾਰ ਸਹਿਯੋਗ ਤੇ ਭਾਈਚਾਰਾ-ਕੇਂਦਰਿਤ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਐੱਚ ਐੱਮ ਈ ਐੱਲ ਟੀਮ ਨੂੰ ਸਨਮਾਨਤ ਕੀਤਾ।ਇਹ ਸਨਮਾਨ ਆਸ-ਪਾਸ ਦੇ ਭਾਈਚਾਰਿਆਂ ਲਈ ਕਿਫਾਇਤੀ, ਪਹੁੰਚਯੋਗ ਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਵਿੱਚ ਐੱਚ ਐੱਮ ਈ ਐੱਲ ਦੇ ਯੋਗਦਾਨ ਲਈ ਏਮਜ਼ ਵੱਲੋਂ ਕੀਤੀ ਗਈ ਸਰਾਹਨਾ ਨੂੰ ਦਰਸਾਉਂਦਾ ਹੈ।ਸਮਾਗਮ ਦੀ ਸ਼ੁਰੂਆਤ ਏਮਜ਼ ਬਠਿੰਡਾ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਸੀਨੀਅਰ ਪ੍ਰਬੰਧਨ ਟੀਮ ਵੱਲੋਂ ਐੱਚ ਐੱਮ ਈ ਐੱਲ ਦੇ ਵਫ਼ਦ ਦੇ ਨਿੱਘੇ ਸਵਾਗਤ ਨਾਲ ਹੋਈ। ਇਸ ਤੋਂ ਬਾਅਦ ਇੱਕ ਆਡੀਓ-ਵਿਜ਼ੂਅਲ ਪੇਸ਼ਕਾਰੀ ਰਾਹੀਂ ਐੱਚ ਐੱਮ ਈ ਐੱਲ ਵੱਲੋਂ ਸਹਿਯੋਗ ਪ੍ਰਾਪਤ ਮੋਬਾਈਲ ਮੈਡੀਕਲ ਯੂਨਿਟ ਤੇ ਟੈਲੀਮੈਡੀਸਨ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ ਗਈ।ਇਹ ਸੇਵਾਵਾਂ ਆਸ-ਪਾਸ ਦੇ 59 ਪਿੰਡਾਂ ਵਿੱਚ ਲੋੜਵੰਦ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਪੇਸ਼ਕਾਰੀ ਦੌਰਾਨ ਲਾਭਪਾਤਰੀਆਂ ਦੇ ਤਜਰਬੇ ਵੀ ਸਾਂਝੇ ਕੀਤੇ ਗਏ, ਜਿਨ੍ਹਾਂ ਨੇ ਇਨ੍ਹਾਂ ਪਹਿਲਕਦਮੀਆਂ ਦੇ ਭਾਈਚਾਰੇ 'ਤੇ ਪੈ ਰਹੇ ਸਕਾਰਾਤਮਕ ਪ੍ਰਭਾਵ ਨੂੰ ਉਜਾਗਰ ਕੀਤਾ। ਸਮਾਰੋਹ ਦੌਰਾਨ ਏਮਜ਼ ਬਠਿੰਡਾ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਸੀਨੀਅਰ ਫੈਕਲਟੀ ਮੈਂਬਰਾਂ, ਜਿਨ੍ਹਾਂ ਵਿੱਚ ਡੀਨ ਆਫ ਮੈਡੀਕਲ ਐਜੂਕੇਸ਼ਨ ਤੇ ਪੀਡੀਆਟ੍ਰਿਕਸ, ਐਂਡੋਕ੍ਰਾਈਨੋਲੋਜੀ ਤੇ ਫੈਮਿਲੀ ਐਂਡ ਕਮਿਊਨਿਟੀ ਮੈਡੀਸਨ ਵਿਭਾਗਾਂ ਦੇ ਮੁਖੀ ਸ਼ਾਮਲ ਸਨ, ਨੇ ਐੱਚ ਐੱਮ ਈ ਐੱਲ ਦੇ ਯੋਗਦਾਨ ਦੀ ਸ਼ਲਾਘਾ ਕੀਤੀ।ਏਮਜ਼ ਪ੍ਰਬੰਧਨ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਪਹਿਲਕਦਮੀਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਰਾਹੀਂ ਲੋੜਵੰਦ ਮਰੀਜ਼ਾਂ ਨੂੰ ਮਹੱਤਵਪੂਰਨ ਮੈਡੀਕਲ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਇਨ੍ਹਾਂ ਵਿੱਚ ਕ੍ਰਿਟੀਕਲ ਕੇਅਰ ਲਈ ਉੱਨਤ ਵੈਂਟੀਲੇਟਰ, ਟਾਈਪ-1 ਡਾਇਬਟੀਜ਼ ਤੋਂ ਪੀੜਤ ਬੱਚਿਆਂ ਤੇ ਲੋੜਵੰਦ ਭਾਈਚਾਰੇ ਦੇ ਲੋਕਾਂ ਲਈ ਇਨਸੁਲਿਨ ਸਹਾਇਤਾ ਅਤੇ ਭਾਈਚਾਰੇ ਲਈ ਰੋਕਥਾਮੀ ਤੇ ਮੁੱਢਲੀਆਂ ਸਿਹਤ ਸੇਵਾਵਾਂ ਸ਼ਾਮਲ ਹਨ।ਏਮਜ਼ ਪ੍ਰਬੰਧਨ ਨੇ ਐੱਚ ਐੱਮ ਈ ਐੱਲ ਵੱਲੋਂ ਸਹਿਯੋਗ ਪ੍ਰਾਪਤ ਮੋਬਾਈਲ ਮੈਡੀਕਲ ਯੂਨਿਟ ਪ੍ਰੋਜੈਕਟ ਨੂੰ ਵੀ ਇੱਕ ਮਹੱਤਵਪੂਰਨ ਪਹਿਲਕਦਮੀ ਦੱਸਿਆ। ਇਸ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਕਿਫਾਇਤੀ ਸਿਹਤ ਸੇਵਾਵਾਂ, ਡਾਕਟਰੀ ਸਲਾਹ, ਟੈਲੀਮੈਡੀਸਨ ਤੇ ਲੋੜ ਪੈਣ 'ਤੇ ਰੈਫਰਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਿਹਤ ਜਾਗਰੂਕਤਾ ਪ੍ਰੋਗਰਾਮਾਂ ਵਰਗੀਆਂ ਪਹਿਲਕਦਮੀਆਂ ਦੀ ਵੀ ਸ਼ਲਾਘਾ ਕੀਤੀ ਗਈ, ਜਿਨ੍ਹਾਂ ਦਾ ਉਦੇਸ਼ ਭਾਈਚਾਰੇ ਵਿੱਚ ਸਿਹਤ ਸਬੰਧੀ ਜਾਗਰੂਕਤਾ ਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ ਹੈ।ਸਮਾਰੋਹ ਨੂੰ ਸੰਬੋਧਨ ਕਰਦਿਆਂ ਐੱਚ ਐੱਮ ਈ ਐੱਲ ਦੇ ਸੀ ਓ ਓ ਸ਼੍ਰੀ ਐੱਮ. ਬੀ. ਗੋਹਿਲ ਨੇ ਐੱਚ ਐੱਮ ਈ ਐੱਲ ਦੀ ਵਿਕਾਸ ਯਾਤਰਾ ਤੇ ਭਾਰਤ ਦੀ ਊਰਜਾ ਸੁਰੱਖਿਆ ਵਿੱਚ ਕੰਪਨੀ ਦੇ ਯੋਗਦਾਨ ਬਾਰੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਐੱਚ ਐੱਮ ਈ ਐੱਲ ਆਪਣੀਆਂ ਪਹਿਲਕਦਮੀਆਂ ਰਾਹੀਂ ਸਿਹਤ, ਸਿੱਖਿਆ, ਆਜੀਵਿਕਾ, ਹੁਨਰ ਵਿਕਾਸ, ਭਾਈਚਾਰਕ ਬੁਨਿਆਦੀ ਢਾਂਚਾ, ਖੇਡਾਂ, ਕਲਾ ਤੇ ਸੱਭਿਆਚਾਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਲੰਬੇ ਸਮੇਂ ਲਈ ਯੋਜਨਾਬੱਧ ਕੰਮ ਕਰ ਰਿਹਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਐੱਚ ਐੱਮ ਈ ਐੱਲ ਦਾ ਭਾਈਚਾਰਕ ਵਿਕਾਸ ਪ੍ਰਤੀ ਦ੍ਰਿਸ਼ਟੀਕੋਣ ਸਿਰਫ਼ ਕਾਨੂੰਨੀ ਸੀ ਐੱਸ ਆਰ ਜ਼ਿੰਮੇਵਾਰੀਆਂ ਤੱਕ ਸੀਮਿਤ ਨਹੀਂ ਹੈ, ਸਗੋਂ ਸਮਾਜ ਦੀਆਂ ਅਸਲ ਲੋੜਾਂ ਨੂੰ ਸਮਝਦਿਆਂ ਲੰਬੇ ਸਮੇਂ ਲਈ ਪ੍ਰਭਾਵਸ਼ਾਲੀ ਹੱਲ ਵਿਕਸਿਤ ਕਰਨ 'ਤੇ ਕੇਂਦਰਿਤ ਹੈ।

## ਬੀ ਐੱਲ ਓਜ਼ ਯੂਨੀਅਨ ਨੇ ਮੁੱਖ ਚੋਣ ਅਫਸਰ ਪੰਜਾਬ ਨਾਲ ਅਹਿਮ ਮੁੱਦੇ ਵਿਚਾਰੇ



ਕੋਟ ਈਸੇ ਖਾਂ (ਅਰੋੜਾ)-ਬੀ ਐਲ ਓਜ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਸਟੇਟ ਆਗੂ ਕੁਲਦੀਪ ਸਿੰਘ ਬੱਡੂਵਾਲ ਦੀ ਪ੍ਰਧਾਨਗੀ ਹੇਠ ਮੁੱਖ ਚੋਣ ਅਫਸਰ ਪੰਜਾਬ ਮੈਡਮ ਅਨਿੰਦਿਤਾ ਮਿੱਤਰਾ, ਜੁਆਇੰਟ ਸੀ ਈ ਓ, ਮੈਡਮ ਨਵਨੀਤ ਕੌਰ ਬੱਲ, ਡਿਪਟੀ ਸੀ ਈ ਓ ਅਮਨਦੀਪ ਸਮੇਤ ਹੋਰ ਚੋਣ ਅਧਿਕਾਰੀ ਸਾਹਿਬਾਨ ਨਾਲ ਹੋਈ।ਸੀ ਈ ਓ ਮੈਡਮ ਵੱਲੋਂ ਪੰਜਾਬ ਦੇ ਸਮੂਹ ਬੀ.ਐਲ.ਓਜ ਵੱਲੋਂ ਐਸ.ਆਈ.ਆਰ ਦੇ ਪਹਿਲੇ ਪੜਾਅ ਦੌਰਾਨ ਕੀਤੇ ਬਾਕਮਾਲ ਕੰਮ ਲਈ ਸ਼ੁਕਰਾਨਾ ਕੀਤਾ ਗਿਆ।ਯੂਨੀਅਨ ਆਗੂਆਂ ਵੱਲੋਂ ਪੰਜਾਬ ਪੱਧਰ 'ਤੇ ਇਕ ਸਾਰ ਫ਼ਾਰਗੀ ਦੀ ਮੰਗ ਪ੍ਰਵਾਨ ਕਰਨ ਲਈ ਧੰਨਵਾਦ ਕਰਨ ਉਪਰੰਤ ਵਿਸ਼ੇਸ਼ ਗਹਿਰੀ ਸੁਧਾਈ ਦੌਰਾਨ ਵਿਛੜ ਚੁੱਕੇ ਚਾਰ ਸਾਥੀਆਂ ਦੇ ਪਰਿਵਾਰ ਦੀ ਆਰਥਿਕ ਮਦਦ ਕਰਾਉਣ, ਅਧਿਆਪਕਾ ਦੀ ਹੋਈ ਬਦਲੀ ਦੇ ਆਰਡਰ ਲਾਗੂ ਕਰਵਾਉਣ ਦੀ ਪ੍ਰਵਾਨਗੀ, ਨੋਟਿਸ/ਐਲ.ਡੀ ਪ੍ਰਕਿਰਿਆ ਨੂੰ ਆਸਾਨ ਕਰਵਾਉਣ, ਟੈਬ ਦੀ ਸਹੂਲਤ ਦਿਵਾਉਣ, ਚੋਣ ਕੰਮ ਤੋਂ ਬਿਨਾਂ ਬਾਕੀ ਹੋਰ ਡਿਊਟੀਆਂ ਤੋਂ ਛੋਟ ਦੇਣ ਲਈ ਪੱਕੇ ਰੂਲਜ ਚੋਣ ਕਮਿਸ਼ਨ ਵੱਲੋਂ ਬਣਾਉਣ, ਸਮੂਹ ਬੂਥ ਲੈਵਲ ਅਫਸਰ ਦਾ ਬੀਮਾ ਕਰਨ, ਮਾਣਭੱਤਾ ਵਧਾਉਣ, ਛੁੱਟੀ ਵਾਲੇ ਦਿਨ ਕੰਮ ਕਰਨ ਦੇ ਬਦਲੇ ਇਵਜੀ ਛੁੱਟੀ ਦੇ ਹੁਕਮ ਜਾਰੀ ਕਰਨ, ਜਮੀਨੀ ਪੱਧਰ 'ਤੇ ਬੀਐਲਓ ਨੂੰ ਆ ਰਹੀਆਂ ਸਾਰੀਆਂ ਪਰੇਸ਼ਾਨੀਆਂ 'ਤੇ ਵਿਸਥਾਰ ਵਿੱਚ ਲੰਬੀ ਵਿਚਾਰ ਚਰਚਾ ਹੋਈ।

## ਪਿੰਡ ਡੱਲਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਹਠੂਰ (ਲਵਲੀ ਕੁਮਾਰ)-ਸਰਪੰਚ ਪਾਲੀ ਡੱਲਾ ਅਤੇ ਸਮੂਹ ਗ੍ਰਾਮ ਪੰਚਾਇਤ ਡੱਲਾ ਦੀ ਅਗਵਾਈ ਹੇਠ ਸਮੂਹ ਪਿੰਡ ਵਾਸੀਆ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਡੱਲਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਪਿੰਡ ਦੀਆਂ ਔਰਤਾਂ ਅਤੇ ਧੀਆਂ ਨੇ ਸੱਭਿਆਚਾਰ ਪ੍ਰੋਗਰਾਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਪ੍ਰੋਗਰਾਮ ਦਾ ਉਦਘਾਟਨ ਬਲਾਕ ਸੰਮਤੀ ਜਗਰਾਉ ਦੀ ਚੇਅਰਮੈਨ ਬੀਬੀ ਕਿਰਨਦੀਪ ਕੌਰ ਨੇ ਰੀਬਨ ਕੱਟ ਕੇ ਕੀਤਾ।ਇਸ ਮੌਕੇ ਸਕੂਲੀ ਵਿਦਿਆਰਥਣਾਂ ਅਤੇ ਪਿੰਡ ਦੀਆਂ ਔਰਤਾਂ ਨੇ ਗਿੱਧਾ, ਕਿੱਕਲੀ, ਲੁੱਡੀ, ਪੀਂਘ ਝੂਟਣਾ, ਭੰਡਾਂ ਦਾ ਰੋਲ ਅਤੇ ਹਾਸਰਸ ਸਕਿੱਟ ਪੇਸ਼ ਕੀਤੇ।ਪ੍ਰਧਾਨ ਨਿਰਮਲ ਸਿੰਘ ਡੱਲਾ ਨੇ ਸਮੂਹ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ।

## ਆਸਰਾ ਗਰੁੱਪ 'ਚ ਫਰੈਸ਼ਰ ਪਾਰਟੀ ਮੌਕੇ ਸੰਗੀਤਮਈ ਸ਼ਾਮ



ਭਵਾਨੀਗੜ੍ਹ (ਰਾਜ ਖੁਰਮੀ)-ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇਅ 'ਤੇ ਸਥਿਤ ਆਸਰਾ ਗਰੁੱਪ ਵਿਖੇ ਨਵੇਂ ਵਿਦਿਆਰਥੀਆਂ ਦੇ ਸਵਾਗਤ ਲਈ ਫਰੈਸ਼ਰ ਪਾਰਟੀ ਅਤੇ 'ਸਟਾਰ ਨਾਈਟ ਅਭਿਨੰਦਨ-26.0' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਖੂਬ ਰੌਣਕਾਂ ਲਾਈਆਂ, ਜਦ ਕਿ ਪ੍ਰਸਿੱਧ ਪੰਜਾਬੀ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੇ ਸੰਗੀਤਮਈ ਸ਼ਾਮ ਨੂੰ ਯਾਦਗਾਰ ਬਣਾ ਦਿੱਤਾ।ਸਮਾਗਮ ਵਿੱਚ ਆਸਰਾ ਗਰੁੱਪ ਦੇ ਚੇਅਰਮੈਨ ਡਾ. ਆਰ.ਕੇ. ਗੋਇਲ, ਐੱਮ.ਡੀ. ਡਾ. ਕੇਸ਼ਵ ਗੋਇਲ, ਕੈਂਪਸ ਡਾਇਰੈਕਟਰ ਅਰਪਿਤ ਗੋਇਲ, ਮੈਡਮ ਪ੍ਰਿਯੰਕਾ ਗੋਇਲ ਅਤੇ ਮੈਡਮ ਅੰਜੂ ਗੋਇਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਵਿਕਾਸ ਗੋਇਲ ਨੇ ਮੁੱਖ ਮਹਿਮਾਨਾਂ, ਸਟਾਫ਼ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਦੀਪ ਜਗਾਉਣ ਅਤੇ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਡਾਂਸ, ਗੀਤ, ਨਾਟਕ ਅਤੇ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਵਿਦਿਆਰਥੀਆਂ ਅਤੇ ਕਾਲਜ ਵਿੱਚ ਵਿਸ਼ੇਸ਼ ਉਪਲੱਬਧੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨਾਂ ਵੱਲੋਂ ਸਨਮਾਨਿਤ ਕੀਤਾ ਗਿਆ।'ਮਿਸਟਰ ਅਤੇ ਮਿਸ ਅਭਿਨੰਦਨ-26.0' ਦੇ ਖਿਤਾਬ ਵੀ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਗਏ। ਆਸਰਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਦੇ ਅਰਮਾਨ ਸਿੰਘ ਅਤੇ ਡਿੰਪਲ, ਆਸਰਾ ਕਾਲਜ ਆਫ਼ ਐਜੂਕੇਸ਼ਨ ਦੇ ਗੁਰਪ੍ਰੀਤ ਸਿੰਘ ਅਤੇ ਨਵਜੋਤ ਕੌਰ ਅਤੇ ਆਸਰਾ ਇੰਜਨੀਅਰਿੰਗ ਕਾਲਜ ਦੇ ਕੁਨਾਲ ਸ਼ਰਮਾ ਅਤੇ ਸਾਕਸ਼ੀ ਨੂੰ ਇਹ ਸਨਮਾਨ ਪ੍ਰਾਪਤ ਹੋਏ। ਸਟਾਰ ਨਾਈਟ ਦੌਰਾਨ ਮਸ਼ਹੂਰ ਪੰਜਾਬੀ ਕਲਾਕਾਰ ਗੁਲਾਬ ਸਿੱਧੂ, ਅਦਾਕਾਰਾ ਜੈਸਮੀਨ ਭਸੀਨ, ਆਦੀ, ਗੁਰਨੂਰ, ਦਿਲਨੂਰ, ਬਲਰਾਜ ਅਤੇ ਗੁਰਮਨ ਮਾਨ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਐੱਮ.ਡੀ. ਡਾ. ਕੇਸ਼ਵ ਗੋਇਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਅਧਿਆਪਕਾਂ ਦਾ ਸਨਮਾਨ ਕਰਨਾ ਚਾਹੀਦਾ ਹੈ।

## ਸਰਵਹਿਤਕਾਰੀ ਵਿੱਦਿਆ ਮੰਦਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)
ਸਰਵਹਿਤਕਾਰੀ ਵਿੱਦਿਆ ਮੰਦਰ ਜਲਾਲਾਬਾਦ ਵਿਖੇ ਹਰਿਆਲੀ ਤੀਜ ਦਾ ਤਿਉਹਾਰ ਬਹੁਤ ਖੁਸ਼ੀ, ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਕੌਂਸਲਰ ਸ਼੍ਰੀਮਤੀ ਸ਼ਸ਼ੀ ਅਨੇਜਾ, ਡਾ. ਵਨਿਕਾ (ਪ੍ਰਿੰਸੀਪਲ, ਡੀਏਵੀ ਕਾਲਜ) ਤੇ ਡਾ. ਨੇਹਾ ਮਿੱਢਾ (ਪ੍ਰਿੰਸੀਪਲ, ਗੁਰੂ ਰਾਮ ਦਾਸ ਕਾਲਜ) ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਮੀਤ ਮਦਾਨ, ਡਾ. ਸਾਕਸ਼ੀ ਛਾਬੜਾ, ਡਾ. ਰਿਧਿਮਾ ਮਿੱਢਾ, ਪ੍ਰਧਾਨ ਅਨਿਲ ਵਲੇਚਾ, ਸ਼੍ਰੀਮਤੀ ਸੀਮਾ ਦਹੂਜਾ ਤੇ ਸਰਪ੍ਰਸਤ ਮਦਨ ਲਾਲ ਗੁੰਬਰ, ਸ਼੍ਰੀਮਤੀ ਜੀਨਾ ਅਤੇ ਸ਼੍ਰੀਮਤੀ ਡੌਲੀ ਗੁੰਬਰ ਸਮੇਤ ਹੋਰ ਪਤਵੰਤੇ ਮੈਂਬਰ ਵੀ ਮੌਜੂਦ ਸਨ। ਸਕੂਲ ਦੇ ਵਿਹੜੇ ਵਿੱਚ ਤੀਆਂ ਦੇ ਤਿਉਹਾਰ ਮੌਕੇ ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨਾਂ ਰਾਹੀਂ ਪੰਜਾਬੀ ਸੱਭਿਆਚਾਰ ਤੇ ਲੋਕ ਪ੍ਰੰਪਰਾਵਾਂ ਨੂੰ ਪੇਸ਼ ਕੀਤਾ। ਬੱਚਿਆਂ ਦੇ ਮਨਮੋਹਕ ਪ੍ਰਦਰਸ਼ਨਾਂ ਨੇ ਮਹਿਮਾਨਾਂ ਤੇ ਦਰਸ਼ਕਾਂ ਦੋਵਾਂ ਨੂੰ ਮੰਤਰਮੁਗਧ ਕਰ ਦਿੱਤਾ। ਵਿਸ਼ੇਸ਼ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ, ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਤੀਜ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਸਗੋਂ ਸਾਡੇ ਅਮੀਰ ਸੱਭਿਆਚਾਰ, ਪਰੰਪਰਾਵਾਂ, ਲੋਕ ਗੀਤਾਂ, ਲੋਕ ਨਾਚਾਂ ਤੇ ਮਹਿਲਾ ਸਸ਼ਕਤੀਕਰਨ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਕੂਲ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਅਤੇ ਵਿਰਾਸਤ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਪ੍ਰੋਗਰਾਮ ਵਿੱਚ ਗਿੱਧਾ, ਲੋਕ ਗੀਤ, ਨਾਚ, ਰਵਾਇਤੀ ਪਹਿਰਾਵੇ ਦੇ ਪ੍ਰਦਰਸ਼ਨ ਅਤੇ ਤੀਜ ਨਾਲ ਸਬੰਧਤ ਕਈ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਮਹਿਮਾਨਾਂ ਨੇ ਬੱਚਿਆਂ ਦੇ ਆਤਮਵਿਸ਼ਵਾਸ, ਪ੍ਰਤਿਭਾ ਤੇ ਪ੍ਰਭਾਵਸ਼ਾਲੀ ਸਟੇਜ ਹਾਜ਼ਰੀ ਦੀ ਦਿਲੋਂ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਦੁਆਰਾ ਆਯੋਜਿਤ ਇਹ ਸਮਾਗਮ ਜਲਾਲਾਬਾਦ ਖੇਤਰ ਦੇ ਸਭ ਤੋਂ ਵਧੀਆ ਸੱਭਿਆਚਾਰਕ ਪ੍ਰੋਗਰਾਮਾਂ ਵਿੱਚੋਂ ਇੱਕ ਸੀ। ਆਪਣੇ ਸੰਬੋਧਨ ਵਿੱਚ ਸਕੂਲ ਦੇ ਪ੍ਰਧਾਨ ਸ਼੍ਰੀ ਅਨਿਲ ਵਲੇਚਾ ਨੇ ਕਿਹਾ ਕਿ ਭਾਰਤੀ ਸੱਭਿਆਚਾਰ ਸਾਡੀ ਪਛਾਣ ਨੂੰ ਪਰਿਭਾਸ਼ਤ ਕਰਦਾ ਹੈ ਤੇ ਅਜਿਹੇ ਸਮਾਗਮ ਬੱਚਿਆਂ ਵਿੱਚ ਆਪਣੀਆਂ ਪ੍ਰੰਪਰਾਵਾਂ ਪ੍ਰਤੀ ਸਤਿਕਾਰ ਤੇ ਮਾਣ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਸਮਾਗਮ ਲਈ ਵਧਾਈ ਦਿੱਤੀ। ਅੰਤ ਵਿੱਚ, ਸਕੂਲ ਪ੍ਰਸ਼ਾਸਨ ਨੇ ਸਾਰੇ ਮੁੱਖ ਮਹਿਮਾਨਾਂ, ਪ੍ਰਬੰਧਨ ਕਮੇਟੀ ਦੇ ਮੈਂਬਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਤੀਜ ਜਸ਼ਨ ਨੇ ਨਾ ਸਿਰਫ਼ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ, ਬਲਕਿ ਜਲਾਲਾਬਾਦ ਦੇ ਅਮੀਰ ਪੰਜਾਬੀ ਸੱਭਿਆਚਾਰ ਤੇ ਪ੍ਰੰਪਰਾਵਾਂ ਦੀ ਇੱਕ ਸੁੰਦਰ ਝਲਕ ਵੀ ਪੇਸ਼ ਕੀਤੀ।

## ਡਾ. ਅਮਰ ਸਿੰਘ ਨੇ ਦੋਰਾਹਾ ਓਵਰਬ੍ਰਿਜ ਸਮੇਤ ਅਹਿਮ ਮੁੱਦੇ ਰੇਲ ਮੰਤਰੀ ਕੋਲ ਉਠਾਏ



ਰਾਏਕੋਟ (ਸੰਤੋਖ ਗਿੱਲ)-ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਾਤ ਕਰਕੇ ਆਪਣੇ ਹਲਕੇ ਨਾਲ ਸਬੰਧਿਤ ਕਈ ਅਹਿਮ ਮੁੱਦੇ ਉਠਾਏ। ਉਨ੍ਹਾਂ ਰਾਏਕੋਟ ਰੇਲ ਲਾਈਨ, ਦੋਰਾਹਾ ਰੇਲਵੇ ਓਵਰਬ੍ਰਿਜ ਅਤੇ ਵੱਖ-ਵੱਖ ਸਟੇਸ਼ਨਾਂ 'ਤੇ ਰੇਲ ਸੇਵਾਵਾਂ ਵਧਾਉਣ ਦੀ ਮੰਗ ਵੀ ਰੱਖੀ। ਮੁਲਾਕਾਤ ਦੌਰਾਨ ਡਾ. ਅਮਰ ਸਿੰਘ ਨੇ ਮੁੱਲਾਂਪੁਰ-ਰਾਏਕੋਟ-ਬਰਨਾਲਾ 53 ਕਿੱਲੋਮੀਟਰ ਨਵੀਂ ਰੇਲਵੇ ਲਾਈਨ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ। ਉਨ੍ਹਾਂ ਕਿਹਾ ਕਿ ਇੱਕ ਮਹੱਤਵਪੂਰਨ ਇਤਿਹਾਸਕ ਸ਼ਹਿਰ ਹੋਣ ਦੇ ਬਾਵਜੂਦ ਅਜੇ ਤੱਕ ਰੇਲਵੇ ਰਾਹੀਂ ਦੇਸ਼ ਨਾਲ ਜੋੜੇ ਜਾਣ ਤੋਂ ਵਾਂਝਾ ਹੀ ਰਹਿ ਗਿਆ ਹੈ।ਉਨ੍ਹਾਂ ਦੋਰਾਹਾ ਰੇਲਵੇ ਓਵਰਬ੍ਰਿਜ ਦੇ ਨਿਰਮਾਣ ਵਿੱਚ ਹੋ ਰਹੀ ਦੇਰੀ ਦਾ ਮੁੱਦਾ ਵੀ ਰੇਲ ਮੰਤਰੀ ਦੇ ਧਿਆਨ ਵਿੱਚ ਲਿਆਂਦਾ। ਉਨ੍ਹਾਂ ਦੱਸਿਆ ਕਿ ਪ੍ਰਾਜੈਕਟ ਨੂੰ ਮਨਜ਼ੂਰੀ ਮਿਲੇ ਦੋ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਪਰ ਢਿੱਲੀ ਕਾਰਗੁਜ਼ਾਰੀ ਕਾਰਨ ਇਸ 'ਤੇ ਅਜੇ ਤੱਕ ਲੋੜੀਂਦੀ ਪ੍ਰਗਤੀ ਨਹੀਂ ਹੋਈ।ਉਨ੍ਹਾਂ ਉਮੀਦ ਪ੍ਰਗਟਾਈ ਕਿ ਰੇਲ ਮੰਤਰਾਲਾ ਲੋਕ ਹਿਤ ਨੂੰ ਧਿਆਨ ਵਿੱਚ ਰੱਖਦਿਆਂ ਇਨ੍ਹਾਂ ਮੰਗਾਂ 'ਤੇ ਜਲਦ ਲੋੜੀਂਦੇ ਕਦਮ ਚੁੱਕੇਗਾ।

## ਐੱਨ ਐੱਚ ਐੱਮ ਮੁਲਾਜ਼ਮਾਂ ਦੀ ਹੜਤਾਲ ਕਾਰਨ ਸਿਹਤ ਸੇਵਾਵਾਂ ਹੋਈਆਂ ਪ੍ਰਭਾਵਿਤ

**ਤਰਨ ਤਾਰਨ/ਚੋਹਲਾ ਸਾਹਿਬ (ਰਮਨ ਚੱਢਾ)**- ਸਿਹਤ ਵਿਭਾਗ ਵਿੱਚ ਯੋਗ ਪ੍ਰਣਾਲੀ ਰਾਹੀਂ ਭਰਤੀ ਕੀਤੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਪਿਛਲੇ ਪੰਦਰ੍ਹਾਂ ਵੀਹ ਸਾਲਾਂ ਤੋਂ ਠੇਕੇ ਤੇ ਕੰਮ ਕਰਦੇ ਕੱਚੇ ਸਿਹਤ ਮੁਲਾਜ਼ਮਾਂ ਨਾਲ ਪੱਕੇ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਸੱਤਾ ਦੇ ਨਸ਼ੇ ਵਿੱਚ ਆਪਣੇ ਵਾਅਦਿਆਂ ਭੱਜਦੀ ਨਜ਼ਰ ਆ ਰਹੀ ਹੈ। ਐੱਨ. ਐੱਚ. ਐੱਮ. ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਸਬੰਧ ਵਿੱਚ ਪਹਿਲਾਂ ਵਾਂਗ ਪੰਜਾਬ ਸਰਕਾਰ ਨੇ ਲਾਰਾ ਲਾਊ ਅਤੇ ਡੰਗ ਟਪਾਊ ਨੀਤੀ ਅਪਣਾਉਂਦਿਆਂ ਐੱਨ. ਐੱਚ. ਐੱਮ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਲਈ ਅਜੇ ਤੱਕ ਕੋਈ ਸਪੱਸ਼ਟ ਹਾਂ ਪੱਖੀ ਹੁੰਗਾਰਾ ਨਾ ਭਰਿਆ ਹੈ ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸਦੇ ਸਿੱਟੇ ਵਜੋਂ ਐੱਨ ਐੱਚ ਐਮ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਆਪਣਾ ਰੋਸ ਪ੍ਰਗਟ ਕਰਦਿਆਂ 13 ਅਤੇ 14 ਅਗਸਤ ਦੀ ਰੋਜ਼ਾ ਹੜਤਾਲ ਦਾ ਐਲਾਨ ਕੀਤਾ ਹੋਇਆ ਹੈ। ਇਸ ਹੜਤਾਲ ਦੇ ਪਹਿਲੇ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਦੇ ਸਮੂਹ ਕਰਮਚਾਰੀਆਂ ਦੀ ਹੜਤਾਲ ਕਾਰਨ ਸਿਹਤ ਸੇਵਾਵਾਂ ਬੁਰੀ ਤਰਾਂ ਪ੍ਰਭਾਵਿਤ ਰਹੀਆਂ।



## ਮਾਤਾ ਚਿੰਤਪੁਰਨੀ ਦੇ ਲੰਗਰ ਲਈ ਰਾਸ਼ਨ ਦੀ ਗੱਡੀ ਰਵਾਨਾ

**ਚੋਹਲਾ ਸਾਹਿਬ (ਰਮਨ ਚੱਢਾ)**- ਚੋਹਲਾ ਸਾਹਿਬ ਤੋਂ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਚਿੰਤਪੁਰਨੀ ਦੇ ਦਰਬਾਰ 'ਚ ਲਗਾਏ ਜਾਣ ਵਾਲੇ ਲੰਗਰ ਭੰਡਾਰੇ ਲਈ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਇਸ ਸ਼ੁੱਭ ਦਿਹਾੜੇ 'ਤੇ ਆਯੋਜਿਤ ਧਾਰਮਿਕ ਸਮਾਗਮ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਨੇ ਆਪਣੇ ਸਾਥੀਆਂ ਸਮੇਤ ਸ਼ਿਰਕਤ ਕੀਤੀ।ਸਮਾਗਮ ਦੌਰਾਨ ਰਮਨਦੀਪ ਸਿੰਘ ਭਰੋਵਾਲ ਨੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਝੰਡਾ ਰਸਮ ਅਦਾ ਕੀਤੀ। ਇਸ ਤੋਂ ਬਾਅਦ ਮਾਤਾ ਦੇ ਦਰਬਾਰ ਭੇਜੇ ਜਾਣ ਵਾਲੇ ਰਾਸ਼ਨ ਨਾਲ ਭਰੀ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸਰਕਲ ਜਨਰਲ ਸਕੱਤਰ ਜਵਾਹਰ ਨਈਅਰ, ਦਿਲਬਾਗ ਸਿੰਘ, ਨਿਸ਼ਾਨ ਸਿੰਘ ਬ੍ਰਹਮਪੁਰਾ ਅਤੇ ਲੱਖਾ ਸਿੰਘ ਸਮੇਤ ਹੋਰ ਵੀ ਸ਼ਰਧਾਲੂ ਤੇ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਮਾਨ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਆਮ ਲੋਕਾਂ ਲਈ ਲਾਹੇਵੰਦ : ਸਰਪੰਚ ਮਨਜੀਤ ਕੌਰ

**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**- ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਆਮ ਲੋਕਾਂ ਲਈ ਬੇਹੱਦ ਲਾਹੇਵੰਦ ਸਾਬਤ ਹੋ ਰਹੀਆਂ ਹਨ।ਮੁੱਖ ਮੰਤਰੀ ਅਤੇ ਵਿਧਾਇਕ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ ਅਤੇ ਮੌਕੇ 'ਤੇ ਹੀ ਹੱਲ ਕਰਨ ਲਈ ਯਤਨ ਕਰ ਰਹੇ ਹਨ।ਪਿੰਡ ਝੰਡੇ ਵਿਖੇ ਆਮ ਆਦਮੀ ਪਾਰਟੀ ਵੱਲੋਂ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਇਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨਾਲ ਲੋੜਵੰਦ ਪਰਿਵਾਰਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ।ਇਸ ਮੌਕੇ ਸਰਪੰਚ ਮਨਜੀਤ ਕੌਰ, ਡੀਪੂ ਹੋਲਡਰ ਬਲਵਿੰਦਰ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਮੈਂਬਰ ਵੀ ਹਾਜ਼ਰ ਸਨ।



## ਸ਼ੁੱਕਰਵਾਰ ਨੂੰ ਡਰਾਈ ਡੇ ਦਿਵਸ ਵਜੋਂ ਮਨਾਇਆ

**ਟਾਂਗਰਾ (ਲਾਡੀ ਮੱਲ੍ਹੀ)**- ਸ਼ੁੱਕਰਵਾਰ ਨੂੰ ਡਰਾਈ ਡੇ ਵਜੋਂ ਮਨਾਉਂਦਿਆਂ ਅਤੇ ਡੇਂਗੂ/ਮਲੇਰੀਆ ਐਕਟੀਵਿਟੀ ਦੌਰਾਨ ਪਿੰਡ ਮੱਲੀਆਂ ਵਿਖੇ ਸਿਵਲ ਸਰਜਨ ਅੰਮ੍ਰਿਤਸਰ ਡਾ. ਰਸ਼ਮੀ ਦੇ ਦਿਸ਼ਾ ਨਿਰਦੇਸ਼ ਅਤੇ ਮਲੇਰੀਆ ਅਫਸਰ ਡਾ. ਹਰਜੋਤ ਕੌਰ ਦੀ ਨਿਗਰਾਨੀ ਮੁਤਾਬਕ ਐੱਸ ਐੱਮ ਓ ਡਾ. ਜਸਪਾਲ ਸਿੰਘ ਸੀ ਐੱਚ ਸੀ ਮਾਨਾਵਾਲਾ ਦੀ ਅਗਵਾਈ ਹੇਠ ਸੁਪਰਵਾਈਜ਼ਰ ਬਲਰਾਜ ਸਿੰਘ, ਸੁਪਰਵਾਈਜ਼ਰ ਜਗਦੀਸ਼ ਸਿੰਘ, ਸੁਪਰਵਾਈਜ਼ਰ ਜਗਜੀਤ ਸਿੰਘ , ਸਰਪੰਚ ਨਵ ਕਿਰਨ ਸਿੰਘ ਮੱਲੀਆਂ ਅਤੇ ਬਲਬੀਰ ਸਿੰਘ ਜੰਡ ਵੱਲੋਂ ਪੰਪ ਸਪਰੇਅ ਅਤੇ ਫੋਗ ਸਪਰੇਅ ਕਰਵਾਈ ਗਈ ਜਿਸ ਵਿੱਚ ਪੈਰੀਥਰਮ ਤੇ ਟੈਮੀਫਾਸ ਨਾਮ ਦੀ ਦਵਾਈ ਦੀ ਵਰਤੋਂ ਕੀਤੀ ਗਈ। ਐੱਸ ਐਮ ਓ ਡਾ. ਜਸਪਾਲ ਸਿੰਘ ਅਤੇ ਸਰਪੰਚ ਨਵਕਿਰਨ ਸਿੰਘ ਨੇ ਕਿਹਾ ਕਿ ਪਿੰਡ ਮੱਲ੍ਹੀਆਂ ਵਿੱਚ ਸਮੇਂ ਸਮੇਂ 'ਤੇ ਸਪਰੇਅ ਕਰਵਾ ਕੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਦਾ ਖਿਆਲ ਰੱਖਿਆ ਜਾਵੇਗਾ।ਇਸ ਸਮੇਂ ਕਮਿਊਨਿਟੀ ਹੈਲਥ ਅਫਸਰ ਜਸਦੀਪ ਕੌਰ, ਅਤੇ ਮਲਟੀਪਰਪਜ਼ ਹੈਲਥ ਅਫਸਰ ਸਰਬਜੀਤ ਕੌਰ ਨੇ ਵੀ ਹਾਜ਼ਰ ਹੋ ਕੇ ਆਪਣੀ ਡਿਊਟੀ ਨਿਭਾਈ।



## ਅੰਤਰ-ਸਕੂਲ ਮੁਕਾਬਲਿਆਂ 'ਚ ਬਾਜ਼ੀ ਮਾਰੀ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਸ੍ਰੀ ਹਰਿਕ੍ਰਿਸ਼ਨ ਪਬਲਿਕ ਸਕੂਲ, ਝਬਾਲ ਵਿਖੇ ਫੈਂਸੀ ਡਰੈਸ, ਸਲੋਗਨ ਲਿਖਣ ਅਤੇ ਰੰਗੋਲੀ ਬਣਾਉਣ ਦੇ ਅੰਤਰ-ਸਕੂਲ ਮੁਕਾਬਲੇ ਕਰਵਾਏ ਗਏ ਜੇ. ਆਰ. ਐੱਸ. ਡੀ.ਏ.ਵੀ. ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਮੈਡਮ ਆਸਥਾ ਦੀ ਅਗਵਾਈ ਹੇਠ ਉਤਸ਼ਾਹਪੂਰਵਕ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ ਦੌਰਾਨ ਸੱਤਵੀਂ ਜਮਾਤ ਦੀ ਵਿਦਿਆਰਥਣ ਨਵਨੀਤ ਕੌਰ ਅਤੇ ਵਿਦਿਆਰਥੀ ਅੰਸ਼ਦੀਪ ਸਿੰਘ ਨੇ ਰੰਗੋਲੀ ਪ੍ਰਤੀਯੋਗਤਾ ਵਿੱਚ ਭਾਗ ਲਿਆ। ਪੰਜਵੀਂ ਜਮਾਤ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਸਲੋਗਨ ਲਿਖਣ ਅਤੇ ਤੀਸਰੀ ਜਮਾਤ ਦੀ ਵਿਦਿਆਰਥਣ ਸੁਖਲੀਨ ਕੌਰ ਨੇ ਫੈਂਸੀ ਡਰੈੱਸ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਸਰੀ ਜਮਾਤ ਦੀ ਵਿਦਿਆਰਥਣ ਸੁਖਲੀਨ ਕੌਰ ਨੇ ਫੈਂਸੀ ਡਰੈੱਸ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਜਦਕਿ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਸਟਾਫ਼ ਮੈਂਬਰਾਂ ਅਤੇ ਭਾਗ ਲੈਣ ਵਾਲੇ ਬੱਚਿਆਂ ਦੀ ਭੂਰਪੂਰ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ।



## ਤੀਆਂ ਮੌਕੇ ਕਰਵਾਏ ਫੁੱਲਕਾਰੀ ਤੇ ਮਹਿੰਦੀ ਦੇ ਮੁਕਾਬਲੇ

**ਝਬਾਲ, ਸਰਾਏ ਅਮਾਨਤ ਖਾਂ (ਹਰਜਿੰਦਰ ਸਿੰਘ ਸੋਨੀ, ਮੱਖਣ ਮਨੋਜ)**- ਬਾਬਾ ਸੰਤੋਖ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ ਨੇ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਤੀਆਂ ਦਾ ਤਿਉਹਾਰ ਧੀਆਂ ਦਾ ਤਿਉਹਾਰ ਹੁੰਦਾ ਹੈ, ਇਸਨੂੰ ਪੂਰੇ ਚਾਵਾਂ ਨਾਲ ਮਨਾਉਣਾ ਚਾਹੀਦਾ ਹੈ।ਇਸ ਦੌਰਾਨ ਪ੍ਰੋ. ਹਰਪ੍ਰੀਤ ਕੌਰ ਅਤੇ ਪ੍ਰੋ. ਅਕਵਿੰਦਰ ਕੌਰ ਦੀ ਅਗਵਾਈ ਹੇਠ ਨਵੀਂ ਪੀੜ੍ਹੀ ਨੂੰ ਭੁੱਲੀਆਂ ਰਵਾਇਤਾਂ ਯਾਦ ਕਰਾਉਣ ਲਈ ਫੁਲਕਾਰੀ ਕੱਢਣ, ਮਹਿੰਦੀ ਮੁਕਾਬਲਾ ਅਤੇ ਬੋਲੀਆਂ ਦੇ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਵਿਦਿਆਰਥਣਾਂ ਨੇ ਰਵਾਇਤੀ ਢੰਗ ਨਾਲ ਗਿੱਧਾ ਪਾ ਕੇ ਖੂਬ ਆਨੰਦ ਮਾਣਿਆ।ਇਸ ਮੌਕੇ ਪ੍ਰੋ. ਚੰਦਪ੍ਰੀਤ ਕੌਰ, ਪ੍ਰੋ. ਕਵਲਪ੍ਰੀਤ ਕੌਰ, ਪ੍ਰੋ. ਪਲਵਿੰਦਰ ਕੌਰ, ਪ੍ਰੋ. ਸਿਮਰਨਜੀਤ ਕੌਰ ਆਦਿ ਹਾਜ਼ਰ ਸਨ।




## ਭਾਰਤ ਨੂੰ ਦੁਬਾਰਾ ਨਹੀਂ ਵੰਡਣ ਦਿੱਤਾ ਜਾਵੇਗਾ : ਤਰੁਣ ਚੁੱਘ

